

ਸਚਖੰਡ ਵਾਸੀ ਸ. ਰਘਬੀਰ ਸਿੰਘ ਜੀ ਬੀਰ (7 ਅਕਤੂਬਰ 1896 - 14 ਅਪ੍ਰੈਲ 1974) ਜਿਥੇ ਆਪਣੇ ਜੀਵਨ ਕਾਲ ਵਿੱਚ ਦੇਸ਼ ਵਿਦੇਸ਼ ਦੂਰ ਦੂਰ ਤਕ ਪੁਜ ਕੇ ਆਤਮ-ਖੋਜੀਆਂ ਨੂੰ ਆਤਮਾ-ਪਰਮਾਤਮਾ ਬਾਰੇ ਗੰਭੀਰ ਤੇ ਗੂੜ੍ਹ ਵਾਕਫ਼ੀ ਦਿਆ ਕਰਦੇ ਸਨ, ਉਥੇ ਉਹਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਉਹਨਾਂ ਲੋਕਾਂ ਨੂੰ ਵੀ ਗੁਰਮਤ ਗਾਡੀ ਰਾਹ ਤੇ ਪਾਇਆ, ਜਿਹੜੇ ਕਿ ਉਹਨਾਂ ਦੇ ਦਰਸ਼ਨ ਨਹੀਂ ਕਰ ਸਕੇ। ਉਹਨਾਂ ਦੀ ਛੁਹ ਅੰਦਰ ਜੋ ਵੀ ਆਇਆ, ਉਹ ਨਿਹਾਲ ਹੋ ਕੇ ਗਿਆ। ਸੈਂਕੜੇ ਹੀ ਨਹੀਂ, ਹਜ਼ਾਰਾਂ ਵਿਅਕਤੀਆਂ ਨੂੰ ਬੀਰ ਜੀ ਨੇ ਨਾਮ-ਰਸੀਆ ਬਣਾ ਕੇ ਉਹਨਾਂ ਨੂੰ ਇਕ ਨਵਾਂ ਜੀਵਨ ਦਿੱਤਾ।

ਵੈਦ, ਡਾਕਟਰ ਭਾਵੇਂ ਕਿਤਨੇ ਇਕੱਠੇ ਹੋ ਕੇ ਵੀ ਕਿਸੇ ਬਿਮਾਰ ਦਾ ਇਲਾਜ ਕਰਨ ਪਰ ਮਰੀਜ਼ ਰਾਜ਼ੀ ਉਦੋਂ ਹੀ ਹੋਵੇਗਾ, ਜਦ ਅੰਦਰੋਂ ਉਸਨੂੰ ਵਾਹਿਗੁਰੂ ਜੀ ਰਾਜ਼ੀ ਕਰਨਗੇ ।

ਵੈਦ ਸੰਦਾ ਸੰਗ ਇਕੱਠਾ ਹੋਇਆ ।
ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ।

( ਪੰਨਾ ੨ )

---

ਗੁਰਮਤ ਅਨੁਸਾਰ ਨਾਮ ਜਪਣ ਨਾਲ ਪਹਿਲੇ ਨਾਮੀ (ਵਾਹਿਗੁਰੂ ਜੀ ) ਦੀਆਂ ਸਿਫਤਾਂ ਦਾ ਰੰਗ ਨਾਮ ਜਪਣ ਵਾਲੇ ਤੇ ਚੜ੍ਹਦਾ ਹੈ ਅਤੇ ਪਿਛੋਂ ਹੌਲੀ ਹੌਲੀ ਨਾਮੀ ਦਾ ਰੂਪ ਨਾਮੀ ਵਰਗਾ ਹੋ ਜਾਂਦਾ ਹੈ । ਜੋ ਅਉਗੁਣ ਵਾਹਿਗੁਰੂ ਵਿੱਚ ਨਹੀਂ, ਉਹ ਨਾਮ ਜਪਣ ਵਾਲੇ ਵਿੱਚ ਵੀ ਨਹੀਂ ਰਹਿੰਦੇ ਅਤੇ ਜੋ ਗੁਣ ਵਾਹਿਗੁਰੂ ਜੀ ਵਿੱਚ ਹਨ, ਉਹ ਗੁਣ ਨਾਮ ਜਪਣ ਵਾਲੇ ਵਿੱਚ ਆ ਜਾਂਦੇ ਹਨ ਅਤੇ ਗੁਰਮਤ ਦਾ ਵੱਡਾ ਸਿਧਾਂਤ "ਜੈਸਾ ਸੇਵੈ ਤੈਸੋ ਹੋਏ" ਨਾਮ ਨਾਮ ਜਪਣ ਵਾਲੇ ਜੀਵਨ ਵਿੱਚ ਪ੍ਰਤੱਖ ਪੂਰਾ ਹੁੰਦਾ ਹੈ ।

( ਪੰਨਾ ੧੦-੧੧ )

ਆਤਮ ਸਾਇੰਸ ਟ੍ਰਸਟ
A/1 ਕਾਲਿੰਦੀ ਕਾਲੋਨੀ, ਨਵੀਂ ਦਿੱਲੀ-65

ਸਰਬ ਰੋਗ ਕਾ ਅਉਖਦੁ ਨਾਮੁ
ਰਘਬੀਰ ਸਿੰਘ ਬੀਰ

# ਸਰਬ ਰੋਗ ਕਾ ਅਉਖਦੁ ਨਾਮੁ



## ਰਘਬੀਰ ਸਿੰਘ ਬੀਰ

# ਸਰਬ ਰੋਗ ਕਾ
# ਅਉਖਦੁ ਨਾਮੁ

ਰਘਬੀਰ ਸਿੰਘ 'ਬੀਰ'

ਆਤਮ ਸਾਇੰਸ ਟਰੱਸਟ

ਸਭ ਹੱਕ ਆਤਮ ਸਾਇੰਸ ਟਰੱਸਟ ਦੇ ਰਾਖਵੇਂ ਹਨ

ਦੂਜੀ ਵਾਰ - 1979
ਤੀਜੀ ਵਾਰ - 1995
ਚੌਥੀ ਵਾਰ - 2000
ਪੰਜਵੀਂ ਵਾਰ - 2007

ਭੇਟਾ 80

ਪ੍ਰਕਾਸ਼ਕ
ਆਤਮ ਸਾਇੰਸ ਟਰੱਸਟ
ਏ/1, ਕਾਲਿੰਦੀ ਕਲੋਨੀ, ਨਵੀਂ ਦਿੱਲੀ - 110065

# ਤੱਤਕਰਾ

ਭੂਮਿਕਾ (i)
ਪ੍ਰਾਕੱਥਨ (iv)
1. ਸਰਬ ਰੋਗ ਕਾ ਅਉਖਦੁ ਨਾਮੁ 1
2. ਜਗਤ ਸੁਪਨਾ 6
3. ਜਗਤ ਸੁਪਨਾ ਹੈ (ਵਸ਼ਿਸ਼ਟ ਯੋਗ) 11
4. ਸੁਪਨਾ (Dream) 27
5. ਜਗਤ ਰਚਨਾ ਸੁਪਨਾ ਹੈ 34
6. ਸੁਪਨਾ 38
7. ਅਸੀਂ ਸਰੀਰ ਨਹੀਂ 43
8. ਅਸੀਂ ਸਰੀਰ ਵਿਚ ਰਹਿਣ ਵਾਲੇ ਹਾਂ 45
9. ਕਾਇਆ ਮਿਟੀ ਅੰਧੁ ਹੈ 48
10. ਬੀਮਾਰੀ 52
11. ਬੀਮਾਰ ਕੌਣ ਹੁੰਦਾ ਹੈ? 61
12. ਆਤਮਕ ਅਜ਼ਮਾਇਸ਼ ਘਰ 65
13. ਖਤਰਾ 70
14. ਸੁਪਨੇ ਵਿਚ ਨਿਸਚੇ ਦੀ ਸ਼ਕਤੀ 73
15. ਸ਼ਰੋਮਣੀ ਦਾਅਵਾ 81
16. ਗਿਆਨ ਤੇ ਉਸ ਦੀ ਵਰਤੋਂ 92
17. ਪਾਪ ਅਤੇ ਬਖਸ਼ਿਸ਼ 98

18. ਗੁਰਮੁਖ 103
19. ਬਦੀ ਤੇ ਫਤਹਿ 108
20. ਬਦੀ ਦੀ ਅਸਲੀਅਤ 112
21. ਕਈ ਮਹਾਤਮਾ ਵੀ ਕਿਉਂ ਬੀਮਾਰ ਹੁੰਦੇ ਹਨ? 122
22. ਅਸੀਂ ਹਰ ਕਿਸਮ ਦੇ ਡਰ ਤੇ ਕਾਬੂ ਪਾ ਸਕਦੇ ਹਾਂ 129
23. ਗੁਰੂ ਹਰਿਕ੍ਰਿਸ਼ਨ ਜੀ ਦੀ ਬੀਮਾਰੀ 136
24. ਵਾਹਿਗੁਰੂ ਸਰਬ ਵਿਆਪੀ ਹੈ 144
25. ਜੀਵਨ (Life) 148
26. ਬੀਮਾਰੀ ਤੇ ਉਸ ਦਾ ਇਲਾਜ ... 155
27. ਸਰਬ ਵਿਆਪਕਤਾ ਤਾ ਮਤਲਬ 158
28. ਸਰੀਰਕ ਆਯੂ 162
29. ਉੱਨਤੀ ਦਾ ਰੁਖ 166
30. ਜੈਸਾ ਸੇਵੈ ਤੈਸੋ ਹੋਇ 172
31. ਵਾਹਿਗੁਰੂ ਦੀ ਵਿਆਪਕਤਾ ਤੇ ਸ਼ਕਤੀਮਾਨਤਾ 183
32. ਮਨ ਤੇ ਜਗਤ ਰਚਨਾ 189
33. ਮਹਾਨ ਸ਼ਕਤੀ 192
34. ਵਾਹਿਗੁਰੂ ਜੀ ਦੀ ਸਰਬ ਵਿਆਪਕਤਾ 199
35. ਮਨਮਤ ਦੇ ਗ਼ਲਤ ਅਤੇ ਗੁਰਮਤ ਦੇ ਸਚੇ ਤੇ ਸੁਚੇ ਨਿਸਚੇ 206



# ਭੂਮਿਕਾ

## ਸਰਬ ਰੋਗ ਕਾ ਅਉਖਦੁ ਨਾਮੁ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਉਕਤ ਮਹਾਂਵਾਕ ਪੜ੍ਹ ਕੇ ਹਰ ਪੁਰਸ਼ ਦਾ ਦਿਲ ਕਰਦਾ ਹੈ ਕਿ ਉਹ ਆਪਣੇ ਮਨ ਤੇ ਤਨ ਦੇ ਸਾਰੇ ਰੋਗ ਕੇਵਲ ਨਾਮ ਨਾਲ ਹੀ ਰਾਜ਼ੀ ਕਰੇ। ਗੁਰਬਾਣੀ ਵਿਚ ਉਕਤ ਮਹਾਂਵਾਕ ਦੀ ਪਰੋੜਤਾ ਵਿਚ ਹੋਰ ਵੀ ਕਈ ਸ਼ਬਦ ਹਨ ਜਿਹਾ ਕਿ:

*ਦੂਖ ਭੰਜਨੁ ਤੇਰਾ ਨਾਮੁ ਜੀ ਦੂਖ ਭੰਜਨੁ ਤੇਰਾ ਨਾਮੁ॥*
*ਆਠ ਪਹਰ ਅਰਾਧੀਐ ਪੂਰਨ ਸਤਿਗੁਰ ਗਿਆਨੁ॥*

*ਅੰਗ - 218*

*ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ॥*
*ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ॥*

*ਅੰਗ - 817*

ਅਤੇ ਇਹ ਸੋਲ੍ਹਾਂ ਆਨੇ ਪੂਰੀ ਸਚਾਈ ਹੈ। ਕਿਉਂਕਿ ਮਨ 'ਚ ਇਕੋ ਵੇਲੇ ਇਕ ਅਤੇ ਕੇਵਲ ਇਕ ਖਿਆਲ ਜਾਂ ਫੁਰਨਾ ਹੀ ਆ ਸਕਦਾ ਜਾਂ ਠਹਿਰ ਸਕਦਾ ਹੈ। ਜਿਸ ਮਨ ਵਿਚ 'ਆਠ ਪਹਿਰ' ਵਾਹਿਗੁਰੂ ਜੀ ਦਾ ਨਾਮ ਜਾਂ ਵਾਹਿਗੁਰੂ ਜੀ ਦੀ ਯਾਦ ਵਸੇ, ਉਸ ਮਨ ਵਿਚ, ਬਦੀ ਦਾ ਖਿਆਲ - ਕਿਸੇ ਤਨ ਤੇ ਮਨ ਦੇ ਰੋਗ

ਦਾ ਖਿਆਲ ਰਹਿ ਨਹੀਂ ਸਕਦਾ। ਗੁਰਮਤ ਦਾ ਇਹ ਸਿਧਾਂਤ ਹੈ ਕਿ 'ਜੈਸਾ ਸੇਵੈ ਤੈਸੋ ਹੋਇ।' ਜਿਸ ਮਨ ਵਿਚ ਅਠੇ ਪਹਿਰ ਵਾਹਿਗੁਰੂ ਜੀ ਦੇ ਨਾਮ ਦਾ ਨਿਵਾਸ ਰਹੇ, ਜ਼ਰੂਰੀ ਹੈ ਕਿ ਉਸ ਮਨ ਵਿਚ ਵਾਹਿਗੁਰੂ ਜੀ ਤੋਂ ਉਲਟ ਬਦੀ - ਪਾਪ, ਦੁਖ, ਬਿਮਾਰੀ ਤੇ ਮੌਤ ਦਾ ਕਿਸੇ ਸੂਰਤ ਵਿਚ ਖਿਆਲ ਨਾ ਆਵੇ। ਜੇ ਬਦੀ ਦਾ ਖਿਆਲ ਹੀ ਨਾ ਆਵੇ, ਤਾਂ ਉਹ ਤਨ ਅਤੇ ਮਨ ਤੇ ਆਪਣਾ ਵਾਰ ਕਰ ਹੀ ਨਹੀਂ ਸਕਦੀ। ਪਰ ਇਸ ਅਵਸਥਾ ਵਿਚ ਖੇਡ ਉਹ ਗੁਰਮੁਖ ਹੀ ਸਕਦੇ ਹਨ ਜਿਹੜੇ 'ਆਠ ਪਹਿਰ ਅਰਾਧਹੁ' ਦਾ ਜਾਂ ਨਾਮ ਜਪਣ ਦਾ ਜੀਵਨ ਬਤੀਤ ਕਰਦੇ ਹੋਣ। ਇਹ ਸਭ ਤੋਂ ਉਤਮ ਅਵਸਥਾ ਹੈ ਅਤੇ ਹਰ ਗੁਰਸਿਖ ਦਾ ਨਿਸ਼ਾਨਾ ਆਪਣੇ ਜੀਵਨ ਵਿਚ 'ਆਠ ਪਹਿਰ ਅਰਾਧਹੁ' ਦੀ ਅਵਸਥਾ ਵਿਚ ਪਹੁੰਚਣਾ ਹੈ।

*ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੇ॥*

*ਅੰਗ - 820*

ਇਸਦਾ ਮਤਲਬ ਇਹ ਵੀ ਨਹੀਂ ਕਿ ਗੁਰਸਿੱਖ ਨੇ ਸੌਣਾ ਹੀ ਨਹੀਂ। ਇਸ ਦਾ ਮਤਲਬ ਇਹ ਹੈ ਕਿ ਸਿਮਰਨ ਵਿਚ ਸੁਰਤ ਰਖ ਕੇ, ਵਾਹਿਗੁਰੂ ਜੀ ਦੀ ਯਾਦ ਵਿਚ ਸਰੀਰ ਦੀ ਲੋੜ ਅਨੁਸਾਰ ਗੁਰਸਿੱਖ ਨੇ ਸਹਿਜੇ ਹੀ ਸੌਣਾ ਤੇ ਸਹਿਜੇ ਹੀ ਜਾਗਣਾ ਹੈ।

ਪਰ ਆਠ ਪਹਿਰ ਅਰਾਧਨ ਵਾਲੀ ਉਚੀ ਅਵਸਥਾ ਵਿਚ ਜਿਹੜੇ ਗੁਰਸਿਖ ਅਜੇ ਤਕ ਨਹੀਂ ਪਹੁੰਚੇ, ਉਹਨਾਂ ਵਾਸਤੇ, ਗੁਰਬਾਣੀ ਅਨੁਸਾਰ, ਡਾਕਟਰਾਂ, ਹਕੀਮਾਂ ਦੀ ਸਹਾਇਤਾ ਲੈਣੀ ਅਤੇ ਦਵਾਈ ਦਾਰੂ ਵਰਤਣ ਦੀ ਮਨਾਹੀ ਵੀ ਨਹੀਂ। ਦਵਾਈ ਵਰਤਣ ਸਾਰ ਵਾਹਿਗੁਰੂ ਜੀ ਨੂੰ ਯਾਦ ਰਖਦਿਆਂ ਅਤੇ ਵਾਹਿਗੁਰੂ ਜੀ ਅਗੇ ਅਰਦਾਸ ਕਰਦਿਆਂ ਦਵਾਈ ਵਰਤਣ ਦੀ ਵੀ ਖੁਲ੍ਹ ਹੈ।

ਗੁਰਮਤ ਅਨੁਸਾਰ ਦਵਾਈ ਵਿਚ ਸ਼ਫ਼ਾਅ ਵਾਹਿਗੁਰੂ ਜੀ ਵਲੋਂ





ਪੈਂਦੀ ਹੈ। ਡਾਕਟਰੀ ਇਲਮ ਅਨੁਸਾਰ ਵੀ Healing comes from within, ਸ਼ਫ਼ਾਅ ਸਦਾ ਸਾਡੇ ਅੰਦਰੋਂ ਉਪਜਦੀ ਹੈ। ਦਵਾਈਆਂ ਕੇਵਲ ਰਾਜ਼ੀ ਹੋਣ ਵਿਚ ਮਦਦ ਕਰ ਸਕਦੀਆਂ ਹਨ, ਪਰ ਮਰੀਜ਼ ਰਾਜ਼ੀ ਆਪਣੇ ਅੰਦਰੋਂ ਵਾਹਿਗੁਰੂ ਜੀ ਦੀ ਕਿਰਪਾ ਨਾਲ ਹੁੰਦਾ ਹੈ।

*ਵੈਦਾ ਸੰਦਾ ਸੰਗੁ ਇਕੱਠਾ ਹੋਇਆ।*
*ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ॥*

*ਅੰਗ - 1363*

ਵੈਦ, ਡਾਕਟਰ ਭਾਵੇਂ ਕਿਤਨੇ ਇੱਕਠੇ ਹੋ ਕੇ ਵੀ ਕਿਸੇ ਬਿਮਾਰ ਦਾ ਇਲਾਜ ਕਰਨ ਪਰ ਮਰੀਜ਼ ਰਾਜ਼ੀ ਉਦੋਂ ਹੋਵੇਗਾ, ਜਦ ਅੰਦਰੋਂ ਉਸਨੂੰ ਵਾਹਿਗੁਰੂ ਜੀ ਰਾਜ਼ੀ ਕਰਨਗੇ। ਇਸ ਲਈ ਗੁਰਮਤ ਅਨੁਸਾਰ ਗੁਰਸਿਖ ਸਿਮਰਨ ਅਭਿਆਸੀ, ਡਾਕਟਰਾਂ ਦੀ ਸਲਾਹ ਨਾਲ ਆਪਣੀਆਂ ਬੀਮਾਰੀਆਂ ਦਾ ਇਲਾਜ ਵੀ ਕਰ ਸਕਦੇ ਹਨ, ਪਰ ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਲਾਜ ਆਪਣੇ ਆਪ ਵਿਚ ਹੀ ਕਾਫੀ ਨਹੀਂ, ਇਸ ਦੀ ਸਫਲਤਾ ਵਾਸਤੇ ਵਾਹਿਗੁਰੂ ਜੀ ਅਗੇ ਅਰਦਾਸ ਅਤੇ ਵਾਹਿਗੁਰੂ ਜੀ ਦੀ ਸਹਾਇਤਾ ਅਤਿ ਜ਼ਰੂਰੀ ਹੈ।

ਐਡੀਟਰ 'ਆਤਮ ਸਾਇੰਸ'

1-5-1965

# ਪ੍ਰਾਕਥਨ

ਪੁਸਤੱਕ 'ਸਰਬ ਰੋਗ ਕਾ ਅਉਖਦੁ ਨਾਮੁ' ਦੇ ਰਚੇਤਾ ਸ. ਰਘਬੀਰ ਸਿੰਘ ਜੀ ਬੀਰ ਮਹਾਨ ਅਨੁਭਵੀ ਪੁਰਸ਼ ਸਨ, ਜਿਨ੍ਹਾਂ ਨੇ ਗੁਰਬਾਣੀ ਨੂੰ ਨਾ ਕੇਵਲ ਪੜ੍ਹਿਆ, ਮਾਣਿਆ ਤੇ ਵਿਚਾਰਿਆ, ਸਗੋਂ ਇਸ ਵਿਚ ਦਰਸਾਏ ਭਾਵਾਂ ਨੂੰ ਅਮਲੀ ਰੂਪ ਵਿਚ ਗ੍ਰਹਿਣ ਕਰਨ ਲਈ ਕਰੜੀ ਘਾਲਨਾ ਘਾਲੀ। ਨਤੀਜੇ ਵਜੋਂ ਆਪ ਜੀ ਨੇ ਨਾਮ-ਅਭਿਆਸ ਰਾਹੀਂ ਜੋ ਅਨੁਭਵ ਪ੍ਰਾਪਤ ਕੀਤੇ, ਨਾਮ-ਸਿਮਰਨ ਤੋਂ ਜੋ ਸੁਖ, ਸਹਜ, ਅਨੰਦ ਮਾਣਿਆ, ਉਸ ਨੂੰ ਸਰਬ ਮਨੁੱਖਤਾ ਨਾਲ ਸਾਂਝਾ ਕਰਨ ਦਾ ਉਪਰਾਲਾ ਵੀ ਕੀਤਾ। 'ਸਰਬ ਰੋਗ ਕਾ ਅਉਖਦੁ ਨਾਮੁ' ਅਤੇ ਇਕ ਦਰਜਨ ਤੋਂ ਵੱਧ ਹੋਰ ਪੁੱਸਤਕਾਂ ਜਿਵੇਂ 'ਅਰਦਾਸ ਸ਼ਕਤੀ', 'ਸਿਮਰਨ ਮਹਿਮਾ', 'ਚੜ੍ਹਦੀ ਕਲਾ', 'ਗੁਰਮਤ ਚਾਨਣ', ਆਦਿ ਇਸ ਘਾਲਣਾ ਦਾ ਹੀ ਨਤੀਜਾ ਹਨ। ਇਨ੍ਹਾਂ ਪੁਸਤਕਾਂ ਨੇ ਲੱਖਾਂ ਪ੍ਰਾਣੀਆਂ ਨੂੰ ਗੁਰਬਾਣੀ ਅਤੇ ਨਾਮ-ਸਿਮਰਨ ਨਾਲ ਜੋੜ ਕੇ ਸੁਖੀ ਅਤੇ ਸਹਜਮਈ ਜੀਵਨ ਬਖਸ਼ਿਆ ਹੈ।

ਸ. ਰਘਬੀਰ ਸਿੰਘ ਬੀਰ (1896-1974) ਯੁਵਕ ਅਵਸੱਥਾ ਤੋਂ ਹੀ ਗੁਰਬਾਣੀ ਦੇ ਭੌਰੇ ਰਹੇ ਹਨ ਅਤੇ ਹਰ ਅਵਸੱਥਾ ਵਿਚ ਗੁਰਬਾਣੀ ਅਤੇ ਸਿਖ ਇਤਿਹਾਸ ਤੋਂ ਪ੍ਰੇਰਨਾ ਲੈਂਦੇ ਰਹੇ ਹਨ। 1919 ਵਿਚ ਜਲਿਆਂ ਵਾਲੇ ਬਾਗ ਦੇ ਦੁੱਖਾਂਤਕ ਸਾਕੇ ਨੇ ਆਪ ਅੰਦਰ





ਵਸਦੇ ਕਵੀ ਨੂੰ ਉਭਾਰਿਆ ਅਤੇ ਆਪ ਜੀ ਨੇ ਗੁਰਬਾਣੀ ਅਤੇ ਸਿਖ ਸਿਧਾਂਤਾ ਤੇ ਪਿਛੋਕੜ ਵਿਚ ਸਟੇਜਾਂ ਤੋਂ ਬੀਰ-ਰਸੀ ਕਵਿਤਾਵਾਂ ਬੋਲ ਕੇ ਲਖਾਂ ਹਿਰਦਿਆਂ ਨੂੰ ਝੰਜੋੜਿਆ। 'ਬੀਰ ਦੇ ਤੀਰ' ਖਾਲਸਈ ਸ਼ਾਨ ਅਤੇ ਰਮਜ਼ਾਂ ਇਸ ਸਮੇਂ ਦੀਆਂ ਅਨਮੋਲ ਰਚਨਾਵਾਂ ਹਨ। ਦੇਸ਼-ਪਿਆਰ ਦੀਆਂ ਭਾਵਨਾਵਾਂ ਦੇ ਪ੍ਰਗੱਟਾ ਅਤੇ ਪਾਸਾਰ ਲਈ ਆਪਨੇ ਕਲਕੱਤੇ ਤੋਂ ਰੋਜ਼ਾਨਾ ਪੰਜਾਬੀ ਅਖਬਾਰ 'ਦੇਸ਼ ਦਰਪਨ' ਕਢਿਆ। ਗੁਰਬਾਣੀ ਦੀ ਵਿਗਿਆਨਕ ਵਿਚਾਰਧਾਰਾ ਸਾਂਝੀ ਕਰਨ ਲਈ ਆਪ ਜੀ ਨੇ ਮੈਗਜ਼ੀਨ 'ਆਤਮ ਸਾਇੰਸ' ਦੀ ਨੀਂਹ ਰਖੀ। ਹਰ ਮਹੀਨੇ ਛੱਪਣ ਵਾਲੇ 'ਆਤਮ-ਸਾਇੰਸ' ਰਸਾਲੇ ਨੇ ਅਨਗਿਣਤ ਪਾਠਕ ਪੈਦਾ ਕੀਤੇ।

ਅਜਕਲ ਇਹ ਮੈਗਜ਼ੀਨ ਤਿਮਾਹੀ ਹੋਕੇ 'ਆਤਮ ਪਰਮਾਤਮ' ਨਾਮ ਹੇਠ ਆਤਮ ਸਾਇੰਸ ਟਰੱਸਟ ਵਲੋਂ ਸ. ਅਮਰਜੀਤ ਸਿੰਘ ਜੀ ਦੀ ਦੇਖ-ਰੇਖ ਹੇਠ 1936, ਫੇਜ਼ 10, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਛੱਪ ਰਿਹਾ ਹੈ ਅਤੇ ਬਿਨਾ-ਮੋਖ ਪ੍ਰਾਪਤ ਕੀਤਾ ਜਾ ਸਕਦਾ ਹੈ।

ਪੁੱਸਤਕ 'ਸਰਬ ਰੋਗ ਕਾ ਅਉਖਦੁ ਨਾਮੁ' ਵਿਚ ਗੁਰਬਾਣੀ ਦੇ ਇਸ ਮਹਾਨ ਸਿਧਾਂਤ ਨੂੰ ਵਿਚਾਰਿਆ ਗਿਆ ਹੈ ਕਿ ਗੁਰਬਾਣੀ ਕੇਵਲ ਮਾਨਸਿਕ ਅਤੇ ਆਤਮਕ ਸੁਖ ਸਾਂਤੀ ਹੀ ਨਹੀਂ ਬਖਸ਼ਦੀ ਸਗੋਂ ਇਸ ਵਿਚ ਦਰਸਾਈ ਨਾਮ-ਸਿਮਰਨ ਦੀ ਸਾਧਨਾ ਰਾਹੀਂ ਮਨ ਅਤੇ ਸਰੀਰ ਦੇ ਸਾਰੇ ਰੋਗ ਵੀ ਕਟੇ ਜਾ ਸਕਦੇ ਹਨ। ਸਰੀਰਕ ਰੋਗਾਂ ਦਾ ਇਲਾਜ ਮੈਡੀਕਲ ਸਾਇੰਸ ਪਾਸ ਨਹੀਂ, ਕੇਵਲ ਗੁਰਬਾਣੀ ਦੇ ਅਧਿਐਨ ਅਤੇ ਇਸ ਵਿਚ ਦਰਸਾਈ ਵਿਧੀ ਅਨੁਸਾਰ ਕੀਤੇ ਨਾਮ-ਸਿਮਰਨ-ਅਭਿਆਸ ਵਿਚ ਹੈ। ਇਸ ਨੂੰ ਅਮਲੀ ਰੂਪ ਵਿਚ ਵੇਖਣ ਲਈ ਸਭ ਤੋਂ ਪਹਿਲੀ ਲੋੜ ਇਹ ਹੈ ਕਿ ਗੁਰਬਾਣੀ ਨੂੰ ਗੁਰੂ-ਰੂਪ ਸਮਝ ਕੇ 'ਸਤਿ' 'ਸਤਿ' ਕਰਕੇ ਮੰਨੀਏ ਜਿਵੇਂ ਕਿ ਨਿਮਨ ਗੁਰਵਾਕ

ਤੋਂ ਦ੍ਰਿੜ ਹੁੰਦਾ ਹੈ -

*ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥* *ਅੰਗ - 308*

ਗੁਰਬਾਣੀ ਭਰੋਸਾ ਬਖਸ਼ਦੀ ਹੈ ਕਿ ਨਾਮ-ਸਿਮਰਨ ਰਾਹੀਂ ਵਾਹਿਗੁਰੂ ਨਾਲ ਜੁੜੇ ਹਰਿ-ਜਨ ਨੂੰ ਰੋਗ, ਸੋਗ, ਦੁਖ, ਬੁਢੇਪਾ ਅਤੇ ਮੌਤ ਪੋਹ ਨਹੀਂ ਸਕਦੇ, ਨੇੜੇ ਨਹੀਂ ਫਟਕ ਸਕਦੇ -

*ਰੋਗ ਸੋਗ ਦੂਖ ਜਰਾ ਮਰਾ ਹਰਿ·ਜਨਹਿ ਨਹੀ ਨਿਕਟਾਨੀ॥* *ਅੰਗ - 711*

ਬੀਰ ਜੀ ਨੇ ਇਸ ਸਿਧਾਂਤ ਨੂੰ ਅਨੇਕ ਪੱਖਾਂ ਤੋਂ ਵਿਚਾਰਿਆ ਹੈ, ਆਪ ਜੀਵਨ ਵਿਚ ਹੰਢਾਇਆ ਹੈ, ਅਨੁਭਵ ਵਿਚ ਉਤਾਰਨ ਲਈ ਨਾਮ-ਸਿਮਰਨ ਦੀ ਕਰੜੀ ਸਾਧਨਾ ਕੀਤੀ ਹੈ ਅਤੇ ਇਹ ਸਭ ਕੁਝ ਇਸ ਪੁਸੱਤਕ ਵਿਚ ਅਨੇਕਾਂ ਪ੍ਰਸੰਗਾਂ ਅਤੇ ਉਦਾਹਰਣਾ ਰਾਹੀਂ ਸਰਲ ਭਾਸ਼ਾ ਵਿਚ ਸਪਸ਼ਟ ਕੀਤਾ ਹੈ। ਅਧਿਆਤਮਕ ਮਾਰਗ ਤੇ ਚਲਣ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਸਰੀਰ, ਮਨ ਅਤੇ ਆਤਮਾ ਦਾ ਕੀ ਸੰਬੰਧ ਹੈ? ਜਿਵੇਂ ਰਾਤ ਨੂੰ ਸੁਪਨੇ ਵਿਚ ਸਿਰਜਿਆ ਸੰਸਾਰ ਜਾਗ ਖੁਲ੍ਹਣ ਤੇ ਸਤਿ ਨਹੀਂ ਲਗਦਾ, ਝੂਠਾ ਤੇ ਕਲਪਤ ਸਿਧ ਹੋ ਜਾਂਦਾ ਹੈ, ਤਿਵੇਂ ਹੀ ਦ੍ਰਿਸ਼ਟਮਾਨ ਸੰਸਾਰ ਵੀ ਮਿਥਿਆ ਹੈ। ਬੀਰ ਜੀ ਨੇ ਅਨੇਕ ਪਰਮਾਣਾਂ ਤੇ ਪ੍ਰਸੰਗਾਂ ਰਾਹੀਂ ਇਸ ਸੱਚ ਨੂੰ ਸਪਸ਼ਟ ਕੀਤਾ ਹੈ। ਪੁਸੱਤਕ ਦੇ ਪ੍ਰਸਤਾਵਾਂ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਇਸ ਵਿਚ ਕਿੰਨੇ ਮੁਢਲੇ ਅਧਿਆਤਮਕ ਮਸਲੇ ਵਿਚਾਰੇ ਗਏ ਹਨ, ਜਿਵੇਂ 'ਅਸੀਂ ਸਰੀਰ ਨਹੀਂ, ਸਰੀਰ ਵਿਚ ਰਹਿਣ ਵਾਲੇ ਹਾਂ', 'ਕਾਇਆ ਮਿਟੀ ਅੰਧੁ ਹੈ', 'ਬੀਮਾਰ ਕੌਣ ਹੁੰਦਾ ਹੈ, ਸਰੀਰ ਜਾਂ ਮਨ?', 'ਬਦੀ', 'ਬੀਮਾਰੀ', 'ਪਾਪ', 'ਡਰ ਦੀ ਅਸਲੀਅਤ ਕੀ ਹੈ?', 'ਵਾਹਿਗੁਰੂ ਜੀ ਦੀ ਸਰਬ ਵਿਆਪਕਤਾ ਦਾ ਕੀ ਮਤਲਬ ਹੈ?' ਐਸੇ ਮਹਤਵਪੂਰਣ ਮਸਲੇ ਇਸ ਪੁਸੱਤਕ ਵਿਚ





ਬੜੀ ਸੌਖੀ ਭਾਸ਼ਾ ਵਿਚ ਨਜਿਠੇ ਗਏ ਹਨ ਜਿਨ੍ਹਾਂ ਦੇ ਪੜ੍ਹਨ ਤੇ ਸਮਝਣ ਨਾਲ ਮਨ ਦੀ ਅਗਿਆਨਤਾ ਦਾ ਅਨ੍ਹੇਰਾ ਵਿਨਾਸ਼ ਹੁੰਦਾ ਹੈ ਅਤੇ ਗਿਆਨ ਦੇ ਪ੍ਰਕਾਸ਼ ਵਿਚ ਸਾਨੂੰ ਸੰਸਾਰ ਰਚਨਾ, ਇਸਦੇ ਰਚੇਤਾ ਅਤੇ ਮਨੁੱਖ ਦੀ ਹੋਂਦ ਤੇ ਹੋਣੀ ਦਾ ਸਹੀ ਗਿਆਨ ਪ੍ਰਾਪਤ ਹੁੰਦਾ ਹੈ। ਸਾਰਾ ਸੰਸਾਰ ਹੀ ਸਰੀਰਕ ਅਤੇ ਮਾਨਸਿਕ ਰੋਗਾਂ ਵਿਚ ਪੀੜਿਤ ਹੈ। ਐਸਾ ਗੁਰੂ ਜੀ ਦਾ ਫੁਰਮਾਨ ਹੈ -

*ਮਨਮੁਖ ਰੋਗੀ ਹੈ ਸੰਸਾਰਾ॥* *ਅੰਗ - 118*

*ਜੋ ਜੋ ਦੀਸੈ ਸੋ ਸੋ ਰੋਗੀ, ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥* *ਅੰਗ - 1140*

ਪੁਸੱਤਕ 'ਸਰਬ ਰੋਗ ਕਾ ਅਉਖਦੁ ਨਾਮੁ' ਵਿਚ 'ਸੰਸਾਰ ਰੋਗੀ ਨਾਮੁ ਦਾਰੂ' ਦੇ ਸਿਧਾਂਤ ਨੂੰ ਹੀ ਰੂਪਮਾਨ ਕੀਤਾ ਗਿਆ ਹੈ। ਇਸ ਪੁਸੱਤਕ ਨੇ ਅਨਗਿਣਤ ਪਾਠਕਾਂ ਨੂੰ ਨਵਾਂ ਸਾਰਥਕ ਜੀਵਨ ਬਖਸ਼ਿਆ ਹੈ, ਤੇ ਇਹ ਬਖਸ਼ਸ਼ ਨਿਰੰਤਰ ਹੁੰਦੀ ਰਹੇਗੀ, ਐਸਾ ਮੇਰਾ ਵਿਸ਼ਵਾਸ ਹੈ।

'ਆਤਮ ਸਾਇੰਸ ਟਰੱਸਟ' ਦੇ ਸੇਵਕ ਇਸ ਦਾ ਨਵਾਂ ਸੰਸਕ੍ਰਣ ਛਾਪਣ ਦੀ ਖੁਸ਼ੀ ਲੈ ਰਹੇ ਹਨ, ਵਡਭਾਗੇ ਹਨ। ਇਸ ਸੰਸਕ੍ਰਣ ਵਿਚ ਗੁਰਬਾਣੀ ਦੇ ਪਰਮਾਣ ਸੋਧੇ ਗਏ ਹਨ ਅਤੇ ਇਨ੍ਹਾਂ ਦੇ ਨਾਲ ਗੁਰੂ ਗ੍ਰੰਥ ਸਾਹਿਬ ਅਨੁਸਾਰ ਅੰਗ ਵੀ ਲਿਖ ਦਿਤੇ ਗਏ ਹਨ। ਇਸ ਦਾ ਅੰਗ੍ਰੇਜ਼ੀ ਅਨੁਵਾਦ *'The Divine Name - A Panacea For All The Ills'* ਵੀ ਪ੍ਰੈਸ ਵਿਚ ਹੈ ਅਤੇ ਛੇਤੀ ਹੀ ਪਾਠਕਾਂ ਨੂੰ ਉਪਲਬੱਧ ਹੋ ਜਾਵੇਗਾ।

(ਡਾ.) ਜਗਜੀਤ ਸਿੰਘ ਪ੍ਰਿੰਸੀਪਲ (ਰੀ.)
ਕੋਠੀ ਨੰਬਰ 25, ਫੇਜ਼ 7,
ਸਾਹਿਬਜ਼ਾਦਾ ਅਜੀਤ ਸਿੰਘ ਨੱਗਰ
07-07-07 ਮੁਹਾਲੀ (ਪੰਜਾਬ) - 160 061

# ਸਰਬ ਰੋਗ ਕਾ ਅਉਖਦੁ ਨਾਮੁ

'ਸਰਬ ਰੋਗ ਕਾ ਅਉਖਦੁ ਨਾਮੁ' ਇਕ ਮਹਨ ਸਚਾਈ ਹੈ, ਇਸ ਵਿਚ ਉਹ ਭੇਦ ਲੁਕਿਆ ਹੋਇਆ ਹੈ ਜਿਸ ਨੂੰ ਸਮਝ ਕੇ ਇਨਸਾਨ, ਕੇਵਲ ਆਪਣੇ ਤਨ ਤੇ ਮਨ ਦੇ ਰੋਗਾਂ ਉਤੇ ਹੀ ਜਿੱਤ ਪਰਾਪਤ ਨਹੀਂ ਕਰਦਾ, ਸਗੋਂ ਜਗਤ ਦੀਆਂ ਸਾਰੀਆਂ ਸ਼ਕਤੀਆਂ ਨੂੰ ਨਿਵਾ ਕੇ ਆਪਣੇ ਹਕ ਵਿਚ ਵਰਤ ਸਕਦਾ ਹੈ। ਇਸ ਭੇਦ ਨੂੰ ਸਮਝਣ ਨਾਲ ਕਰਾਮਾਤਾਂ, ਰਿਧੀਆਂ, ਸਿਧੀਆਂ ਮਾਮੂਲੀ ਤੇ ਸਧਾਰਨ ਘਟਨਾ ਜਾਪਣ ਲਗ ਜਾਂਦੀਆਂ ਹਨ। ਦੀਨ ਦੁਨੀਆਂ ਦੀ ਸਫਲਤਾ ਦੀ ਕੁੰਜੀ ਇਸ ਭੇਦ ਨੂੰ ਸਮਝਣ ਵਿਚ ਹੈ।

ਸਭ ਬੀਮਾਰੀਆਂ ਨੂੰ 'ਨਾਮ' ਨਾਲ ਰਾਜ਼ੀ ਕਰ ਸਕਣ ਲਈ ਸਾਨੂੰ ਆਤਮ ਸਾਇੰਸ ਜਾਂ ਗੁਰਮਤ ਜਾਂ ਬ੍ਰਹਮ ਗਿਆਨ ਨੂੰ ਚੰਗੀ ਤਰ੍ਹਾਂ ਸਮਝਣਾ ਹੋਵੇਗਾ। ਕਿਉਂਕਿ ਸਾਡੇ ਪਾਸ ਬ੍ਰਹਮ ਗਿਆਨ ਦਾ ਬਹੁਤ ਵਡਾ ਖਜ਼ਾਨਾ ਗੁਰਬਾਣੀ ਜਾਂ ਗੁਰਮਤ ਦੀ ਸ਼ਕਲ ਵਿਚ ਆਪਣੀ ਪੰਜਾਬੀ ਭਾਸ਼ਾ ਵਿਚ ਮੌਜੂਦ ਹੈ, ਇਸ ਲਈ ਸਾਡੀ ਵਿਚਾਰ ਦਾ ਸਾਰਾ ਆਧਾਰ ਗੁਰਮਤ ਜਾਂ ਗੁਰਬਾਣੀ ਹੀ ਹੋਣਾ ਚਾਹੀਦਾ ਹੈ।

ਗੁਰਮਤ ਅਨੁਸਾਰ ਜਗਤ ਰਚਨਾ ਕੇਵਲ ਸਾਡੇ ਤੋਂ ਉਪਜਦੀ

ਹੈ। ਜਿਥੇ ਮਨ ਹੈ, ਉਥੇ ਜਗਤ ਰਚਨਾ ਹੈ, ਜਿਥੇ ਮਨ ਨਹੀਂ, ਉਥੇ ਜਗਤ ਰਚਨਾ ਨਹੀਂ। ਜਦ ਘੂਕ ਨੀਂਦਰ ਦੀ ਅਵਸਥਾ ਵਿਚ ਸਾਡਾ ਮਨ ਭੌਂ ਕੇ ਆਤਮਾ ਵਿਚ ਲੀਨ ਹੋ ਜਾਂਦਾ ਹੈ, ਤਦ ਉਸ ਵੇਲੇ ਸਾਰੀ ਜਗਤ ਰਚਨਾ ਵੀ ਅਲੋਪ ਹੋ ਜਾਂਦੀ ਹੈ।

ਗੁਰਮਤ ਅਨੁਸਾਰ ਜਗਤ ਰਚਨਾ ਮਨ ਨੂੰ ਐਸੀ ਹੀ ਹੋ ਕੇ ਭਾਸਦੀ ਹੈ, ਜੈਸੀ ਕਿ ਮਨ ਦੀ ਆਪਣੀ ਅਵਸਥਾ ਹੋਵੇ। ਸੁਖੀ ਮਨ ਨੂੰ ਜਗਤ ਰਚਨਾ ਵਿਚ ਸੁਖ ਤੇ ਖੁਸ਼ੀਆਂ ਦਿਸਦੇ ਹਨ ਅਤੇ ਦੁਖੀ ਤੇ ਰੋਗੀ ਮਨ ਨੂੰ ਜਗਤ ਦੁਖਾਂ ਤੇ ਰੋਗਾਂ ਦਾ ਘਰ ਨਜ਼ਰ ਆਉਂਦਾ ਹੈ। ਇਸ ਲਈ ਮਨ ਦੀ ਅਵਸਥਾ ਅਨੁਸਾਰ ਹੀ ਮਨ ਨੂੰ ਜਗਤ ਭਾਸਦਾ ਹੈ।

ਗੁਰਮਤ ਅਨੁਸਾਰ ਮਨ ਦੁਖੀ ਤੇ ਰੋਗੀ ਜਾਂ ਸੁਖੀ ਤੇ ਚੜ੍ਹਦੀਆਂ ਕਲਾਂ ਵਾਲਾ ਕੇਵਲ ਆਪਣੇ ਨਿਸਚਿਆਂ ਅਨੁਸਾਰ ਹੁੰਦਾ ਹੈ। ਜੈਸੇ ਮਨ ਦੇ ਨਿਸਚੇ ਤੈਸੀ ਹੀ ਉਸਦੀ ਅਵਸਥਾ ਅਤੇ ਤੈਸਾ ਹੀ ਉਸ ਦਾ ਜਗਤ। ਗੁਰਮਤ ਅਨੁਸਾਰ ਮਨ ਦੇ ਸਾਰੇ ਨਿਸਚੇ ਨਿਰਮੂਲ ਜਾਂ ਗਲਤ ਹੁੰਦੇ ਹਨ, ਜਿਸ ਕਰਕੇ ਮਨ ਦੀ ਦੁਨੀਆਂ ਭੀ ਗਲਤ ਹੁੰਦੀ ਹੈ, ਜਿਸ ਵਿਚ ਪਾਪ-ਦੁਖ-ਬੀਮਾਰੀ ਤੇ ਮੌਤ ਹੀ ਸ਼ਕਲਾਂ ਬਦਲ ਬਦਲ ਕੇ ਮਨ ਦੇ ਸਾਹਮਣੇ ਆਉਂਦੇ ਰਹਿੰਦੇ ਹਨ।

ਗੁਰਮਤ ਅਨੁਸਾਰ ਮਨ ਆਪਣੇ ਗ਼ਲਤ ਨਿਸਚੇ, ਜੇ ਚਾਹੇ ਅਤੇ ਕੋਸ਼ਿਸ਼ ਕਰੇ ਤਾਂ ਠੀਕ, ਚੰਗੇ ਅਤੇ ਵਿਗਿਆਨਕ ਨਿਸਚਿਆਂ ਵਿਚ ਬਦਲ ਸਕਦਾ ਹੈ।

ਗੁਰਮਤ ਅਨੁਸਾਰ ਮਨ ਆਪਣੀ ਮਤ (ਗਲਤ ਨਿਸਚੇ) ਤਿਆਗ ਕੇ ਅਤੇ ਗੁਰੂ ਦੀ ਮਤ (ਠੀਕ ਚੰਗੇ ਤੇ ਵਿਗਿਆਨਕ ਨਿਸਚੇ) ਧਾਰਨ ਕਰਕੇ ਆਪਣੇ ਜੀਵਨ ਨੂੰ ਸਵਰਗ ਤੋਂ ਵਧ ਸੁਖੀ





ਤੇ ਕਾਮਯਾਬ ਬਣਾ ਸਕਦਾ ਹੈ, ਜੀਵਨ ਨੂੰ ਸਵਰਗ ਤੋਂ ਵਧ ਸੁਖੀ ਤੇ ਕਾਮਯਾਬ ਬਣਾ ਸਕਦਾ ਹੈ, ਜਿਸ ਵਿਚ ਪਾਪ, ਦੁੱਖ, ਬੀਮਾਰੀ ਅਤੇ ਮੌਤ ਨਾ ਹੋਣ।

ਗੁਰਮਤ ਅਨੁਸਾਰ ਜਗਤ ਰਚਨਾ ਮਨ ਤੋਂ ਉਪਜਣ ਕਰਕੇ ਸੂਖਸ਼ਮ (Mental) ਹੈ, ਅਸਥੂਲ (Material) ਨਹੀਂ। ਸੂਖਸ਼ਮ ਹੋਣ ਕਰਕੇ ਇਸ ਵਿਚ ਸਭ ਤੋਂ ਵਡੀ ਅਤੇ ਜ਼ਬਰਦਸਤ ਸ਼ਕਤੀ 'ਖਿਆਲ' (Thoughtwaves) ਜਾਂ ਮਨ ਦੇ ਫੁਰਨੇ ਹਨ।

ਜਗਤ ਰਚਨਾ ਦਾ ਖ਼ਿਆਲੀ ਹੋਣਾ ਇਕ ਸੁਪਨਾ ਹੋਣਾ, ਇਸ ਧੂੰਏਂ ਦਾ ਪਹਾੜ ਹੋਣਾ - ਇਕ ਐਸੀ ਸਚਾਈ ਹੈ, ਜੋ ਸਾਧਾਰਨ ਮਨ ਲਈ ਸਮਝਣੀ ਤੇ ਮੰਨਣੀ ਡਾਹਢੀ ਕਠਨ ਹੈ। ਇਹ ਸਚਾਈ ਵਧੇਰੇ ਨਾਮ ਜਪਣ ਵਾਲੇ ਅਭਿਆਸੀ ਨੂੰ ਹੀ ਸਮਝ ਆ ਸਕਦੀ ਹੈ। ਸਿਮਰਨ ਅਭਿਆਸ ਵਿਚ ਜਗਤ ਰਚਨਾ ਸੂਖਸ਼ਮ ਹੁੰਦੀ ਹੁੰਦੀ ਬਿਲਕੁਲ ਅਲੋਪ ਹੋ ਜਾਂਦੀ ਹੈ। ਜਿਉਂ ਜਿਉਂ ਮਨ ਗਿਆਨ ਇੰਦਰਿਆਂ ਤੋਂ ਨਿਖੜਦਾ ਅਤੇ ਨਾਮੀ (ਈਸ਼ਵਰ) ਨਾਲ ਜੁੜਦਾ ਜਾਵੇ, ਤਿਉਂ ਤਿਉਂ ਜਗਤ ਰਚਨਾ ਪਤਲੀ ਤੇ ਸੂਖਸ਼ਮ ਹੁੰਦੀ ਹੁੰਦੀ ਬਿਲਕੁਲ ਅਲੋਪ ਹੋ ਜਾਂਦੀ ਹੈ।

ਗੁਰਮਤ ਅਨੁਸਾਰ ਸੁਪਨੇ ਵਰਗੀ ਜਗਤ ਰਚਨਾ ਵਿਚ ਮਨ ਦੇ ਫੁਰਨੇ (thoughtwaves) ਸਭ ਤੋਂ ਵਡੀ ਸ਼ਕਤੀ ਹੈ ਅਤੇ ਮਨ ਦੇ ਫੁਰਨੇ ਜੇਕਰ ਮਨ ਦੀ ਮਤ ਵਾਲੇ ਅਗਿਆਨ ਹੋਣ ਤਾਂ ਜਗਤ ਰਚਨਾ ਦੁਖਾਂ ਤਕਲੀਫਾਂ ਤੇ ਪਰੇਸ਼ਾਨੀਆਂ ਵਾਲੀ ਹੁੰਦੀ ਹੈ ਅਤੇ ਜੇਕਰ ਮਨ ਦੇ ਫੁਰਨੇ ਗੁਰਮਤ ਅਨੁਸਾਰ ਸਚੇ ਠੀਕ ਅਤੇ ਵਿਗਿਆਨਕ ਹੋਣ ਤਾਂ ਰਚਨਾ ਸੁਖਾਂ ਤੇ ਖੁਸ਼ੀਆਂ ਨਾਲ ਭਰਪੂਰ ਹੋ ਜਾਂਦੀ ਹੈ।

ਗੁਰਮਤ ਅਨੁਸਾਰ ਆਪਣੀ ਦੁਨੀਆਂ ਚੰਗੀ ਤੇ ਠੀਕ ਬਨਾਣ

ਲਈ ਮਨੁੱਖ ਨੂੰ ਆਪਣੇ ਨਿਸਚੇ ਸਚੇ-ਠੀਕ ਤੇ ਵਿਗਿਆਨਕ ਬਨਾਣੇ ਚਾਹੀਦੇ ਹਨ ਤੇ ਗੁਰੂ ਉਪਦੇਸ਼ ਜਾਂ ਗੁਰਬਾਣੀ ਆਪਣੇ ਸਿੱਖ ਦੇ ਨਿਸਚੇ ਠੀਕ ਤੇ ਚੰਗੇ ਬਨਾਣ ਵਿਚ ਬੜੀ ਭਾਰੀ ਸਹਾਇਤਾ ਕਰਦੀ ਹੈ। ਗੁਰਮਤ ਅਨੁਸਾਰ ਮਨ ਦੇ ਹਰ ਗ਼ਲਤ ਤੇ ਝੂਠੇ ਨਿਸਚੇ ਦੇ ਮੁਕਾਬਲੇ ਵਿਚ ਗੁਰਬਾਣੀ ਇਕ ਠੀਕ ਜਾਂ ਸੱਚਾ ਨਿਸਚਾ ਦਸਦੀ ਹੈ, ਜਿਸ ਨਾਲ ਮਨੁੱਖ ਆਪਣੀ ਦੁਨੀਆਂ ਸੁਖੀ ਤੇ ਕਾਮਯਾਬ ਬਣਾ ਸਕਦਾ ਹੈ।

ਗੁਰਮਤ ਅਨੁਸਾਰ ਮਨੁੱਖ ਦਾ ਨਿਸ਼ਾਨਾ ਵਾਹਿਗੁਰੂ ਜੀ ਦੇ ਜਗਤ ਵਿਚ ਸੁਖੀ, ਰਾਜ਼ੀ, ਖੁਸ਼ੀ ਅਤੇ ਸਫਲ ਹੋਣਾ ਹੈ। ਇਸ ਨਿਸ਼ਾਨੇ ਦੀ ਪੂਰਤੀ ਲਈ ਜ਼ਰੂਰੀ ਹੈ ਕਿ ਮਨੁੱਖ ਗੁਰਉਪਦੇਸ਼ ਜਾਂ ਗੁਰਮਤ ਅਨੁਸਾਰ ਜੀਵਨ ਬਤੀਤ ਕਰੇ।

ਗੁਰਮਤ ਅਨੁਸਾਰ ਨਾਮ ਜਪਣ ਨਾਲ ਪਹਿਲੇ ਨਾਮੀ (ਵਾਹਿਗੁਰੂ ਜੀ) ਦੀਆਂ ਸਿਫਤਾਂ ਦਾ ਰੰਗ ਨਾਮ ਜਪਣ ਵਾਲੇ ਤੇ ਚੜ੍ਹਦਾ ਹੈ ਅਤੇ ਪਿਛੋਂ ਹੌਲੀ ਹੌਲੀ ਅਭਿਆਸੀ ਨਾਮੀ ਦਾ ਰੂਪ ਜਾਂ ਨਾਮੀ ਵਰਗਾ ਹੋ ਜਾਂਦਾ ਹੈ। ਜੋ ਅਉਗੁਣ ਵਾਹਿਗੁਰੂ ਵਿਚ ਨਹੀਂ, ਉਹ ਨਾਮ ਜਪਣ ਵਾਲੇ ਵਿਚ ਵੀ ਨਹੀਂ ਰਹਿੰਦੇ ਅਤੇ ਜੋ ਗੁਣ ਵਾਹਿਗੁਰੂ ਜੀ ਵਿਚ ਹਨ, ਉਹ ਗੁਣ ਨਾਮ ਜਪਣ ਵਾਲੇ ਵਿਚ ਆ ਜਾਂਦੇ ਹਨ ਅਤੇ ਗੁਰਮਤ ਦਾ ਵਡਾ ਸਿਧਾਂਤ "ਜੈਸਾ ਸੇਵੈ ਤੈਸੋ ਹੋਵੈ", ਨਾਮ ਜਪਣ ਵਾਲੇ ਜੀਵਨ ਵਿਚ ਪ੍ਰਤੱਖ ਪੂਰਾ ਹੁੰਦਾ ਹੈ।

ਗੁਰਮਤ ਅਨੁਸਾਰ ਮਨੁੱਖ ਦੇ ਮਨ ਵਿਚ ਇਕੋ ਸਮੇਂ ਦੋ ਫੁਰਨੇ ਜਾਂ ਖ਼ਿਆਲ ਨਹੀਂ ਰਹਿ ਸਕਦੇ, ਇਸ ਕਰਕੇ ਨਾਮ ਜਪਣ ਦੇ ਸਦਾ ਅਭਿਆਸ ਨਾਲ ਨਾਮ ਜਪਣ ਵਾਲੇ ਦੇ ਮਨ ਵਿਚ ਵਾਹਿਗੁਰੂ ਜੀ ਦੇ ਖ਼ਿਆਲ ਹੀ ਰਹਿਣ ਲਗ ਪੈਂਦੇ ਹਨ ਅਤੇ ਜੋ ਕੁਝ ਵਾਹਿਗੁਰੂ





ਜੀ ਵਿਚ ਨਹੀਂ, ਉਹਦਾ ਖ਼ਿਆਲ ਤਕ ਨਾਮ ਜਪਣ ਵਾਲੇ ਦੇ ਮਨ ਵਿਚ ਨਹੀਂ ਰਹਿੰਦਾ।

ਗੁਰਮਤ ਅਨੁਸਾਰ ਮਨ ਵਿਚ ਜੋ ਖ਼ਿਆਲ ਆਉਂਦੇ ਜਾਂ ਫੁਰਨੇ ਉਠਦੇ ਰਹਿਣ ਤਾਂ ਇਕ ਦਿਨ ਉਹ ਦ੍ਰਿਸ਼ਟਮਾਨ ਜਗਤ ਵਿਚ ਪੂਰੇ ਹੋਣ ਲਗ ਪੈਂਦੇ ਹਨ। ਕਿਉਂਕਿ ਨਾਮ ਜਪਣ ਵਾਲੇ ਦੇ ਮਨ ਵਿਚ ਸਦਾ ਵਾਹਿਗੁਰੂ ਜੀ ਦੇ ਗੁਣਾਂ ਦੇ ਚੰਗੇ ਫੁਰਨੇ ਜਾਂ ਖ਼ਿਆਲ ਰਹਿਣ ਲਗ ਜਾਂਦੇ ਹਨ, ਇਸ ਲਈ ਇਕ ਦਿਨ ਨਾਮ ਜਪਣ ਵਾਲੇ ਦੇ ਜਗਤ ਵਿਚ ਚੰਗੀਆਂ ਸੋਹਣੀਆਂ ਤੇ ਪਵਿੱਤਰ ਘਟਨਾਵਾਂ ਦਿਸਣ ਲਗ ਜਾਂਦੀਆਂ ਹਨ ਅਤੇ ਜੀਵਨ, ਖੁਸ਼ੀਆਂ, ਨੇਕੀ ਤੇ ਪਰਉਪਕਾਰ ਦਾ ਗੁਲਦਸਤਾ ਬਣ ਜਾਂਦਾ ਹੈ।

ਐਸਾ ਨਾਮ ਜਪਣ ਵਾਲਾ ਫਿਰ ਜਗਤ ਦੇ ਸਭ ਪ੍ਰਾਣੀਆਂ ਨੂੰ ਆਪਣੇ ਤਜਰਬੇ ਦੀ ਬਿਨਾ ਤੇ ਆਖ ਸਕਦਾ ਹੈ:

*ਸਰਬ ਰੋਗ ਕਾ ਅਉਖਦੁ ਨਾਮੁ ॥* *ਅੰਗ - 274*

# ਜਗਤ ਸੁਪਨਾ

'ਆਤਮ ਸਾਇੰਸ' ਦੇ ਵਿਦਿਆਰਥੀ ਲਈ, ਇਸ ਸਾਇੰਸ ਜਾਂ ਇਲਮ ਨੂੰ ਚੰਗੀ ਤਰ੍ਹਾਂ ਸਮਝਣ ਲਈ ਆਪਣੇ ਨਿਸਚਿਆਂ ਦੀ ਬੁਨਿਆਦ ਬਦਲਣੀ ਪੈਂਦੀ ਹੈ। ਉਸ ਨੂੰ ਆਪਣੇ ਨਿਸਚੇ ਉਸੇ ਪ੍ਰਕਾਰ ਢਾਲਣੇ ਪੈਂਦੇ ਹਨ ਜਿਸ ਪ੍ਰਕਾਰ ਕਿ ਉਸਨੂੰ ਆਤਮ ਸਾਇੰਸ ਦਾ ਗਿਆਨ ਜਾਂ ਜਗਤ ਦੀ ਪੱਕੀ ਸਚਾਈ ਪਰੇਰੇ। ਅਗਰ ਕੋਈ ਪੁਰਸ਼ ਆਪਣੇ ਗ਼ਲਤ ਨਿਸਚਿਆਂ ਨੂੰ ਕਾਇਮ ਰਖ ਕੇ ਆਤਮ ਸਾਇੰਸ ਨੂੰ ਸਮਝਣਾ ਚਾਹੇ ਤਾਂ ਉਸ ਨੂੰ ਕਿਤੇ ਨਾ ਕਿਤੇ ਜਾ ਕੇ ਜ਼ਰੂਰ ਨਿਰਾਸਤਾ ਤੇ ਅਸੰਤੁਸ਼ਟਤਾ ਦੇਖਣੀ ਪਵੇਗੀ।

ਆਤਮ ਸਾਇੰਸ ਦੀ ਵਡੀ ਤੇ ਮੁਢਲੀ ਇਕ ਸਚਾਈ ਇਹ ਹੈ ਕਿ ਜੋ ਦ੍ਰਿਸ਼ਟਮਾਨ ਜਗਤ ਸਾਨੂੰ ਠੋਸ ਤੇ ਸੱਤ ਭਾਸ ਰਿਹਾ ਹੈ, ਉਹ ਦਰਅਸਲ ਠੋਸ ਵੀ ਨਹੀਂ ਤੇ ਸੱਤ ਵੀ ਨਹੀਂ। ਸਭ ਦ੍ਰਿਸ਼ਟਮਾਨ ਜਗਤ ਖ਼ਿਆਲੀ (Mental) ਹੈ ਅਤੇ ਅਸੱਤ ਹੈ, ਹਰ ਛਿਨ ਬਦਲ ਰਿਹਾ ਹੈ।

ਜਗਤ ਦੇ ਖਿਆਲੀ (mental) ਹੋਣ ਵਾਸਤੇ ਇਕ ਸ੍ਰੀ ਗੁਰੂ ਗਰੰਥ ਸਾਹਿਬ ਦਾ ਹੀ ਫ਼ੈਸਲਾ ਨਹੀਂ, ਬਲਕਿ ਆਤਮ ਸਾਇੰਸ ਦੇ ਅਜ ਤਕ ਹੋਏ ਸਭ ਸਾਇੰਸਦਾਨਾਂ ਦਾ, ਵਿਦਵਾਨਾਂ ਦਾ, ਵਿਚਾਰਵਾਨਾਂ ਤੇ ਫਿਲਾਸਫ਼ਰਾਂ ਦਾ ਸਾਂਝਾ ਫੈਸਲਾ ਹੈ ਕਿ ਜਗਤ





ਰਚਨਾ ਭਾਂਵੇ ਸਾਡੀ ਅੱਖ ਨੂੰ ਠੋਸ ਤੇ ਸਚੀ ਭਾਸਦੀ ਹੈ ਪਰ ਅਸਲ ਵਿਚ ਹੈ ਖ਼ਿਆਲੀ ਅਤੇ ਛਿਨ ਛਿਨ ਤੇ ਰੰਗ ਵਟਾ ਰਹੀ ਹੈ।

ਇਸ ਖ਼ਿਆਲ ਦੀ ਪੁਸ਼ਟੀ ਵਿਚ ਹੇਠਾਂ ਅਸੀਂ ਸ੍ਰੀ ਗੁਰੂ ਗਰੰਥ ਸਾਹਿਬ ਦੇ ਪ੍ਰਮਾਣਾਂ ਦੇ ਨਾਲ ਦੂਸਰੇ ਧਰਮਾਂ ਦੇ ਮਹਾਂਪੁਰਖਾਂ, ਸਾਇੰਸਦਾਨਾਂ, ਫਿਲਾਸਫ਼ਰਾਂ ਤੇ ਕਵੀਆਂ ਦੇ ਪ੍ਰਮਾਣ ਇਸ ਲਈ ਦਰਜ ਕਰਦੇ ਹਾਂ ਤਾਂ ਕਿ ਪਾਠਕਾਂ ਨੂੰ ਯਕੀਨ ਹੋ ਜਾਵੇ ਕਿ ਜਗਤ ਸਚੀ ਮੁਚੀ ਖ਼ਿਆਲੀ ਹੈ, ਸੁਪਨੇ ਵਾਂਗ ਹੈ ਅਤੇ ਉਹ ਇਸ ਨਿਸਚੇ ਅਨੁਸਾਰ ਹੀ ਅਗੇ ਨੂੰ ਆਪਣੇ ਜੀਵਨ ਦਾ ਪ੍ਰੋਗਰਾਮ ਤਿਆਰ ਕਰਨ।

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥* — *ਅੰਗ - 808*

*ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥* — *ਅੰਗ - 138*

*ਭਭਾ ਭਰਮੁ ਮਿਟਾਵਹੁ ਅਪਨਾ ॥*
*ਇਆ ਸੰਸਾਰੁ ਸਗਲ ਹੈ ਸੁਪਨਾ ॥* — *ਅੰਗ - 258*

*ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥*
*ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ ॥* — *ਅੰਗ - 482*

*ਚੰਚਲੁ ਸੁਪਨੈ ਹੀ ਉਰਝਾਇਓ ॥*
*ਇਤਨੀ ਨ ਬੂਝੈ ਕਬਹੂ ਚਲਨਾ*
*ਬਿਕਲ ਭਇਓ ਸੰਗਿ ਮਾਇਓ ॥* — *ਅੰਗ - 531*

ਗੁਰਬਾਣੀ ਦੇ ਉਤਲੇ ਪ੍ਰਮਾਣਾਂ ਤੋਂ ਇਲਾਵਾ ਮਸ਼ਹੂਰ ਹਿੰਦੁਸਤਾਨੀ, ਯੂਨਾਨੀ ਤੇ ਜਰਮਨ ਆਤਮ ਸਾਇੰਸਦਾਨਾਂ ਨੇ ਵੀ ਜਗਤ ਦੇ ਖ਼ਿਆਲੀ ਹੋਣ ਦੀ ਗਵਾਹੀ ਭਰੀ ਹੈ -

ਸੰਸਾਰ ਸਭ ਮਾਇਆ (ਧੋਖਾ, ਫ਼ਰੇਬ, ਛਲ) ਹੈ ਅਤੇ ਮਿਥਿਆ (ਹੈ ਨਹੀਂ, ਪਰ ਭਾਸਦਾ ਹੈ) ਹੈ।

*- ਸ੍ਰੀ ਸ਼ੰਕਰਾਚਾਰਯ ਜੀ*

ਇਹ ਦੁਨੀਆਂ ਅਸਲੀਅਤ ਦੀ ਨਹੀਂ, ਬਲਕਿ ਪਰਛਾਵਿਆਂ ਦੀ ਰਚੀ ਹੋਈ ਹੈ। (ਪਲੇਟੋ, ਯੂਨਾਨ ਦੇ ਮਸ਼ਹੂਰ ਸਾਇੰਸਦਾਨ ਤੇ ਫਿਲਾਸਫਰ)

ਇਹ ਦੁਨੀਆਂ ਕੇਵਲ ਰੂਪ ਰੰਗ ਹੈ, ਅਸਲੀਅਤ ਕੁਛ ਨਹੀਂ। (ਕੈਂਟ, ਜਰਮਨੀ ਦੇ ਪ੍ਰਸਿੱਧ ਫਿਲਾਸਫਰ)

ਸ੍ਰੀ ਰਾਮਚੰਦਰ ਜੀ ਦੇ ਗੁਰੂ ਸ੍ਰੀ ਵਸ਼ਿਸ਼ਟ ਜੀ (ਜਿਨ੍ਹਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਗੁਰਮੁਖ ਦਾ ਦਰਜਾ ਦਿਤਾ ਗਿਆ ਹੈ) ਨੇ ਸ੍ਰੀ ਰਾਮ ਚੰਦਰ ਨੂੰ ਉਪਦੇਸ਼ ਕਰਦਿਆਂ ਦਸਿਆ ਕਿ - ਯੇਹ ਜਗਤ ਜੋ ਭਾਸਤਾ ਹੈ ਸੋ ਵਾਸਤਵ ਮੇਂ ਕੁਛ ਉਤਪਤਿ ਨਹੀਂ ਹੂਆ, ਅਵਿਚਾਰ ਕਰਕੇ ਭਾਸਤਾ ਹੈ, ਵਿਚਾਰ ਕੀਏ ਸੇ ਨਵਿਰਤ (ਅਲੋਪ) ਹੋ ਜਾਤਾ ਹੈ। ਜੈਸੇ ਅੰਧੇਰੇ ਮੇਂ ਰੱਸੀ ਹੀ ਸਰਪ ਭਾਸਤਾ ਹੈ, ਸੋ ਭਰਮ ਹੈ। ਜਬ ਰੋਸ਼ਨੀ ਮੇਂ ਦੇਖੀਏ, ਰਸੀ ਮੇਂ ਸੇ ਸਰਪ ਭਾਵ ਦੂਰ ਹੋ ਜਾਤਾ ਹੈ ਤੈਸੇ ਹੀ ਅਵਿਚਾਰ (ਅਨਜਾਨਤਾ) ਕਰਕੇ ਜਗਤ ਭਾਸਤਾ ਹੈ ਔਰ ਵਿਚਾਰ ਸੇ ਲੀਨ ਹੋ ਜਾਤਾ ਹੈ।

ਅੰਗਰੇਜ਼ੀ ਤੇ ਉਰਦੂ ਦੇ ਸਭ ਤੋਂ ਵਡੇ ਕਵੀਆਂ ਨੇ ਵੀ ਜਗਤ ਨੂੰ ਖ਼ਿਆਲੀ ਦਸਿਆ ਹੈ -

We are such stuffs as dreams are made of.

*(Shakespear)*

ਭਾਵ - ਅਸੀਂ ਤੇ ਸਾਡਾ ਜਗਤ ਅਤੇ ਸਾਡੇ ਸੁਫਨੇ ਇਕੋ ਚੀਜ਼ (ਧਾਂਤ ਜਾਂ ਮਸਾਲੇ) ਤੋਂ ਉਤਪੰਨ ਹੁੰਦੇ ਹਨ।





*ਹਸਤੀ ਕੇ ਮਨ ਫਰੇਬ ਮੇਂ ਆ ਜਾਈਓ ਅਸੱਦ,*
*ਆਲਮ ਤਮਾਮ ਹਲਕਾਏ ਦਾਮਿ ਖ਼ਿਆਲ ਹੈ।*

*(ਹਜ਼ਰਤ ਗ਼ਾਲਬ)*

ਭਾਵ - ਮਾਇਆ ਜਾਂ ਜਗਤ ਰਚਨਾ ਦੇ ਫਰੇਬ ਵਿਚ ਐ (ਅਸੱਦ ਜਾਂ ਗ਼ਾਲਬ) ਨਾ ਆਵੀਂ। ਸਭ ਜਗਤ ਰਚਨਾ ਕੇਵਲ ਖ਼ਿਆਲਾਂ ਦਾ ਹੀ ਜਾਲ ਹੈ।

*ਰਾਜ਼ੇ ਹਸਤੀ ਰਾਜ਼ ਹੈ, ਜਬ ਤਕ ਕੋਈ ਮਹਿਰਮ ਨਾ ਹੋ,*
*ਖੁਲ੍ਹ ਗਿਆ ਜਬ ਰਾਜ਼ ਮਹਿਰਮ ਕੇ ਸਿਵਾ ਕੁਛ ਭੀ ਨਹੀਂ।*

*ਡਾ. ਇਕਬਾਲ*

ਭਾਵ - ਮਾਇਆ ਜਾਂ ਜਗਤ ਰਚਨਾ ਦਾ ਭੇਦ ਤਦ ਤਕ ਹੀ ਕਾਇਮ ਹੈ, ਜਦ ਤਕ ਇਸ ਨੂੰ ਜਾਨਣ ਵਾਲਾ ਨਾ ਹੋਵੇ। ਜੇ ਇਸ ਨੂੰ ਜਾਣ ਲਵੇ, ਤਾਂ ਫਿਰ ਉਸਦੇ ਆਪਣੇ (ਆਤਮਾ) ਦੇ ਸਿਵਾ ਹੋਰ ਕੁਝ ਰਹਿੰਦਾ ਹੀ ਨਹੀਂ।

ਅਜਕਲ ਦੇ ਪ੍ਰਸਿੱਧ ਡਾਕਟਰ ਅਲੈਕਜ਼ੈਂਡਰ ਕੈਨਨ ਆਪਣੀ ਪੁਸਤਕ ਇਨਵਿਜ਼ਬਲ ਇਨਫਲਿਊਐਂਸ (Invisible Influence) ਵਿਚ ਲਿਖਦੇ ਹਨ -

All things we see are only mind in form and substance.

ਭਾਵ - ਜੋ ਵਸਤੂਆਂ ਤੇ ਪਦਾਰਥ ਸਾਨੂੰ ਨਜ਼ਰ ਆਉਂਦੇ ਹਨ ਇਹ ਰੂਪ ਅਤੇ ਅਸਲੀਅਤ ਵਿਚ ਕੇਵਲ ਖ਼ਿਆਲ ਹੀ ਹਨ।

ਸ੍ਰੀਮਤੀ ਮੈਰੀ ਐਡੀ ਬੇਕਰ ਜੀ ਲਿਖਦੇ ਹਨ -

God (spirit) creats all through mind and not through matter. *(Mary Eddy Baker)*

ਭਾਵ - ਵਾਹਿਗੁਰੂ ਜੀ ਜੋ ਜੋਤ ਹਨ, ਸੰਸਾਰ ਰਚਨਾ ਨੂੰ ਖ਼ਿਆਲ ਦੇ ਜ਼ਰੀਏ ਬਣਾਦੇ ਹਨ, ਮਾਦੇ ਦੇ ਜ਼ਰੀਏ ਨਹੀਂ। (ਸ੍ਰੀਮਤੀ ਮੈਰੀ ਐਡੀ ਬੇਕਰ)

ਮਾਦਾ ਜੋ ਨਜ਼ਰ ਪਿਆ ਆਉਂਦਾ ਹੈ, ਉਹ ਇਕ ਖਾਸ ਹਾਲਤ ਵਿਚ ਖਲੋਤਾ ਹੋਇਆ ਖ਼ਿਆਲ ਹੀ ਹੈ।

*(ਸ੍ਰੀਮਤੀ ਮੈਰੀ ਕਰੋਲੀ)*

ਅਜ ਕਲ ਦੇ ਜੁਗ ਦੀ ਸਾਇੰਸ ਦਾ ਵੀ ਸਾਂਝਾ ਫੈਸਲਾ ਹੈ ਕਿ ਜਗਤ ਰਚਨਾ, ਮਾਦੇ ਦੇ ਪ੍ਰਮਾਣੂਆਂ ਤੋਂ ਨਹੀਂ, ਬਲਕਿ ਬਿਜਲੀ ਦੀਆਂ ਸੂਖਸ਼ਮ ਲਹਿਰਾਂ ਤੋਂ ਬਣੀ ਹੈ। ਜੋ ਗੁਰਸਿਖ ਜਗਤ ਰਚਨਾ ਨੂੰ ਖ਼ਿਆਲੀ ਮੰਨਣ ਦਾ ਅਭਿਆਸੀ ਹੋ ਜਾਵੇ, ਉਸ ਨੂੰ ਗੁਰਬਾਣੀ ਦੇ ਬਾਕੀ ਦੇ ਸਭ ਸਿਧਾਂਤ (ਅਰਦਾਸ, ਸਿਮਰਨ, ਤਨ ਦੀ ਅਰੋਗਤਾ, ਰਿਧੀਆਂ ਸਿਧੀਆਂ, ਬ੍ਰਹਮ ਗਿਆਨ ਆਦਿ) ਸਮਝਣ ਵਿਚ ਕੋਈ ਦਿੱਕਤ ਨਹੀਂ ਰਹੇਗੀ। ਆਤਮ ਸਾਇੰਸ ਦੇ ਪਾਠਕਾਂ ਅਗੇ ਬੇਨਤੀ ਹੈ ਕਿ ਗੁਰੂ ਤੇਗ ਬਹਾਦਰ ਜੀ ਦੇ ਹੇਠ ਲਿਖੇ ਸ਼ਬਦ ਦਾ ਉਹ ਸਮਝ ਸਮਝ ਕੇ ਰੋਜ਼ ਕਈ ਵਾਰੀ ਪਾਠ ਕਰਿਆ ਕਰਨ ਅਤੇ ਮਨ ਵਿਚ ਜਗਤ ਰਚਨਾ ਦੇ ਸੁਪਨਾ ਹੋਣ ਦੀ ਮੁਢਲੀ ਸਚਾਈ ਦ੍ਰਿੜ੍ਹ ਕਰਨ। ਫੇਰ ਉਹਨਾਂ ਦਾ ਜ਼ਿੰਦਗੀ ਸੰਬੰਧੀ ਸਾਰਾ ਦ੍ਰਿਸ਼ਟੀਕੋਨ ਆਪੇ ਗੁਰਮੁਖਾਂ ਵਾਲਾ ਹੋ ਜਾਵੇਗਾ।

*ਰੇ ਨਰ ਇਹ ਸਾਚੀ ਜੀਅ ਧਾਰਿ॥*
*ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥*
*ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ॥*
*ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ॥*
*ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ॥*
*ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੁਹਿ ਪੁਕਾਰਿ॥*

*ਅੰਗ - 633*





# ਜਗਤ ਸੁਪਨਾ ਹੈ (ਵਸ਼ਿਸ਼ਟ ਯੋਗ)

ਸ੍ਰੀ ਰਾਮ ਚੰਦਰ ਜੀ ਅਤੇ ਉਹਨਾਂ ਦੇ ਗੁਰੂ ਸ੍ਰੀ ਵਸ਼ਿਸ਼ਟ ਜੀ ਦੇ ਬ੍ਰਹਮ ਗਿਆਨ ਸੰਬੰਧੀ ਸਵਾਲ ਜਵਾਬ 'ਵਸ਼ਿਸ਼ਟ ਯੋਗ' ਨਾਮਕ ਪ੍ਰਸਿੱਧ ਪੁਸਤਕ ਵਿਚ ਦਰਜ ਹਨ, ਇਹ ਪੁਸਤਕ ਕੋਈ ਦੋ ਹਜ਼ਾਰ ਸਫ਼ੇ ਦੀ ਹੈ ਪਰ ਇਸ ਦਾ ਮੂਲ ਭਾਵ ਜਾਂ ਖੁਲਾਸਾ ਏਥੇ ਦਰਜ ਕੀਤਾ ਜਾਂਦਾ ਹੈ, ਜਿਸ ਤੋਂ ਪਾਠਕਾਂ ਨੂੰ ਯਕੀਨ ਹੋ ਜਾਵੇਗਾ ਕਿ ਜਗਤ ਦਰਅਸਲ ਜਾਗਰਤ ਸੁਪਨਾ ਹੈ, ਇਸ ਸਚਾਈ ਦਾ ਸਾਡੇ ਬਜ਼ੁਰਗਾਂ, ਰਿਸ਼ੀਆਂ ਮੁਨੀਆਂ ਨੂੰ ਪਤਾ ਸੀ। ਇਸ ਪੁਸਤਕ ਅਨੁਸਾਰ ਸੰਸਾਰ ਸਭ ਜੀਵਾਂ ਦੀ 'ਸੰਕਲਪ ਰਚਨਾ' ਹੈ। ਸ਼ੁਧ ਸੰਕਲਪ (thought) ਤੋਂ ਜੀਵ ਸੁਖ ਪਾਂਦਾ ਅਤੇ ਅਸ਼ੁਧ ਸੰਕਲਪਾਂ ਜਾਂ ਵਿਕਲਪਾਂ ਕਰਕੇ ਜੀਵ ਦੁਖ ਭੋਗਦਾ ਹੈ।

'ਇਹ ਜਗਤ ਜੋ ਭਾਸਦਾ ਹੈ ਸੋ ਵਾਸਤਵਿਕ ਕੁਛ ਨਹੀਂ, ਉਤਪਤ ਹੀ ਨਹੀਂ ਹੂਆ। ਅਵਿਚਾਰ ਕਰਕੇ ਭਾਸਤਾ ਹੈ। ਵਿਚਾਰ ਕੀਏ ਸੇ ਨਿਰਵਿਰਤ ਹੋ ਜਾਤਾ ਹੈ। ਜੈਸੇ ਆਕਾਸ਼ ਮੇਂ ਨੀਲਨਾ ਭਾਸਤੀ ਹੈ ਸੋ ਭ੍ਰਮ ਕਰਕੇ ਹੈ। ਜਬ ਵਿਚਾਰ ਕਰ ਦੇਖੀਏ ਤਬ ਨੀਲਤਾ ਪ੍ਰਤੀਤ ਦੂਰ ਹੋ ਜਾਤੀ ਹੈ। ਤੈਸੇ ਅਵਿਚਾਰ ਕਰਕੇ ਜਗਤ

ਭਾਸਤਾ ਹੈ ਔਰ ਵਿਚਾਰ ਸੇ ਲੀਨ ਹੋ ਜਾਤਾ ਹੈ।

ਸੰਸਾਰ ਭ੍ਰਮ ਮਾਤਰ ਸਿਧ ਹੈ। ਇਸ ਕੋ ਭ੍ਰਮ ਮਾਤਰ ਜਾਨ ਕਰ ਬਿਸਮਰਨ ਕਰਨਾ (ਰਹਿਣਾ) ਔਰ ਇਸ (ਜੀਵ) ਕੇ ਭਟਕਨੇਂ ਕਾ ਕਾਰਨ ਵਾਸਨਾ ਹੈ, ਵਾਸਨਾ ਕਰਕੇ ਭਟਕਤਾ ਫਿਰਤਾ ਹੈ। ਜਬ ਵਾਸਨਾ ਕਾ ਖੈਯ ਹੋ ਤਬ ਪਰਮਪਦ ਕੀ ਪ੍ਰਾਪਤੀ ਹੋਤੀ ਹੈ। ਮਨ ਵਾਸਨਾ ਕਾ ਪੁਤਲਾ ਹੈ। ਜਬ ਵਾਸਨਾ ਨਵਿਰਤ ਹੂਈ ਤਬ ਮਨ ਨਸ਼ਟ ਹੋ ਜਾਵੇਗਾ। ਜਬ ਮਨ ਨਸ਼ਟ ਹੂਆ ਤਬ ਪ੍ਰਮ ਕਲਿਆਣ ਹੂਆ। ਵਾਸਨਾ ਦੋ ਪ੍ਰਕਾਰ ਕੀ ਹੈ। ਏਕ ਸ਼ੁਧ ਔਰ ਦੂਸਰੀ ਅਸ਼ੁਧ। ਅਪਨੇ ਵਾਸਤਵਿਕ ਸਰੂਪ ਕੇ ਅਗਿਆਨ ਸੇ ਅਨਾਤਮ ਅਭਿਮਾਨ (ਹਉਮੈ ਰੋਗ) ਹੂਆ ਤਬ ਨਾਨਾ ਪ੍ਰਕਾਰ ਕੀ ਵਾਸਨਾ ਉਪਜਤੀ ਹੈ।

ਜੈਸੇ ਬਿੰਧਯਾਚਲ ਪਰਬਤ ਕੇ ਆਸ੍ਰਯ ਸੇ ਅਨਮਤ ਹਸਤੀ ਗਰਜਤੇ ਹੈਂ, ਤੈਸੇ ਅਹੰਕਾਰ ਰੂਪੀ ਬਿੰਧਯਾਚਲ ਕੇ ਆਸਰੇ ਮਨ ਰੂਪੀ ਉਪਮਤ ਹਸਤੀ ਨਾਨਾ ਪ੍ਰਕਾਰ ਕੇ ਸੰਕਲਪ ਵਿਕਲਪ ਸ਼ਬਦ ਕਰਤਾ ਹੈ।

ਜੈਸੇ ਸੂਰਜ ਕੇ ਉਦੇ ਹੂਏ ਦਿਨ ਹੋਤਾ ਹੈ ਔਰ ਅਸਤ ਹੂਏ ਸੇ ਨਾਸ਼ ਹੋ ਜਾਤਾ ਹੈ, ਤੈਸੇ ਚਿਤ ਕੇ ਉਦੈ ਹੁਏ ਤਿਰਲੋਕੀ ਕੀ ਉਤਪਤੀ ਹੈ ਔਰ ਲੀਨ ਹੋਨੇ ਸੇ ਲੀਨ ਹੋ ਜਾਤੀ ਹੈ।

ਜੈਸੇ ਸਵਪਨ ਮਿਥਿਆ ਹੈ ਤੈਸੇ ਇਹ ਜਗਤ ਮਿਥਿਆ ਹੈ-

ਬ੍ਰਹਮਾ, ਬਿਸਨੂ, ਰੁਦਰ, ਕੁਬੇਰ ਆਦਿ ਸਭ ਮੂਰਤ ਕਾਲ (time) ਕੀ ਧਰੀ ਹੂਈ ਹੈ। ਉਤਪਤ, ਇਸਥਿਤ, ਪ੍ਰਲਯ ਸਭ ਕਾਲ ਮੇਂ ਹੋਤੇ ਹੈਂ।

ਇਹ ਜੋ ਨਾਨਾ ਪ੍ਰਕਾਰ ਕੇ ਪਦਾਰਥ ਭਾਸਤੇ ਹੈਂ ਉਹ ਸਭ ਨਾਸ਼ ਰੂਪ ਹੈਂ। ਸਭ ਮਨ ਕੀ ਕਲਪਨਾ ਕਰਕੇ ਰਚੇ ਹੂਏ ਹੈਂ।





ਹੇ ਰਾਮ ਜੀ! ਦੈਵ ਨਾਮ ਅਪਨੇ ਪੁਰਖਾਰਥ (ਕਸ਼ਿਸ਼) ਕਾ ਹੈ। ਔਰ ਪੁਰਖਾਰਥ ਕਰਮ ਕਾ ਨਾਮ ਹੈ, ਔਰ ਕਰਮ ਨਾਮ ਵਾਸਨਾ ਕਾ ਹੈ। ਵਾਸਨਾ ਮਨ ਸੇ ਹੋਤੀ ਹੈ ਅਰ ਮਨ ਰੂਪੀ ਪੁਰਖ ਹੈ ਜਿਸਕੀ ਵਾਸਨਾ ਪੁਰਖ ਕਰਤਾ ਹੈ, ਜੋ ਇਸਕੋ ਪ੍ਰਾਪਤ ਹੋਤਾ ਹੈ।

ਜਿਨ ਕੋ ਸੰਸਾਰ ਕੇ ਸੁਖੋਂ ਕੀ ਇਛਾ ਹੋਇ, ਉਨ ਕੋ ਕਰਮ ਮਾਰਗ ਕਾ ਉਪਦੇਸ਼ ਕਰਨਾ ਚਾਹੀਏ ਜਿਸ ਸੇ ਸਵਰਗ ਕਾ ਸੁਖ ਸੰਸਾਰ ਮੇਂ ਭੋਗੇਂਗੇ, ਅਰ ਜੋ ਸੰਸਾਰ ਸੇ ਵਿਰਕਤ ਹੋਵੇ ਅਰ ਉਸ ਕੋ ਆਤਮਪਦ ਕੀ ਇਛਾ ਹੋਵੇ, ਉਨ ਕੋ ਗਿਆਨ ਉਪਦੇਸ਼ ਕਰਨਾ ਚਾਹੀਏ।

ਹੇ ਰਾਮ ਜੀ, ਇਸ ਜਗਤ ਮੇਂ ਮਨੁਸ਼ਯ, ਦੇਵਤਾ, ਦੈਤਯ, ਪਰਬਤ ਨਦੀ ਆਦਿ, ਸਵਰਗ ਲੋਕ, ਅਪ (ਜਲ) ਤੇਜ (ਅਗ), ਵਾਯੂ, ਆਕਾਸ਼ ਆਦਿ ਸਰਬ ਸ੍ਰਿਸ਼ਟੀ ਅਗਿਆਨ ਸੇ ਭਾਸਤੇ ਹੈਂ, ਇਨ ਕੀ ਉਤਪਤੀ ਕੈਸੇ ਹੂਈ, ਜੈਸੇ ਰੱਸੀ ਸੇ ਸਰਪ, ਸੀਪ ਸੇ ਰੂਪਾ (ਚਾਂਦੀ), ਸੂਰਜ ਕੀ ਕਿਰਨ ਕੇ ਜਲ ਆਕਾਸ਼ ਮੇਂ ਤਰਿਵਰੇ (ਭਖ ਲੌਂਦੇ) ਔਰ ਦੂਸਰਾ ਚੰਦਰਮਾ, ਗੰਧ੍ਰਵ ਨਗਰ, ਸਵਪਨ ਕੀ ਨਗਰੀ ਭਾਸਤੀ ਹੈ। ਔਰ ਜੈਸੇ ਸੰਕਲਪ ਹੋਨੇ, ਸਮੁੰਦਰ ਮੇਂ ਤਰੰਗ, ਔਰ ਆਕਾਸ਼ ਮੇਂ ਨੀਲਤਾ, ਔਰ ਨੌਕਾ ਮੇਂ ਬੈਠਨੇ ਸੇ ਕਿਨਾਰੇ ਕੇ ਬ੍ਰਿਖ ਪਰਬਤ ਚਲਤੇ ਦ੍ਰਿਸ਼ਟ ਆਤੇ ਹੈਂ, ਔਰ ਬਾਦਲ ਚਲਨੇ ਸੇ ਚੰਦਰਮਾਂ ਧਾਵਤਾ ਦਿਖਤਾ ਹੈ, ਔਰ ਅਸਥੰਭ (ਥਮ) ਮੇਂ ਪੁਤਲੀ ਭਾਸਤੀ ਅਰ ਭਵਿਖ਼ਤ ਨਗਰ ਕਾ ਚਿਤਰ ਅਸੱਤ ਪਦਾਰਥ ਸਤ ਭਾਸਤੇ ਹੈਂ, ਤੈਸੇ ਜਗਤ ਅਗਿਆਨ ਸੇ ਅਰਥਕਾਰ (ਸਚ) ਭਾਸਤਾ ਹੈ ਔਰ ਗਿਆਨ ਸੇ ਲੀਨ ਹੋ ਜਾਤਾ ਹੈ, ਜੈਸੇ ਨਿਦ੍ਰਾ ਮੇਂ ਸਵਪਨ ਦ੍ਰਿਸ਼ਟ ਕੀ ਉਤਪਤ ਦੀਖਤੀ ਹੈ, ਔਰ ਜਾਗੇ ਸੇ ਨਵਿਰਤ ਹੋ ਜਾਤੀ ਹੈ, ਤੈਸੇ ਅਵਿਦਯਾ ਸੇ ਜਗਤ ਕੀ ਉਤਪਤੀ ਹੋਤੀ ਹੈ, ਪਰ

ਸਮਯਕ (ਸਚੇ) ਗਿਆਨ ਸੇ ਨਵਿਰਤ ਹੋ ਜਾਤੀ ਹੈ, ਸੋ ਅਵਿਦਿਆ ਕੁਛ ਵਸਤ ਹੀ ਨਹੀਂ। ਸੇ ਸਰਬ ਬ੍ਰਹਮ, ਚਿਦਾਕਾਸ਼, ਸੁਖ, ਅਨੰਦ, ਪਰਮਾਨੰਦ ਸਰੂਪ ਹੈ। ਉਸ ਸੇ ਨਾ ਜਗ ਉਪਜਤਾ, ਨਾ ਲੀਨ ਹੋਤਾ ਹੈ, ਜਿਉਂ ਕਾ ਤਿਉਂ ਆਤਮ ਸਤਾ ਅਪਨੇ ਆਪ ਮੇਂ ਇਸਥਿਤ ਹੈ। ਇਹ ਸਭ ਜਗਤ ਮਨ ਸੇ ਭਾਸ ਰਿਹਾ ਹੈ, ਵਾਸਤਵ ਮੇਂ ਕੁਛ ਨਹੀਂ, ਸਭ ਆਕਾਸ਼ ਰੂਪ ਹੈ। ਤਬ ਚਿਤ ਸਬੰਦਨ ਸਪੰਦ (in motion) ਹਰਕਤ ਵਿਚ ਹੋਤਾ ਹੈ, ਤਬ ਨਾਨਾ ਪ੍ਰਕਾਰ ਕਾ ਜਗਤ ਹੋ ਕੇ ਭਾਸਤਾ ਹੈ, ਅਰ ਜਬ ਨਿਸਪੰਦ (motionless, ਠਹਿਰਾ ਹੂਆ) ਹੋਤਾ ਹੈ, ਤਬ ਸਭ ਜਗਤ ਮਿਟ ਜਾਤਾ ਹੈ।

ਆਤਮ ਸ਼ੁਧ ਅਦਵੈਤ ਰੂਪ ਹੈ, ਅਰ ਜਗਤ ਭ੍ਰਮ ਮਾਤਰ ਹੈ, ਜਿਸ ਕੀ ਸਤਯਤਾ ਪੂਰਬ ਅਮਰ (ਦੀਰਘ) ਵਿਚਾਰ ਕੀਏ ਸੇ ਨਾ ਪਾਈਏ, ਉਸ ਕੋ ਭ੍ਰਮ ਮਾਤਰ ਜਾਨੀਏਂ। ਅਰ ਜਿਸਕਾ ਪੂਰਬ ਅਮਰ ਵਿਚਾਰ ਕੀਏ ਸੇ ਸਤਯ ਹੋਵੇ ਉਸ ਕਾ ਰੂਪ ਜਾਨੀਏਂ। ਸੋ ਇਸ ਜਗਤ ਕੀ ਸਤਯਤਾ ਆਦਿ ਅੰਤ ਮੇਂ ਕੁਛ ਨਹੀਂ, ਇਸ ਸੇ ਇਹ ਸਵਪਨ ਵਤ ਹੈ। ਜੈਸੇ ਸਵਪਨ ਆਦਿ ਅੰਤ ਮੇਂ ਕੁਛ ਨਹੀਂ, ਤੈਸੇ ਜਗਤ ਭੀ ਆਦਿ ਅੰਤ ਮੇਂ ਕੁਛ ਨਹੀਂ ਹੈ, ਇਸ ਸੇ ਜਗਤ ਅਰ ਸਵਪਨ ਦੋਨੋਂ ਤੁਲਯ ਹੈਂ, ਜਿਸ ਕਾ ਆਦਿ ਭੀ ਨਹੀਂ ਅਰ ਅੰਤ ਭੀ ਨਹੀਂ ਰਹੇ, ਉਸ ਕਾ ਮਧਯ ਭੀ ਅਸਤਯ ਜਾਨੀਏਂ।

ਜਗਤ ਅਰ ਬ੍ਰਹਮ ਮੇਂ ਕੁਛ ਭੇਦ ਨਹੀਂ। ਭੇਦ ਤਬ ਹੋਵੇ ਜੋ ਜਗਤ ਉਪਜਾ ਹੋਵੇ, ਜੋ ਜਗਤ ਹੀ ਨਾ ਹੋਏ ਤੋ ਭੇਦ ਕੈਸੇ ਭਾਸੇ ਅਰ ਜੋ ਭੇਦ ਭਾਸਤਾ ਹੈ ਸੋ ਮ੍ਰਿਗ ਤ੍ਰਿਸ਼ਨਾ ਕੇ ਜਲ ਵਤ ਹੈ। ਜੈਸੇ ਮ੍ਰਿਗ ਤ੍ਰਿਸ਼ਨਾ ਕੀ ਨਦੀ ਕੇ ਤਰੰਗ ਭਾਸਤੇ ਹੈਂ ਅਰ ਵਹਾਂ ਸੂਰਯ ਕੀ ਕਿਰਨੇਂ ਜਲ ਕੇ ਸਮਾਨ ਭਾਸਤੀ ਹੈਂ, ਅਰ ਜਲ ਕਾ ਕਹੀਂ ਨਾਮ ਭੀ ਨਹੀਂ, ਤੈਸੇ ਆਤਮਾ ਮੇਂ ਜਗਤ ਭਾਸਤਾ ਹੈ। ਕੁਛ ਉਪਜਾ





ਹੀ ਨਹੀਂ, ਸਰਬਦਾ ਅਦਵੈਤ ਸਤਾ ਅਪਨੇ ਆਪ ਮੇਂ ਸਥਿਤ ਹੈ, ਫਿਰ ਉਸ ਮੇਂ ਜਨਮ ਮਰਨ, ਬੰਦ ਮੁਕਤ ਕੈਸੇ ਹੋਏ? ਜਿਤਨੀ ਕਲਪਨਾ ਬੰਦ ਮੁਕਤ ਭਾਸਤੀ ਹੈ, ਸੋ ਵਾਸਤਵ ਕੁਛ ਨਹੀਂ, ਆਤਮਾ ਕੇ ਅਗਿਆਨ ਸੇ ਭਾਸਤੀ ਹੈ।

ਜੈਸੇ ਦ੍ਰਿੜ੍ਹਤਾ ਕਰਕੇ ਜਲ ਕੀ ਬਰਫ ਹੋਤੀ ਹੈ, ਤੈਸੇ ਦ੍ਰਿਸ਼ਯ ਕੀ ਦ੍ਰਿੜ੍ਹਤਾ ਕਰਕੇ ਅਧਿਭੌਤਕ (material, ਪਰਕਿਰਤੀ) ਜਗਤ ਦੀਖਤਾ ਹੈ। ਜਿਤਨਾ ਜਗਤ ਤੁਮਕੋ ਦ੍ਰਿਸ਼ਟ ਆਤਾ ਹੈ, ਸੋ ਸਭ ਅਕਾਸ਼ ਰੂਪ ਹੈ, ਕਿਸੀ ਪ੍ਰਿਥਵੀ ਆਦਿਕ ਭੂਤੋਂ ਸੇ ਨਹੀਂ ਹੂਆ, ਭ੍ਰਮ ਕਰਕੇ ਭਾਸਤਾ ਹੈ। ਜੈਸੇ ਸਵਪਨ ਨਗਰ ਆਕਾਸ਼ ਰੂਪ ਹੋਤਾ ਹੈ, ਕਿਸੀ ਕਾਰਨ ਸੇ ਨਹੀਂ ਉਪਜਾ, ਨਾ ਕਿਸੀ ਪ੍ਰਿਥਵੀ ਆਦਿਕ ਭੂਤੋਂ ਸੇ ਉਪਜਾ ਹੈ, ਸਭ ਅਕਾਸ਼ ਰੂਪ ਹੈ ਅਰ ਨਿਦ੍ਰ ਦੋਖ ਸੇ ਅਧਿਭੌਤਕ (material) ਹੋਕਰ ਭਾਸਤਾ ਹੈ, ਤੈਸੇ ਇਹ ਜਾਗਰਤ ਜਗਤ ਭੀ ਅਗਿਆਨ ਸੇ ਅਧਿਭੌਤਕ ਹੋਕਰ ਭਾਸਤਾ ਹੈ। ਇਹ ਸੰਪੂਰਨ ਜਗਤ ਸੰਕਲਪ ਮਾਤਰ ਹੈ, ਪੁਰਖ ਕੇ ਮਨ ਸੇ ਉਪਜਾ ਹੈ, ਜੈਸੇ ਬੀਜ ਸੇ ਦੇਸ ਕਾਲ ਕਰਕੇ ਅੰਕੁਰ ਨਿਕਲਤਾ ਹੈ, ਤੈਸੇ ਸਭ ਦ੍ਰਿਸ਼ਯ ਮਨ ਸੇ ਉਪਜਤੇ ਹੈਂ। ਉਹ ਮਨ ਰੂਪੀ ਬ੍ਰਹਮਾ ਹੈ, ਅਰ ਬ੍ਰਹਮਾ ਆਦਿ ਮਨ ਰੂਪ ਹੈਂ। ਉਨਕੇ ਸੰਕਲਪ ਸੇ ਸੰਪੂਰਨ ਜਗਤ ਸਥਿਤ ਹੈ, ਉਹ ਸਭ ਅਕਾਸ਼ ਰੂਪ ਹੈ। ਜੈਸੇ ਤੁਮ ਕੋ ਸਵਪਨ ਆਤਾ ਹੈ ਤਬ ਤੁਮਾਰਾ ਹੀ ਚਿਤਯ ਦ੍ਰਿਸ਼ਯ ਕੋ ਚੇਤਤਾ ਜਾਤਾ ਹੈ ਔਰ ਕਾਰਨ ਕੋਈ ਨਹੀਂ, ਤੈਸੇ ਇਹ ਜਗਤ ਹੈ, ਮਨ ਹੀ ਜਗਤ ਕਾ ਕਾਰਨ ਹੈ, ਔਰ ਕੋਈ ਨਹੀਂ।

ਰਾਮ ਜੀ - ਮਨ ਕਾ ਰੂਪ ਕਿਆ ਹੈ?

ਵਸ਼ਿਸ਼ਟ ਜੀ ਬੋਲੇ - ਮਨ ਕਾ ਰੂਪ ਕੁਛ ਦੇਖਨੇ ਮੇਂ ਨਹੀਂ ਆਤਾ, ਨਾਮ ਮਾਤਰ ਹੈ, ਵਾਸਤਵ ਮੇਂ ਇਸ ਕਾ ਰੂਪ ਕੁਛ ਨਹੀਂ।

ਅਸੱਤ ਰੂਪ ਜਗਤ ਜਿਸ ਕਰਕੇ ਭਾਸਤਾ ਹੈ, ਉਸ ਕਾ ਨਾਮ ਮਨ ਹੈ। ਸੰਕਲਪ ਵਿਕਲਪ ਜੋ ਫੁਰਨਾ ਹੈ, ਸੋ ਮਨ ਕਾ ਰੂਪ ਹੈ। ਜਹਾਂ ਜਹਾਂ ਸੰਕਲਪ ਫੁਰਤਾ ਹੈ, ਤਹਾਂ ਤਹਾਂ ਮਨ ਹੈ। ਅਵਿਦਿਆ, ਮਲੀਨਤਾ, ਤਮ, ਇਹ ਸਭ ਮਨ ਕੇ ਨਾਮ ਹੈਂ। ਸਭ ਦ੍ਰਿਸ਼ਯ ਮਨ ਰੂਪ ਹੈ, ਕਿਉਂਕਿ ਮਨ ਕਾ ਰਚਾ ਹੂਆ ਹੈ, ਵਾਸਤਵ ਮੇਂ ਕੁਝ ਨਹੀਂ। ਵਾਸਤਵ ਮੇਂ ਨਾ ਕੁਝ ਮਨ ਉਪਜਾ ਹੈ, ਨਾ ਜਗਤ ਹੈ, ਦੋਨੋਂ ਅਸੱਤ ਰੂਪ ਹੈਂ।

ਸਭ ਜਗਤ ਕੇ ਪੀਛੇ ਆਤਮ ਸੱਤਾ ਹੈ ਉਹ ਨਿਤ, ਸੁਧ, ਬੁਧ, ਪ੍ਰਮਾਨੰਦ ਰੂਪ ਹੈ, ਸਭ ਪਦਾਰਥ ਉਸੀ ਆਤਮ ਸੱਤਾ ਸੇ ਹੋਤੇ ਹੈਂ।

ਜੈਸੇ ਵਾਯੂ ਸਪੰਦ (in motion) ਰੂਪ ਹੋਤੀ ਹੈ ਤੋ ਭਾਸਤੀ ਹੈ, ਨਿਸਪੰਦ (motionless) ਰੂਪ ਨਹੀਂ ਭਾਸਤੀ, ਪਰੰਤੂ ਵਾਯੂ ਉਹੀ ਹੈ, ਜੈਸੇ ਜਬ ਚਿਤ ਸਪੰਦ ਰੂਪ ਹੋਤਾ ਹੈ ਤਬ ਜਗਤ ਰੂਪ ਹੋ ਕਰ ਭਾਸਤਾ ਹੈ, ਜਬ ਨਿਸਪੰਦ ਰੂਪ ਹੋਤਾ ਹੈ ਤਬ ਜਗਤ ਮਿਟ ਜਾਤਾ ਹੈ, ਆਤਮ ਸੱਤਾ ਸਦਾ ਏਕ ਰਸ ਰਹਿਤੀ ਹੈ। ਆਤਮ ਸੱਤਾ ਹੀ ਚਿਤ ਕੇ ਫੁਰਨੇ ਸੇ ਜਗਤ ਰੂਪ ਹੋ ਕਰ ਭਾਸਤੀ ਹੈ।

ਜੈਸੇ ਛਾਇਆ ਸੇ ਧੂਪ ਨਹੀਂ ਉਪਜਤੀ, ਤੈਸੇ ਤਤੋਂ ਸੇ ਜਗਤ ਨਹੀਂ ਉਪਜਤਾ, ਕਿਉਂਕਿ ਤਤ ਆਦਿ ਆਪ ਹੀ ਨਹੀਂ ਉਪਜੇ, ਤੋ ਕਾਰਨ ਕਿਸਕਾ ਹੂਏ? ਜੈਸੇ ਸਵਪਨ ਨਗਰ ਅਕਾਰਨ ਹੈ ਤੈਸੇ ਜਗਤ ਕਾਰਨ ਸੇ ਰਹਿਤ ਹੈ।

ਆਤਮ ਸਤ ਜਗਤ ਕਾ ਕਾਰਨ ਨਹੀਂ, ਕਿਉਂਕਿ ਜਗਤ ਕੁਛ ਹੂਆ ਹੀ ਨਹੀਂ, ਸੱਤਾ ਹੀ ਜਗਤ ਰੂਪ ਹੋ ਕਰ ਭਾਸਤੀ ਹੈ।

ਜੈਸਾ ਬੀਜ ਹੋਤਾ ਹੈ, ਤੈਸਾ ਹੀ ਬ੍ਰਿਖਯ ਹੋਤਾ ਹੈ, ਇਹ





ਜਗਤ ਸੰਕਲਪ ਸੇ ਉਤਪੰਨ ਹੋਤਾ ਹੈ, ਅਰ ਸੰਕਲਪ ਅਕਾਸ਼ ਰੂਪ ਹੈ, ਸੋ ਜਗਤ ਭੀ ਅਕਾਸ਼ ਰੂਪ ਹੈ।

ਹੇ ਰਾਮ ਜੀ! ਜੀਵ ਕੋ ਸਰੀਰ ਕੈਸੇ ਗ੍ਰਹਿਣ ਹੂਆ? ਸੋ ਸੁਣੀਏ! ਸ਼ੁਧ ਬ੍ਰਹਮ ਮੇਂ ਜੋ ਚੇਤ ਅਹੰ ਅਹਿਮ (ਮੈਂ ਹੂੰ) ਹੂਆ ਉਸ ਅਹੰਭਾਵ ਸੇ ਆਪ ਕੋ ਜੀਵ ਜਾਨਨੇ ਲਗਾ, ਅਰ ਅਪ-ਵਾਸਤਵ (unreal) ਸਰੂਪ ਅਨਯਭਾਵ ਕੀ ਨਿਆਈਂ ਉਸੇ ਜੀਵ ਅਣ ਸੇਂ ਅਹੰਭਾਵ ਦ੍ਰਿੜ ਹੂਆ। ਉਸ ਅਹੰਕਾਰ ਕੀ ਦ੍ਰਿੜਤਾ ਸੇ ਨਿਸਚੇਯਾਤਮ ਬੁਧਿ (intelligence) ਹੂਈ, ਉਸ ਸੇ ਸੰਕਲਪ ਰੂਪ ਮਨ ਹੂਆ, ਅਬ ਮਨ ਹੂਆ, ਅਬ ਮਨ ਬਾਹਰ ਓਰ ਸਸਰਨੇ (ਫੁਰਨੇ) ਲਗਾ, ਤਬ ਸੁਨਨੇ ਕੀ ਇਛਾ ਕਰੀ, ਤਬ ਚਖਯਾ (ਆਂਖੇਂ) ਇੰਦ੍ਰੀਯ ਪਰਗਟ ਹੂਈਂ ਰਸ ਕੀ ਇਛਾ ਸੇ ਇਹ ਇੰਦ੍ਰਯ ਚੇਤਤਾ ਸੇ ਭਾਸੀ, ਉਨ ਮੇਂ ਇਹ ਜੀਵ ਅਹੰ ਪ੍ਰਤੀਤ ਕਰਨੇ ਲਗਾ।

ਸਗਲ ਸ੍ਰਿਸਟੀ ਮਨੁੱਖ ਕੇ ਚਿਤ ਮੇਂ ਹੀ ਹੈ, ਕੋਈ ਬਾਹਰ ਨਹੀਂ। ਸੰਕਲਪ ਸੇ ਭਾਸਨੇ ਲਗਤੀ ਹੈ, ਵਿਚਾਰ ਸੇ ਅਲੋਪ ਹੋ ਜਾਤੀ ਹੈ।

## ਜਗਤ ਸੁਪਨਾ ਹੈ -

We are such stuff as dreams are made of." Swami Vivekananda wrote: "This world has no existence. What is meant by that? It means that it has no absolute existence. It exists only in relation to my mind, to your mind and to the mind of else. We see this world with the five

senses, but if we had another Sense, we would see in it something more; if we have yet another Sense, it would appear as something still different. It has, therefore, no real existence."

ਉਲਥਾ - ਇਸ ਜਗਤ ਦੀ ਕੋਈ ਹਸਤੀ ਨਹੀਂ। ਇਸ ਦਾ ਕੀ ਅਰਥ ਹੈ? ਇਸ ਕਾ ਅਰਥ ਇਹ ਹੈ ਕਿ ਜਗਤ ਦੀ ਅਸਲੀਅਤ ਵਿਚ ਅਰਥ ਕੋਈ ਪੱਕੀ ਜਾਂ ਨਿੱਗਰ ਹੋਂਦ ਨਹੀਂ। ਇਹ ਕੇਵਲ ਮੇਰੇ, ਤੁਹਾਡੇ ਜਾਂ ਹਰ ਇਕ ਦੇ ਮਨ ਕਰਕੇ ਪਿਆ ਭਾਸਦਾ ਹੈ। ਜਗਤ ਕੇਵਲ ਸਾਡੇ ਪੰਜ ਗਿਆਨ ਇੰਦਰਿਆਂ ਨੂੰ ਪਿਆ ਭਾਸਦਾ ਹੈ। ਜੇਕਰ ਸਾਡਾ ਇਕ ਗਿਆਨ ਇੰਦਰਾ ਹੋਰ ਹੁੰਦਾ ਤਾਂ ਸਾਨੂੰ ਜਗਤ ਵਿਚ ਕੁਝ ਵਧੇਰੇ ਹੋਰ ਭਾਸਣ ਲਗ ਜਾਣਾ ਸੀ, ਅਤੇ ਜੇਕਰ ਇਕ ਹੋਰ ਗਿਆਨ ਇੰਦਰਾ ਹੁੰਦਾ ਤਾਂ ਪਹਿਲੇ ਤੋਂ ਵਧ ਕੁਝ ਹੋਰ ਦਿਸ ਪੈਣਾ ਸੀ, ਇਸ ਕਰਕੇ ਜਗਤ ਦੀ ਆਪਣੀ ਕੋਈ ਅਸਲ ਜਾਂ ਖਾਸ ਹੋਂਦ ਨਹੀਂ।

*- ਸਵਾਮੀ ਵਿਵੇਕਾਨੰਦ ਜੀ*

"I can not say that this chain exists. When I think that I do not know it, it may be an entire delusion of my brain. I may be dreaming all the time. I am dreaming that I am talking to you and that you are listening to me. No one can prove that it is not a dream. My brain itself may be a dream and as to that no one has ever seen his own brain. We all take it for granted. So it is with everything. My own body I take





for granted. At the same time I cannot say I do not know. This standing between knowledge and ignorance, this mystic twilight, the mingling of truth and falsehood - and where they meet no one knows. We are walking in the midst of a dream, half-sleeping, half-walking, passing all our lives in a haze, this is the fate of every one of us. This is the fate of all sense knowledge. This is the fate of all philosophy, of all boasted human knowledge. This is the Universe.

ਉਲਥਾ - ਮੈਂ ਕਹਿ ਨਹੀਂ ਸਕਦਾ ਕਿ ਜੀਵਨ ਰੂਪੀ ਜ਼ੰਜੀਰ ਵਾਸਤਵ ਵਿਚ ਹੈ, ਜਦ ਕਿ ਮੈਂ ਇਸ ਬਾਬਤ ਕੁਝ ਨਹੀਂ ਜਾਣਦਾ। ਇਹ ਮੇਰੇ ਦਿਮਾਗ ਦਾ ਕੇਵਲ ਇਕ ਵਹਿਮ ਜਾਂ ਭਰਮ ਹੀ ਹੋ ਸਕਦਾ ਹੈ, ਮੈਂ ਕੇਵਲ ਸਾਰਾ ਸਮਾਂ ਸੁਫਨਾ ਹੀ ਵੇਖ ਰਿਹਾ ਹੋਵਾਂ। ਹੋ ਸਕਦਾ ਹੈ ਮੈਂ ਤੁਹਾਡੇ ਨਾਲ ਗਲਾਂ-ਬਾਤਾਂ ਕੇਵਲ ਸੁਪਨੇ ਵਿਚ ਹੀ ਕਰ ਰਿਹਾ ਹੋਵਾਂ ਅਤੇ ਤੁਸੀਂ ਮੇਰੀਆਂ ਬਾਤਾਂ ਨੂੰ ਕੇਵਲ ਸੁਪਨੇ ਵਿਚ ਹੀ ਸੁਣ ਰਹੇ ਹੋਵੋ। ਹੋ ਸਕਦਾ ਹੈ ਕਿ ਮੇਰਾ ਦਿਮਾਗ ਵੀ ਸੁਪਨੇ ਦਾ ਹੀ ਇਕ ਅੰਗ ਹੋਵੇ। ਕਿਸੇ ਨੇ ਆਪਣਾ ਦਿਮਾਗ ਕਦੀ ਦੇਖਿਆ ਤੇ ਹੈ ਨਹੀਂ। ਅਸੀਂ ਮਨ ਲੀਤਾ ਹੋਇਆ ਹੈ ਕਿ ਸਾਡੇ ਅੰਦਰ ਦਿਮਾਗ ਹੁੰਦਾ ਹੈ, ਪਰ ਉਸ ਦਾ ਸਾਡੇ ਪਾਸ ਕੀ ਸਬੂਤ ਹੈ? ਇਸੇ ਤਰ੍ਹਾਂ ਹਰ ਚੀਜ਼ ਹੀ ਸੁਪਨਾ ਹੋ ਸਕਦੀ ਹੈ। ਮੈਂ ਆਪਣਾ ਸਰੀਰ ਮੰਨ ਲੀਤਾ ਹੈ ਕਿ ਹੈ, ਪਰ ਨਾਲ ਹੀ ਮੈਂ ਇਹ ਨਹੀਂ ਕਹਿ ਸਕਦਾ ਕਿ ਮੈਨੂੰ ਕੁਝ ਪਤਾ ਨਹੀਂ।

ਇਹ ਗਿਆਨ ਅਤੇ ਅਗਿਆਨਤਾ ਦੇ ਵਿਚਕਾਰ ਮੇਰਾ

ਖਲੋਤੇ ਹੋਣਾ ਸਵੇਰ ਸਾਰ ਦੇ ਧੁੰਧਲੇ ਵਾਂਗਰ ਹੈ - ਜਿਸ ਵਿਚ ਸਚ ਤੇ ਝੂਠ ਦੋਵੇਂ ਪਤਾ ਨਹੀਂ ਕਿਥੇ ਮਿਲਦੇ ਹਨ। ਅਸੀਂ ਸਭ ਸੁਫਨੇ ਦੀ ਅਵਸਥਾ ਵਿਚੋਂ ਲੰਘ ਰਹੇ ਹਾਂ। ਸਾਡੀਆਂ ਅਧੀਆਂ ਅੱਖਾਂ ਖੁਲ੍ਹੀਆਂ ਅਤੇ ਅਧੀਆਂ ਮੀਟੀਆਂ ਹੋਈਆਂ ਹਨ। ਸਾਡਾ ਸਭ ਦਾ ਜੀਵਨ ਇਸ ਪ੍ਰਕਾਰ ਹੈ। ਗਿਆਨ ਇੰਦਰਿਆਂ ਤੋਂ ਉਪਜੇ ਗਿਆਨ ਦਾ ਇਹੋ ਹਾਲ ਹੈ। ਸਾਡੀ ਸਾਰੀ ਫਿਲਾਸਫੀ ਦਾ ਇਹੋ ਹਾਲ ਹੈ ਅਤੇ ਸਾਡੇ ਸਾਰੇ ਇਨਸਾਨੀ ਗਿਆਨ ਦਾ ਇਹੋ ਹਾਲ ਹੈ - ਇਹ ਹੈ ਸਾਡੀ ਜਗਤ ਰਚਨਾ।

*- ਸਵਾਮੀ ਵਿਵੇਕਾਨੰਦ ਜੀ*

"Everything that has form. Everything that calls up an idea in your mind, is within *maya*, for everything that is bound by the laws of time space and causation is within *maya*.

So *maya* is the sum total of time, space and causation.

All manifestations and Emanations of the Absolute are mental creations of the Absolute ............ Through forms held in the infinite spirit in them and them in the infinite spirit. And the only real thing about man is spirit involved in the thought form .... the rest is mere personality which changes and ceases to be."





ਉਲਥਾ - ਹਰ ਚੀਜ਼ ਜਿਸ ਦਾ ਅਕਾਰ ਹੈ, ਹਰ ਖ਼ਿਆਲ ਜੋ ਮਨ ਵਿਚ ਕੋਈ ਖ਼ਿਆਲੀ ਤਸਵੀਰ ਬਣਾ ਸਕਦਾ ਹੈ .... ਸਭ ਮਾਇਆ ਵਿਚ ਹੈ, ਕਿਉਂਕਿ ਜੋ ਕੁਝ ਵੀ ਦੇਸ, ਕਾਲ, ਕਾਰਨ ਦੇ ਕਾਨੂੰਨ ਅੰਦਰ ਹੈ, ਉਹ ਸਭ ਮਾਇਆ ਹੈ। ਇਸ ਕਰਕੇ ਦੇਸ, ਕਾਲ, ਕਾਰਨ ਮਜਮੂਆ ਮਾਇਆ ਹੈ।

ਨਿਰਗੁਨ ਤੋਂ ਉਤਪੰਨ ਹੋਣ ਵਾਲੀ ਅਤੇ ਨਿਕਲਣ ਵਾਲੀ ਸਭ ਰਚਨਾ ......... ਖ਼ਿਆਲੀ ਹੁੰਦੀ ਹੈ ........ ਸੁਪਨੇ ਵਰਗੀ ਹੁੰਦੀ ਹੈ। ਖ਼ਿਆਲੀ ਤਸਵੀਰਾਂ ਵਿਚ ਬੇ-ਅੰਤ ਅਤੇ ਬੇ-ਅੰਤ ਰੂਹ (ਆਤਮਾ) ਅੰਦਰ ਖ਼ਿਆਲੀ ਤਸਵੀਰਾਂ ਹੁੰਦੀਆਂ ਹਨ।

ਆਦਮੀ ਸੰਬੰਧੀ ਸਚਾਈ ਇਹ ਹੈ ਕਿ ਆਦਮੀ ਐਸੀ ਰੂਹ ਹੈ ਜੋ ਖ਼ਿਆਲੀ ਢਾਂਚੇ ਵਿਚ ਉਤਰੀ ਹੋਈ ਹੈ ........ ਆਦਮੀ ਦੀ ਜੋ ਹਉਮੈ ਹੁੰਦੀ ਹੈ ਉਹ ਬਦਲਦੀ ਰਹਿੰਦੀ ਹੈ ਅਤੇ ਅੰਤ ਖ਼ਤਮ ਹੋ ਜਾਂਦੀ।

*- ਯੋਗੀ ਰਾਮਾ ਚਕਰਾ ਜੀ*

"According to Vedanta, "In reality there is no manifold world, but only Brahaman, and that what we consider as world is mere illusion (*maya*) similar to '*mrigtrishna*' which disappears when we approach it, and not more to be feared than the rope, which we took in the darkness as a serpent. There are as you see, many similies in the *Vedanta* to illustrate the illusive character of this world, but the best of them is, perhaps, when Shankra compares our

life to a long dream .......... a man whilst dreaming does not doubt the reality of the dream, but this reality disappears in the moment of awakening to give place to a truer reality which we are not aware of whilst dreaming. The life, a dream! this has been the thought of many wise men from Pindar and Sophocles to Shakespeare and Calderon de la Barch, but nobody has better explained this idea than Shankra. And, indeed, the moment when we die it may be nothing so similar to the awakening after a long and heavy dream : it may be, that then heaven and earth are blown away like nightly phantoms of the dream and what then may stand before us? or rather in us? Brahma, the eternal reality which has been hidden from us till then by the dream of life! This world is maya, is illusion, is not the very reality, that is the deepest thought of esoteric Vedanta, attained by *Anubhava*, by returning from this variegated world to the deep recess of our own self (Atman). This was the way the Indian thinkers went and by a similar way, shown by Parmenides. Plato came to the same truth, when knowing and teaching that this world is a world





of shadows and that the reality is not in these shadows, but behind them.

*.. The Elements of Metaphysics, 331*

ਵੇਦਾਂਤ ਅਨੁਸਾਰ 'ਜਗਤ ਕਦੀ ਉਤਪੰਨ ਨਹੀਂ ਹੋਇਆ, ਕੇਵਲ ਬ੍ਰਹਮ ਹੀ ਬ੍ਰਹਮ ਹੈ - ਜਿਸ ਨੂੰ ਅਸੀਂ ਜਗਤ ਰਚਨਾ ਸਮਝਦੇ ਹਾਂ, ਇਹ ਕੇਵਲ ਮਾਇਆ ਜਾਂ ਮ੍ਰਿਗ ਤ੍ਰਿਸ਼ਨਾ ਵਾਲਾ ਧੋਖਾ ਹੈ, ਜਿਹੜਾ ਜਦ ਉਥੇ ਪਹੁੰਚੇ ਤਾਂ ਅਲੋਪ ਹੋ ਜਾਂਦਾ ਹੈ ਅਤੇ ਹਨੇਰੇ ਕਰਕੇ ਰੱਸੀ ਵਿਚ ਭਾਸ ਰਹੇ ਸੱਪ ਵਾਂਗ ਬਿਲਕੁਲ ਡਰ ਜਾਂ ਖ਼ਤਰੇ ਤੋਂ ਰਹਿਤ ਹੁੰਦਾ ਹੈ।

ਵੇਦਾਂਤ ਵਿਚ ਮਾਇਆ ਦੇ ਫ਼ਰੇਬ ਨੂੰ ਸਮਝਾਉਣ ਵਾਸਤੇ ਬਹੁਤ ਮਿਸਾਲਾਂ ਵਰਤੀਆਂ ਹਨ ਪਰ ਸਭ ਤੋਂ ਚੰਗੀ ਮਿਸਾਲ ਉਹ ਹੈ ਜਿਸ ਵਿਚ ਸ਼ੰਕਰਾਚਾਰੀਆ ਜੀ ਜਗਤ ਰਚਨਾ ਨੂੰ ਇਕ ਲੰਮੇ ਸੁਪਨੇ ਵਾਂਗ ਦਸਦੇ ਹਨ। ਜਿਸ ਤਰ੍ਹਾਂ ਸੁਫਨਾ ਦੇਖਣ ਵਾਲੇ ਨੂੰ ਸੁਪਨਾ ਸੱਚ ਪਰਤੀਤ ਹੁੰਦਾ ਅਤੇ ਉਸ ਨੂੰ ਉਸ ਦੇ ਸੱਚ ਹੋਣ ਤੇ ਕੋਈ ਸ਼ਕ ਨਹੀਂ ਹੁੰਦਾ, ਜਦ ਤਕ ਕਿ ਉਸ ਦੀ ਅੱਖ ਨਾ ਖੁਲ੍ਹੇ। ਜਾਗ ਆਉਣ ਤੇ ਸਾਰਾ ਸੁਪਨਾ ਅਲੋਪ ਹੋ ਜਾਂਤਾ ਹੈ, ਝੂਠ ਬਣ ਜਾਂਦਾ ਹੈ, ਜਗਤ ਰਚਨਾ ਇਕ ਸਪਨਾ ਹੈ, ਇਹ ਮਹਾਤਮਾ ਪਿੰਡਾਰ ਤੇ ਸੋਫੋਕਲੀ ਤੋਂ ਲੈ ਕੇ ਸੈਕਸ਼ਪੀਅਰ ਅਤੇ ਕਲਦਰਗਨ ਡੀ ਲਾ ਵਰਗੇ ਤਕ ਮੰਨਦੇ ਆਏ ਹਨ ਪਰ ਸ਼ੰਕਰਾਚਾਰੀਆ ਜੀ ਵਾਂਗ ਸਪਸ਼ਟ ਤੌਰ ਤੇ ਇਸ ਨੂੰ ਕਿਸੇ ਨੇ ਨਹੀਂ ਬਿਆਨ ਕੀਤਾ। ਇਂਜ ਹੀ ਮੌਤ ਦੇ ਸਮੇਂ ਹੋ ਸਕਦਾ ਹੈ ਕਿ ਸਾਡੀ ਕਿਸੇ ਲੰਬੇ ਤੇ ਭਾਰੇ ਸੁਪਨੇ ਤੋਂ ਅੱਖ ਖੁਲ੍ਹੇ ਅਤੇ ਜ਼ਮੀਨ, ਅਸਮਾਨ, ਸਤਾਰੇ ਸਭ ਇਕ ਸੁਪਨੇ ਵਾਂਗ ਅਲੋਪ ਹੋ ਜਾਣ। ਤਦ ਫੇਰ ਸਾਡੇ ਸਾਹਮਣੇ ਜਾਂ ਸਾਡੇ ਵਿਚ ਕੀ ਰਹਿ ਜਾਵੇਗਾ? ਕੇਵਲ ਸਾਡਾ ਆਪਣਾ ਮੂਲ-ਬ੍ਰਹਮ ਜੋ

ਅਬਿਨਾਸ਼ੀ, ਅਮਰ ਤੇ ਅਟਲ ਹੈ।

ਵੇਦਾਂਤ ਦੀ ਨਿਰਗੁਣ ਸਿਖਿਆ ਇਹ ਹੈ ਕਿ ਜਗਤ ਰਚਨਾ ਮਿਥਿਆ ਹੈ, ਸਚਾਈ ਨਹੀਂ ਅਤੇ ਐਸਾ ਅਨੁਭਵ ਦੇ ਨੇਤਰਾਂ ਨੂੰ ਜਗਤ ਰਚਨਾ ਵਲੋਂ ਸੁਰਤ ਖਿੱਚ ਕੇ ਆਪੇ ਨਾਲ ਜੁੜ ਕੇ ਪਰਤੀਤ ਹੁੰਦਾ ਹੈ। ਭਾਰਤ ਵਰਸ਼ ਦੇ ਮਹਾਂਪੁਰਖਾਂ ਨੇ ਜਗਤ ਰਚਨਾ ਨੂੰ ਸੁਪਨਾ ਦਸਿਆ ਹੈ ਤੇ ਮਹਾਤਮਾ ਪਰਮੀਦਾਸ ਮਹਾਤਮਾਂ ਪਲੇਟੋ ਵੀ ਇਸ ਨਤੀਜੇ ਤੇ ਪਹੁੰਚੇ ਅਤੇ ਆਖਿਆ ਕਿ ਜਗਤ ਰਚਨਾ ਪਰਛਾਵੇਂ ਹਨ ਅਤੇ ਸਚਾਈ ਜਾਂ ਸਤ ਵਸਤੂ ਇਹਨਾਂ ਦੇ ਪਿਛੇ ਹੈ।

*– ਐਲੀਮੈਂਟਸ ਆਫ ਮੇਟਾਫਿਜ਼ਕਸ, ਸਫਾ 331*

# ਜਗਤ ਸੁਪਨਾ ਹੈ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ 'ਜਗਤਾ ਸੁਪਨਾ' ਹੋਣ ਸੰਬੰਧੀ ਅਨੇਕਾਂ ਸ਼ਬਦ ਹਨ, ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਕਿ ਸਿੱਖ ਫ਼ਿਲਾਸਫੀ ਵਿਚ ਜਗਤ ਰਚਨਾ ਨੂੰ ਸਤ ਨਹੀਂ ਸਮਝਿਆ ਗਿਆ, ਸਗੋਂ ਮਿਥਿਆ, ਝੂਠੀ ਤੇ ਅਸੱਤ ਮੰਨਿਆ ਗਿਆ ਹੈ।

*ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ ॥*

*ਅੰਗ - 18*

*ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ ॥*
*ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ ॥*
*ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ ॥*

*ਅੰਗ - 63*





*ਫੰਓਲਿਮੁ ਫੂਕਿਮੁ ਫਿਨੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥*

*ਅੰਗ - 138*

*ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥*

*ਅੰਗ - 209*

*ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥*

*ਅੰਗ - 223*

*ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ ਹੈ ਸੁਪਨਾ ॥*

*ਅੰਗ-258*

*ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ ॥*
*ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿ ਮੁਖਿ ਸਤਿ ਕਹੇ ॥*

*ਅੰਗ - 406*

*ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥*
*ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ ॥*

*ਅੰਗ - 482*

*ਚੰਚਲੁ ਸੁਪਨੈ ਹੀ ਉਰਝਾਇਓ ॥*
*ਇਤਨੀ ਨ ਬੂਝੈ ਕਬਹੂ ਚਲਨਾ ਬਿਕਲ ਭਇਓ ਸੰਗਿ ਮਾਇਓ ॥*

*ਅੰਗ - 531*

*ਰੇ ਨਰ ਇਹ ਸਾਚੀ ਜੀਅ ਧਾਰਿ ॥*
*ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥*

*ਅੰਗ - 633*

*ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥*
*ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥*
*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖ ਲਾਇਆ ॥ ਅੰਗ - 707*

*ਇਹੁ ਸੁਪਨਾ ਸੋਵਤ ਨਹੀ ਜਾਨੈ ॥*
*ਅਚੇਤ ਬਿਵਸਥਾ ਮਹਿ ਲਪਟਾਨੈ ॥ ਅੰਗ - 740*

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ ਅੰਗ - 808*

ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥
ਅੰਗ - 808

ਮਾਇਆ ਕੇ ਮਾਤੇ ਤੈ ਉਠਿ ਚਲਨਾ॥
ਰਾਚਿ ਰਹਿਓ ਤੂ ਸੰਗਿ ਸੁਪਨਾ॥ ਅੰਗ - 889

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ ਅੰਗ - 1083

ਬਿਆਪਤ ਹਰਖ ਸੋਗ ਬਿਸਥਾਰ॥
ਬਿਆਪਤ ਸੁਰਗ ਨਰਕ ਅਵਤਾਰ॥
ਬਿਆਪਤ ਧਨ ਨਿਰਧਨ ਪੇਖਿ ਸੋਭਾ॥
ਮੂਲੁ ਬਿਆਧੀ ਬਿਆਪਸਿ ਲੋਭਾ॥
ਮਾਇਆ ਬਿਆਪਤ ਬਹੁ ਪਰਕਾਰੀ॥
ਸੰਤ ਜੀਵਹਿ ਪ੍ਰਭ ਓਟ ਤੁਮਾਰੀ॥
ਬਿਆਪਤ ਅਹੰਬੁਧਿ ਕਾ ਮਾਤਾ॥
ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ॥
ਬਿਆਪਤ ਹਸਤਿ ਘੋੜੇ ਅਰੁ ਬਸਤਾ॥
ਬਿਆਪਤ ਰੂਪ ਜੋਬਨ ਮਦ ਮਸਤਾ॥
ਬਿਆਪਤ ਭੂਮਿ ਰੰਕ ਅਰੁ ਰੰਗਾ॥
ਬਿਆਪਤ ਗੀਤ ਨਾਦ ਸੁਣਿ ਸੰਗਾ॥
ਬਿਆਪਤ ਸੇਜ ਮਹਲ ਸੀਗਾਰ॥
ਪੰਚ ਦੂਤ ਬਿਆਪਤ ਅੰਧਿਆਰ॥
ਬਿਆਪਤ ਕਰਮ ਕਰੈ ਹਉ ਫਾਸਾ॥
ਬਿਆਪਤਿ ਗਿਰਸਤ ਬਿਆਪਤ ਉਦਾਸਾ॥
ਆਚਾਰ ਬਿਉਹਾਰ ਬਿਆਪਤ ਇਹ ਜਾਤਿ॥
ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤ॥
ਸੰਤਨ ਕੇ ਬੰਧਨ ਕਾਟੇ ਹਰਿ ਰਾਇ॥
ਤਾ ਕਉ ਕਹਾ ਬਿਆਪੈ ਮਾਇ॥
ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥
ਤਾ ਕੈ ਨਿਕਟਿ ਨ ਆਵੈ ਮਾਈ॥ ਅੰਗ - 182





# ਸੁਪਨਾ

ਸੁਪਨੇ ਵਿਚ ਦੇਖੀਆਂ ਸਭ ਚੀਜ਼ਾਂ ਤੇ ਪਦਾਰਥ ਸਿਥਿਆ ਹੁੰਦੇ ਹਨ, ਕਿਉਂਕਿ ਉਹ ਸਭ ਸਾਡੇ ਸਰੀਰ ਅੰਦਰ ਹੀ ਨਜ਼ਰ ਆਉਂਦੇ ਹਨ ਅਤੇ ਛੋਟੀ ਜਿਹੀ ਹਦ ਵਾਲੀ ਥਾਂ ਵਿਚ ਹੁੰਦੇ ਹਨ। ਸੁਪਨੇ ਦਾ ਪਹਾੜ ਕੇਵਲ ਸਾਡੇ ਅੰਦਰ ਹੀ ਹੁੰਦਾ ਹੈ। ਪਹਾੜ ਸਾਡੇ ਨਿਕੇ ਜਿਹੇ ਅੰਦਰ ਕਿਵੇਂ ਹੋ ਸਕਦਾ ਹੈ? ਇਸ ਲਈ ਉਹ ਸੁਪਨੇ ਦਾ ਪਹਾੜ ਸੱਚਾ ਪਹਾੜ ਨਹੀਂ ਹੁੰਦਾ, ਅਸੱਤ ਜਾਂ ਝੂਠ ਹੁੰਦਾ ਹੈ।

ਸਾਡੇ ਅੰਦਰ ਕੋਈ ਦੇਸ ਜਾਂ ਫਾਸਲਾ (space) ਤਾਂ ਹੁੰਦਾ ਨਹੀਂ ਜਿਸ ਵਿਚ ਮੋਟਰ ਕਾਰ ਜਾਂ ਵਡੇ ਵਡੇ ਮਕਾਨ ਖਲੋ ਸਕਣ, ਇਸ ਕਰਕੇ ਸੁਪਨੇ ਵਿਚ ਦੇਖੇ ਮਕਾਨ, ਜਾਨਵਰ, ਦਰਿਆ, ਪਹਾੜ ਆਦਿ ਅਸਲ ਵਿਚ ਕੁਝ ਨਹੀਂ ਹੁੰਦੇ, ਐਵੇਂ ਸਾਡੇ ਮਨ ਨੂੰ ਭਾਸਦੇ ਹਨ। ਸਾਡੇ ਮਨ ਅੰਦਰ ਤਾਂ ਇਕ ਵਾਲ ਰਖਣ ਦੀ ਥਾਂ ਵੀ ਨਹੀਂ, ਇਸ ਲਈ ਸੁਪਨੇ ਵਿਚ ਦਿਸਣ ਵਾਲੇ ਸਭ ਦਰਿਸ਼ ਤੇ ਨਜ਼ਾਰੇ ਝੂਠ ਹੁੰਦੇ ਹਨ, ਅਸਲ ਵਿਚ ਹੁੰਦੇ ਨਹੀਂ, ਐਵੇਂ ਭਾਸਦੇ ਹਨ। ਜਦ ਸਾਡੇ ਮਨ ਅੰਦਰ ਕਿਸੇ ਚੀਜ਼ ਦੇ ਰਖਣ ਲਈ ਥਾਂ ਹੀ ਨਹੀਂ ਤਾਂ ਕੁਦਰਤੀ ਤੌਰ ਤੇ ਸੁਪਨੇ ਵਿਚ ਦਿਸਦੀਆਂ ਸਭ ਚੀਜ਼ਾਂ ਦੀ ਹਸਤੀ ਨਹੀਂ ਹੋ ਸਕਦੀ।

ਸੁਪਨੇ ਵਿਚ ਵਕਤ ਜਾਂ ਸਮਾਂ ਇਤਨਾ ਥੋੜ੍ਹਾ ਹੁੰਦਾ ਹੈ ਕਿ

ਸੁਪਨੇ ਵਿਚ ਦਿਸ ਰਹੀਆਂ ਥਾਵਾਂ ਤੇ ਜਾ ਕੇ ਉਹਨਾਂ ਨੂੰ ਦੇਖਣ ਦਾ, ਨਾ ਸਪੁਨੇ ਵਿਚ ਹੀ ਸਮਾਂ ਹੁੰਦਾ ਹੈ ਤੇ ਨਾ ਜਾਗ ਕੇ ਉਥੇ ਜਾਣ ਦਾ ਮੌਕਾ ਹੁੰਦਾ ਹੈ। ਮੰਜੇ ਤੇ ਲੇਟਿਆ ਆਦਮੀ ਸੁਪਨੇ ਅੰਦਰ ਸੈਂਕੜੇ ਮੀਲਾਂ ਦੇ ਫਾਸਲੇ ਤੇ ਵਸਦੇ ਸ਼ਹਿਰਾਂ ਤੇ ਥਾਵਾਂ ਤੇ ਪਹੁੰਚਦਾ ਹੈ ਪਰ ਉਸ ਦਾ ਸ਼ਰੀਰ ਤੇ ਮੰਜੀ ਤੇ ਪਿਆ ਹੁੰਦਾ ਹੈ, ਇਸ ਕਰਕੇ ਉਸਦਾ ਸੈਂਕੜੇ ਮੀਲਾਂ ਤੇ ਵਸਦੇ ਸ਼ਹਿਰਾਂ ਨੂੰ ਸੁਪਨੇ ਵਿਚ ਦੇਖਣਾ ਐਵੇਂ ਭਰਮ ਹੀ ਹੁੰਦਾ ਹੈ, ਅਸਲੀਅਤ ਜਾਂ ਸਚਾਈ ਨਹੀਂ ਹੁੰਦੀ। ਸੁਪਨੇ ਅੰਦਰ ਦੂਰ ਦੂਰ ਦੀਆਂ ਥਾਵਾਂ ਵੇਖਣ ਵਾਲੇ ਦੀ ਜਦ ਅੱਖ ਖੁਲ੍ਹੇ ਤਾਂ ਉਹ ਆਪਣੇ ਆਪ ਨੂੰ ਮੰਜੇ ਤੇ ਲੇਟਿਆ ਹੀ ਦੇਖਦਾ ਹੈ। ਉਸ ਦਾ ਦੂਰ ਦੂਰ ਜਾਣਾ ਸੱਚ ਨਹੀਂ, ਉਸ ਦੇ ਮਨ ਨੂੰ ਐਵੇਂ ਭੁਲੇਖਾ ਲਗਿਆ ਹੈ।

ਸੁਪਨੇ ਵਿਚ ਦੇਖੇ ਨਜ਼ਾਰੇ, ਦਰਿਆ, ਪਹਾੜ, ਜਾਨਵਰ ਸੁਪਨਾ ਆਉਣ ਤੋਂ ਪਹਿਲਾਂ ਵੀ ਨਹੀਂ ਸਨ ਅਤੇ ਸੁਪਨੇ ਮਗਰੋਂ ਅੱਖ ਖੁਲ੍ਹਣ ਉਤੇ ਵੀ ਨਹੀਂ ਸਨ, ਇਸ ਲਈ ਉਹ ਸੁਪਨਾ ਆਉਣ ਵੇਲੇ ਵੀ ਅਸਲ ਵਿਚ ਨਹੀਂ ਸਨ, ਐਵੇਂ ਭਾਸੇ ਸਨ, ਪਰਤੀਤ ਹੋਏ ਸਨ ਪਰ ਵਾਸਤਵ ਵਿਚ ਕਦੀ ਵੀ ਨਹੀਂ ਸਨ।

ਆਤਮ ਮਾਰਗ ਦੇ ਸਾਇੰਸਦਾਨ ਦਸਦੇ ਹਨ ਕਿ ਜਾਗ ਕੇ ਦਿਸਣ ਵਾਲਾ ਜਗਤ ਅਤੇ ਉਸ ਦੀਆਂ ਅਨੇਕਾਂ ਚੀਜ਼ਾਂ, ਪਦਾਰਥ ਵੀ ਸੁਪਨੇ ਦੇ ਜਗਤ ਵਾਂਗਰ ਮਿਥਿਆ ਹਨ, ਝੂਠੇ ਹਨ, ਹੈਨ ਨਹੀਂ ਪਰ ਐਵੇਂ ਭਾਸਦੇ ਹਨ। ਸੁਪਨੇ ਦੇ ਅਤੇ ਜਾਗਰਤ ਦੇ ਜਗਤ ਵਿਚ ਕੋਈ ਖਾਸ ਫਰਕ ਨਹੀਂ। ਜਿਵੇਂ ਸੁਪਨੇ ਵੇਲੇ ਸਭ ਕੁਝ ਸਚ ਪਰਤੀਤ ਹੁੰਦਾ ਹੈ ਪਰ ਅੱਖ ਖੁਲ੍ਹਣ ਤੋਂ ਅਲੋਪ ਹੋ ਜਾਂਦਾ ਹੈ, ਏਸੇ ਤਰ੍ਹਾਂ ਜਾਗਰਤ ਵੇਲੇ ਵੇਖੀਆਂ ਸਭ ਚੀਜ਼ਾਂ ਤੇ ਪਦਾਰਥ ਵੀ ਤਦ ਤਕ ਹੀ ਸਚੇ ਤੇ ਕਾਇਮ ਪਏ ਨਜ਼ਰ ਆਉਂਦੇ ਹਨ, ਤਦ ਤਕ





ਸਾਡਾ ਜੀਵਨ ਸੁਪਨਾ ਜਾਂ ਜਾਗ ਕੇ ਦਿਸਣ ਵਾਲਾ ਸੁਪਨਾ ਕਾਇਮ ਹੈ। ਮੌਤ ਸਮੇਂ ਜਾਗਦੇ ਵੇਖਿਆ ਸਭ ਕੁਛ ਸੁਪਨਾ ਬਣ ਜਾਂਦਾ ਹੈ।

ਹਰ ਪੁਰਸ਼ ਦੀ ਬੀਤ ਚੁਕੀ ਉਮਰ ਸੁਪਨਾ ਹੋ ਗਈ ਹੈ, ਬੀਤ ਰਹੀ ਉਮਰ ਸੁਪਨਾ ਬਣਦੀ ਜਾ ਰਹੀ ਹੈ ਅਤੇ ਬੀਤਣ ਵਾਲੀ ਉਮਰ ਬੀਤ ਕੇ ਸੁਪਨਾ ਹੋ ਜਾਵੇਗੀ।

ਜਵਾਨੀ ਆਉਣ ਉਤੇ ਬਚਪਨ ਸੁਪਨਾ ਬਣ ਜਾਂਦਾ ਹੈ, ਬੁਢਾਪਾ ਆਉਣ ਉਤੇ ਜਵਾਨੀ ਸੁਪਨਾ ਬਣ ਜਾਂਦੀ ਹੈ ਅਤੇ ਮੌਤ ਆਉਣ ਉਤੇ ਬਚਪਨ, ਜਵਾਨੀ ਅਤੇ ਬੁਢਾਪਾ ਸਭ ਸੁਪਨਾ ਬਣ ਜਾਂਦੇ ਹਨ।

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥* *ਅੰਗ - 808*

*ਢੰਢੋਲਿਮੁ ਢੂਢਿਮੁ ਡਿਠੁ ਮੈਂ ਨਾਨਕ ਜਗੁ ਧੂਏ ਕਾ ਧਵਲਹਰੁ ॥*
*ਅੰਗ - 138*

*ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥*
*ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥*
*ਅੰਗ - 1186*

*ਸਮ ਸੁਪਨੈ ਕੈ ਇਹੁ ਜਗੁ ਜਾਨੁ ॥ ਬਿਨਸੈ ਛਿਨ ਮੈ ਸਾਚੀ ਮਾਨੁ ॥*
*ਅੰਗ - 1187*

ਸੱਚ ਦੀ ਸਾਇੰਸ ਦੇ ਮਾਹਿਰ ਦਸਦੇ ਹਨ ਕਿ ਭਾਵੇਂ ਸੁਪਨੇ ਵਿਚ, ਭਾਵੇਂ ਜਾਗ ਕੇ ਜੋ ਕੁਝ ਵੀ ਦਿਸਦਾ ਹੈ, ਨਜ਼ਰ ਆਉਂਦਾ ਹੈ, ਪਰਤੀਤ ਹੁੰਦਾ ਹੈ, ਇਹ ਸਭ ਕੁਝ ਕਿਸੇ ਸਮੇਂ ਨਹੀਂ ਸੀ ਅਤੇ ਕਿਸੇ ਸਮੇਂ ਨਹੀਂ ਰਹੇਗਾ, ਇਸ ਲਈ ਵਿਚਲੇ ਸਮੇਂ ਵਿਚ ਵੀ ਇਹ ਹੈ ਨਹੀਂ, ਐਵੇਂ ਸਾਨੂੰ ਭਾਸ ਰਿਹਾ ਹੈ। ਜੋ ਚੀਜ਼ ਆਦਿ ਵਿਚ ਨਹੀਂ ਸੀ ਅਤੇ ਅੰਤ ਵਿਚ ਨਹੀਂ ਰਹੇਗੀ, ਉਹ ਚੀਜ਼ ਮਧ ਵਿਚ ਵੀ

ਨਹੀਂ, ਐਵੇਂ ਭਾਸ ਰਹੀ ਹੈ, ਭੁਲੇਖੇ ਵਿਚ ਪਈ ਸਚੀ ਪਰਤੀਤ ਹੁੰਦੀ ਹੈ। ਹਨੇਰੇ ਵਿਚ ਪਈ ਰਸੀ ਸਪ ਭਾਸਦੀ ਹੈ ਪਰ ਸੱਪ ਉਸ ਰਸੀ ਵਿਚ ਨਾ ਪਹਿਲੇ ਸੀ ਅਤੇ ਨਾ ਹੀ ਚਾਨਣ ਹੋਣ ਉਤੇ ਰਹਿੰਦਾ ਹੈ। ਇਸ ਲਈ ਜਦ ਹਨੇਰੇ ਵਿਚ ਰੱਸੀ ਦੇ ਅੰਦਰ ਸੱਪ ਦਿਸਦਾ ਹੈ ਤਾਂ ਵਾਸਤਵ ਵਿਚ ਉਸ ਵੇਲੇ ਵੀ ਹੁੰਦਾ ਨਹੀਂ, ਐਵੇਂ ਭੁਲੇਖੇ ਵਿਚ ਭਾਸਦਾ ਹੈ।

ਸਾਨੂੰ ਆਪਣੇ ਘਰ ਵਿਚ ਪਈ ਕੁਰਸੀ, ਮੇਜ਼, ਪੱਖਾ ਤਸਵੀਰਾਂ ਜੋ ਕੁਝ ਵੀ ਪਿਆ ਦਿਸਦਾ ਹੈ, ਕਿਸੇ ਵੇਲੇ ਨਹੀਂ ਸਨ ਅਤੇ ਇਕ ਐਸਾ ਸਮਾਂ ਜ਼ਰੂਰ ਆਵੇਗਾ (ਭਾਵੇਂ ਉਹ ਸੌ ਸਾਲ ਮਗਰੋਂ ਆਵੇ ਜਾਂ ਪੰਜ ਸੌ ਸਾਲ ਮਗਰੋਂ ਆਵੇ) ਜਦ ਕਿ ਇਹ ਚੀਜ਼ਾਂ ਨਹੀਂ ਹੋਣਗੀਆਂ, ਇਸ ਕਰਕੇ ਇਹ ਅੱਜਕਲ੍ਹ ਵੀ ਵਾਸਤਵ ਵਿਚ ਨਹੀਂ ਹਨ, ਸੁਪਨੇ ਦੀਆਂ ਚੀਜ਼ਾਂ ਵਾਂਗ ਹੀ ਸੱਚ ਪਈਆਂ ਲਗਦੀਆਂ ਹਨ, ਵਾਸਤਵ ਵਿਚ ਕੁਝ ਹੈਨ ਨਹੀਂ।

*ਦ੍ਰਿਸਟਿਮਾਨ ਹੈ ਸਗਲ ਮਿਥੇਨਾ॥* *ਅੰਗ - 1083*

*ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥*
*ਅੰਗ - 808*

*ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ॥* *ਅੰਗ - 1100*

ਜਦ ਇਹ ਸਮਝ ਆ ਜਾਵੇ ਕਿ ਦਿਸਣ ਵਾਲੀ ਹਰ ਚੀਜ਼, ਕਦੇ ਨਹੀਂ ਸੀ, ਕਦੇ ਨਹੀਂ ਹੋਵਗੀ ਅਤੇ ਇਸ ਕਰਕੇ ਹੁਣ ਵੀ ਨਹੀਂ ਹੋ ਸਕਦੀ, ਐਵੇਂ ਭਾਸਦੀ ਹੈ, ਤਾਂ ਫਿਰ ਜਾਗ ਕੇ ਦਿਸਣ ਵਾਲੇ ਜਗਤ ਅਤੇ ਸੁਪਨੇ ਵਿਚ ਦਿਸਣ ਵਾਲੇ ਜਗਤ ਵਿਚ ਕੋਈ ਫਰਕ ਨਹੀਂ ਰਹਿ ਜਾਂਦਾ। ਸੁਪਨੇ ਵਿਚ ਦਿਸਣ ਵਾਲੀਆਂ ਚੀਜ਼ਾਂ ਅਤੇ ਜਾਗ ਕੇ ਦਿਸਣ ਵਾਲੀਆਂ ਚੀਜ਼ਾਂ ਦੀ ਹਕੀਕਤ ਇਕੋ ਹੀ ਹੈ ਕਿ ਉਹ ਕਿਸੇ ਵੇਲੇ ਨਹੀਂ ਸਨ ਅਤੇ ਕਿਸੇ ਵੇਲੇ ਨਹੀਂ





ਰਹਿਣਗੀਆਂ। ਇਸ ਕਰਕੇ ਹੁਣ ਵੀ ਨਹੀਂ ਹਨ, ਐਵੇਂ ਭੁਲੇਖੇ ਵਿਚ ਭਾਸ ਰਹੀਆਂ ਹਨ। ਸੁਪਨੇ ਦੀਆਂ ਚੀਜ਼ਾਂ ਜਿੰਨਾਂ ਚਿਰ ਅੱਖ ਨਹੀਂ ਖੁਲ੍ਹਦੀ ਉਤਨਾ ਚਿਰ ਭਾਸਦੀਆਂ ਜਾਂ ਪਰਤੀਤ ਹੁੰਦੀਆਂ ਹਨ ਅਤੇ ਜਾਗ ਕੇ ਦਿਸਣ ਵਾਲੀਆਂ ਚੀਜ਼ਾਂ ਉਤਨਾ ਚਿਰ ਆਪਣਾ ਭੁਲੇਖਾ ਕਾਇਮ ਰਖਦੀਆਂ ਹਨ ਜਿਤਨਾ ਚਿਰ ਮੌਤ ਸਾਡੀ ਅੱਖ ਬੰਦ ਨਹੀਂ ਕਰਦੀ।

ਗਿਆਨੀ ਮਹਾਂਪੁਰਖ ਦਸਦੇ ਹਨ ਕਿ ਜਿਵੇਂ ਨਜ਼ਰ ਆਉਣ ਵਾਲੀਆਂ ਸਭ ਚੀਜ਼ਾਂ ਸੁਪਨਾ ਹਨ, ਐਵੇਂ ਭਾਸਦੀਆਂ ਹਨ, ਪਰ ਵਾਸਤਵ ਵਿਚ ਹਨ ਨਹੀਂ, ਜਿਤਨੇ ਰਸ ਭੋਗ ਖੁਸ਼ੀਆਂ ਗਮੀਆਂ ਇਨਸਾਨ ਦੇ ਤਜਰਬੇ ਵਿਚ ਆਉਂਦੀਆਂ ਹਨ, ਉਹ ਸਭ ਸੁਪਨੇ ਵਿਚ ਭੋਗੀਆਂ ਚੀਜ਼ਾਂ ਵਾਂਗ ਅਸੱਤ ਤੇ ਝੂਠੀਆਂ ਹਨ, ਜਿਵੇਂ ਦਿਸਣ ਵਾਲੀ ਸਭ ਰਚਨਾ ਮਿਥਿਆ ਜਾਂ ਅਸੱਤ ਹੈ, ਉਸੇ ਤਰ੍ਹਾਂ ਮਹਿਸੂਸ ਹੋਣ ਵਾਲੇ ਜਾਂ ਭੋਗਣ ਵਾਲੇ ਸਭ ਸਵਾਦ, ਰਸ ਵੀ ਝੂਠੇ ਹਨ, ਭਾਸਦੇ ਹਨ ਪਰ ਵਾਸਤਵ ਵਿਚ ਨਹੀਂ।

*ਸੁਪਨੇ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ॥*
*ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ॥* *ਅੰਗ - 707*

*ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥* *ਅੰਗ - 1428*

*ਕਹੁ ਨਾਨਕ ਥਿਰੁ ਕਛੁ ਨਹੀਂ ਸੁਪਨੇ ਜਿਉ ਸੰਸਾਰੁ॥*
*ਅੰਗ - 1428*

*ਬਿਆਪਤ ਅਹੰਬੁਧਿ ਕਾ ਮਾਤਾ॥*
*ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ॥*
*ਬਿਆਪਤ ਹਸਤਿ ਘੋੜੇ ਅਰੁ ਬਸਤਾ॥*
*ਬਿਆਪਤ ਰੂਪ ਜੋਬਨ ਮਦ ਮਸਤਾ॥*
*ਬਿਆਪਤ ਭੂਮਿ ਰੰਕ ਅਰੁ ਰੰਗਾ॥*
*ਬਿਆਪਤ ਗੀਤ ਨਾਦ ਸੁਣਿ ਸੰਗਾ॥*

*ਬਿਆਪਤ ਸੇਜ ਮਹਲ ਸੀਗਾਰ॥*
*ਪੰਚ ਦੂਤ ਬਿਆਪਤ ਅੰਧਿਆਰ॥* ਅੰਗ - 182

ਸੱਚ ਦੇ ਖੋਜੀ ਦੇ ਮਨ ਅੰਦਰ ਇਹ ਸਵਾਲ ਪੈਦਾ ਹੋ ਸਕਦਾ ਹੈ ਕਿ ਜੇਕਰ ਸੁਪਨੇ ਵਿਚ ਦਿਸਣ ਵਾਲੀ ਜਗਤ ਰਚਨਾ ਅਤੇ ਜਾਗ ਕੇ ਦਿਸਣ ਵਾਲੀ ਜਗਤ ਰਚਨਾ, ਇਕੋ ਜਿਹੀਆਂ ਮਿਥਿਆ, ਝੂਠ ਜਾਂ ਅਸੱਤ ਹਨ, ਤਾਂ ਫਿਰ ਸੁਪਨੇ ਦੀ ਜਗਤ ਰਚਨਾ ਅਤੇ ਜਾਗ ਕੇ ਦਿਸਣ ਵਾਲੀ ਜਗਤ ਰਚਨਾ, ਜਿਸ ਨੂੰ ਦਿਸਦੀ ਹੈ, ਉਹ ਆਪ ਕੀ ਹੈ? ਕੀ ਮਿਥਿਆ ਸੰਸਾਰ ਰਚਨਾ ਨੂੰ ਦੇਖਣ ਵਾਲਾ ਆਪ ਵੀ ਮਿਥਿਆ ਹੀ ਹੈ ਜਾਂ ਕੁਝ ਹੋਰ?

ਗਿਆਨੀ ਮਹਾਂਪੁਰਸ਼ ਦਸਦੇ ਹਨ ਕਿ ਜਗਤ ਰਚਨਾ ਦੇ ਸੁਪਨੇ ਨੂੰ ਵੇਖਣ ਵਾਲਾ ਆਪ ਸਦਾ ਸਲਾਮਤ ਤੇ ਕਾਇਮ ਹੈ। ਮਾਇਆ ਦੀਆਂ, ਤਬਦੀਲੀ ਦੀ ਹਾਲਤ ਵਿਚ ਰਹਿਣ ਵਾਲੀਆਂ ਚੀਜ਼ਾਂ ਨੂੰ ਆਪ ਤਬਦੀਲੀ ਦੀ ਹਾਲਤ ਵਿਚ ਰਹਿਣ ਵਾਲਾ ਦੇਖ ਨਹੀਂ ਸਕਦਾ, ਇਸ ਕਰਕੇ ਦੇਖਣ ਵਾਲਾ ਅਸਥਿਰ ਤੇ ਸੱਤ ਹੈ।

*ਪਵਨ ਝੁਲਾਰੇ ਮਾਇਆ ਦੇਇ॥*
*ਹਰਿ ਕੇ ਭਗਤ ਸਦਾ ਥਿਰੁ ਸੇਇ॥* ਅੰਗ - 801

*ਸੰਤਨ ਕੇ ਬੰਧਨ ਕਾਟੇ ਹਰਿ ਰਾਇ॥ ਤਾ ਕਉ ਕਹਾ ਬਿਆਪੈ ਮਾਇ॥*
*ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ਤਾ ਕੈ ਨਿਕਟਿ ਨ ਆਵੈ ਮਾਈ॥*
ਅੰਗ - 182

*ਨਿਹਚਲੁ ਏਕੁ ਆਪਿ ਅਬਿਨਾਸੀ*
*ਸੋ ਨਿਹਚਲੁ ਜੋ ਤਿਸਹਿ ਧਿਆਇਦਾ॥* ਅੰਗ - 1076

ਸੰਸਾਰ ਰਚਨਾ ਨੂੰ ਮਿਥਿਆ ਤੇ ਝੂਠਾ ਜਾਨਣ ਵਾਲੇ, ਸਚ ਦੇ ਖੋਜੀ, ਨਾਮ ਅਭਿਆਸੀ ਦੀ ਆਪਣੀ ਅਸਲੀਅਤ ਬਾਬਤ ਮਹਾਂਪੁਰਖਾਂ, ਸੰਤਾਂ ਤੇ ਗੁਰੂਆਂ ਦਾ ਇਹ ਫੈਸਲਾ ਹੈ –





*ਨਾ ਇਹੁ ਬਿਨਸੈ ਨਾ ਇਹੁ ਜਾਇ॥*
*ਆਦਿ ਜੁਗਾਦੀ ਰਹਿਆ ਸਮਾਇ॥* ਅੰਗ - 868

*ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ॥*
*ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥* ਅੰਗ - 1100

*ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ*
*ਸੇ ਅਸਥਿਰੁ ਜਗਿ ਰਹਿਆ॥* ਅੰਗ - 87

# ਜਗਤ ਰਚਨਾ ਸੁਪਨਾ ਹੈ

ਗੁਰੂ ਘਰ ਦੇ ਸਭ ਤੋਂ ਵਡੇ ਸਿਧਾਂਤ 'ਸਰਬ ਰੋਗ ਕਾ ਅਉਖਦੁ ਨਾਮੁ' ਸਮਝਣ ਲਈ ਅਤੇ ਸਮਝ ਕੇ ਇਸ ਸਿਧਾਂਤ ਦੀ ਸਫਲਤਾ ਨਾਲ ਵਰਤੋਂ ਕਰਨ ਵਾਸਤੇ ਜਿਸ ਤਰ੍ਹਾਂ ਇਹ ਜਾਨਣਾ ਜ਼ਰੂਰੀ ਹੈ ਕਿ ਅਸੀਂ ਸਰੀਰ ਨਹੀਂ ਸਗੋਂ ਸਰੀਰ ਵਿਚ ਰਹਿਣ ਵਾਲੇ ਹਾਂ, ਇਸੇ ਤਰ੍ਹਾਂ ਇਹ ਜਾਨਣਾ ਵੀ ਬੜਾ ਜ਼ਰੂਰੀ ਹੈ ਕਿ ਸਾਨੂੰ ਆਪਣੇ ਇੰਦ੍ਰਿਆਂ (five senses) ਰਾਹੀਂ ਜੋ ਜਗਤ ਰਚਨਾ ਭਾਸ ਰਹੀ ਹੈ ਅਤੇ ਸਚੀ ਠੋਸ ਅਤੇ ਲੰਮੀ ਚੌੜੀ ਨਜ਼ਰ ਮਲੂਮ ਹੋ ਰਹੀ ਹੈ, ਇਹ ਖ਼ਿਆਲੀ ਹੈ, ਇਕ ਐਸਾ ਤਮਾਸਾ ਹੈ, ਜਿਹੜਾ ਲਗਦਾ ਤਾਂ ਸਚਾ ਹੈ ਪਰ ਅਸਲ ਵਿਚ ਇਸ ਦਾ ਕੁਝ ਵੀ ਸੱਚਾ ਨਹੀਂ।

ਸਿਧਾਂ ਦੇ ਪੁਛਣ ਤੇ ਕਿ ਇਹ ਜਗਤ ਰਚਨਾ ਕਿਥੋਂ ਉਪਜਦੀ ਹੈ ਅਤੇ ਫਿਰ ਕਿਥੇ ਚਲੀ ਜਾਂਦੀ ਹੈ? ਗੁਰੂ ਨਾਨਕ ਸਾਹਿਬ ਨੇ ਦਸਿਆ ਸੀ ਕਿ ਜਗਤ ਰਚਨਾ ਮਨ ਤੋਂ ਉਪਜਦੀ ਹੈ ਅਤੇ ਅੰਤ ਮਨ ਵਿਚ ਹੀ ਸਮਾ ਜਾਂਦੀ ਹੈ, ਜਿਥੇ ਮਨ ਹੈ ਉਥੇ ਇਹ ਜਗਤ ਰਚਨਾ ਭਾਸ ਰਹੀ ਹੈ ਅਤੇ ਜਿਥੇ ਮਨ ਨਹੀਂ, ਉਥੇ ਇਹ ਜਗਤ ਰਚਨਾ ਵੀ ਨਹੀਂ। ਇਸ ਦਾ ਸਿਧਾ ਸਬੂਤ ਇਹ ਹੈ ਕਿ ਜਦ ਅਸੀਂ ਘੂਕ ਨੀਂਦਰ ਵਿਚ ਚਲੇ ਜਾਂਦੇ ਹਾਂ ਤਾਂ ਉਥੇ ਮਨ





ਵੀ ਨਹੀਂ ਹੰਦਾ ਅਤੇ ਮਨ ਦੇ ਨਾਲ ਜਗਤ ਰਚਨਾ ਵੀ ਅਲੋਪ ਹੋ ਜਾਂਦੀ ਹੈ। ਜਾਗਦਿਆਂ ਕਿਉਂਕਿ ਮਨ ਪੂਰੀ ਹੋਸ਼ ਵਿਚ ਹੁੰਦਾ ਹੈ, ਜਗਤ ਰਚਨਾ ਵੀ ਪੂਰੇ ਜੋਬਨ ਵਿਚ ਨਜ਼ਰ ਆਉਂਦੀ ਹੈ ਅਤੇ ਜਦ ਅਸੀਂ ਸੌਂਦੇ ਹਾਂ ਤਾਂ ਜਿਤਨਾ ਚਿਰ ਮਨ ਪੂਰਾ ਬਹੋਸ਼ ਨਹੀਂ ਹੁੰਦਾ, ਸਾਨੂੰ ਜਗਤ ਰਚਨਾ ਸੁਪਨਿਆਂ ਦੀ ਸ਼ਕਲ ਵਿਚ ਭਾਸਦੀ ਰਹਿੰਦੀ ਹੈ ਪਰ ਜਦ ਮਨ ਘੂਕ ਨੀਂਦਰ ਵਿਚ ਪੂਰਾ ਬੇਹੋਸ਼ ਹੋ ਜਾਂਦਾ ਹੈ ਤਾਂ ਜਗਤ ਰਚਨਾ ਵੀ ਬਿਲਕੁਲ ਅਲੋਪ ਹੋ ਜਾਂਦੀ ਹੈ। ਇਸੇ ਤਰ੍ਹਾਂ ਹਸਪਤਾਲਾਂ ਵਿਚ ਜਦ ਮਨ ਨੂੰ ਕਲੋਰੋਫਾਰਮ ਨਾਲ ਬੇਹੋਸ਼ ਕੀਤਾ ਜਾਂਦਾ ਹੈ ਤਾਂ ਮਨ ਦੇ ਬੇਹੋਸ਼ ਹੋਣ ਨਾਲ ਸਾਰੀ ਜਗਤ ਰਚਨਾ ਵੀ ਅਲੋਪ ਹੋ ਜਾਂਦੀ ਹੈ। ਇਸ ਵਾਸਤੇ ਗੁਰਬਾਣੀ ਵਿਚ ਜਿਥੇ ਬਹੁਤ ਵਾਰੀ ਇਸ ਜਗਤ ਰਚਨਾ ਨੂੰ ਸੁਪਨਾ ਆਖਿਆ ਹੈ, ਉਥੇ ਗੁਰਸਿਖ ਨੂੰ ਆਪਣੇ ਨਿਸਚੇ ਨੂੰ ਸਦਾ ਲਈ ਦਰੁਸਤ ਕਰ ਲੈਣਾ ਚਾਹੀਦਾ ਹੈ ਅਤੇ ਇਸ ਜਗਤ ਰਚਨਾ ਨੂੰ ਕੇਵਲ ਮਨ ਤੋਂ ਉਪਜੀ ਹੋਈ ਇਕ ਖ਼ਿਆਲੀ ਫਿਲਮ ਜਾਨਣਾ ਚਾਹੀਦਾ ਹੈ। ਵਸ਼ਿਸ਼ਟ ਯੋਗ ਵਿਚ ਸ੍ਰੀ ਵਸ਼ਿਸ਼ਟ ਮੁਨੀ ਜੀ ਨੇ ਸ੍ਰੀ ਰਾਮ ਚੰਦਰ ਜੀ ਨੂੰ ਜਗਤ ਰਚਨਾ ਦਾ ਇਹੋ ਭੇਦ ਸਮਝਾਣ ਦਾ ਯਤਨ ਕੀਤਾ ਸੀ ਕਿ ਜਗਤ ਵਾਸਤਵ ਵਿਚ ਤਿੰਨ ਕਾਲ ਹੀ ਨਹੀਂ ਹੈ। ਸਿਰਫ ਭਰਮ ਕਰਕੇ ਸਾਡੇ ਅਗਿਆਨੀ ਮਨ ਨੂੰ ਸਚ ਭਾਸਦਾ ਹੈ।

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰੁ ॥ ਅੰਗ - 808*

*ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ ਅੰਗ - 1429*

*ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥*
*ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥*
*ਅੰਗ - 1427*

*ਭਭਾ ਭਰਮੁ ਮਿਟਾਵਹੁ ਅਪਨਾ ॥*

*ਇਆ ਸੰਸਾਰੁ ਸਗਲ ਹੈ ਸੁਪਨਾ॥* *ਅੰਗ - 258*

ਕਿਉਂਕਿ ਸਾਨੂੰ ਆਪਣੇ ਗਿਆਨ ਇੰਦ੍ਰਿਆਂ ਦੀ ਗਵਾਹੀ ਨੂੰ ਸਚ ਮੰਨਣ ਦੀ ਆਦਤ ਪੈ ਗਈ ਹੈ, ਇਸ ਵਾਸਤੇ ਆਤਮਕ ਮੰਡਲਾਂ ਦੇ ਸਾਇੰਸਦਾਨਾਂ ਦੇ ਜਗਤ ਨੂੰ ਸੁਪਨਾ ਦਸਣ ਵਾਲੇ ਮਹਾਨ ਸਚਾਈ ਭਰੇ ਬਚਨਾਂ ਦਾ ਯਕੀਨ ਨਹੀਂ ਆਉਂਦਾ ਪਰ 'ਸਰਬ ਰੋਗ ਕਾ ਅਉਖਦੁ ਨਾਮੁ' ਕੀ ਮਹਾਨ ਸਚਾਈ ਨੂੰ ਆਪਣੇ ਜੀਵਨ ਵਿਚ ਪਰਤਾ ਕੇ ਦੇਖਣ ਲਈ ਜ਼ਰੂਰੀ ਹੈ ਕਿ ਜੋ ਆਤਮਕ ਮੰਡਲਾਂ ਦੇ ਮਹਾਂਪੁਰਸ਼ਾਂ ਨੇ ਜਗਤ ਦੀ ਸਚਾਈ ਸੰਬੰਧੀ ਸਾਨੂੰ ਦਸਿਆ ਹੈ, ਉਸ ਦਾ ਕੇਵਲ ਪਾਠ ਹੀ ਨਾ ਕਰੀਏ ਸਗੋਂ ਆਪਣੇ ਨਿਸ਼ਚਿਆਂ ਨੂੰ ਉਨ੍ਹਾਂ ਮਹਾਨ ਪੁਰਸ਼ਾਂ ਦੇ ਦਸੇ ਨਿਸਚਿਆਂ ਅਨੁਸਾਰ ਢਾਲੀਏ।

ਜਦ ਇਹ ਜਗਤ ਰਚਨਾ ਮਨ ਤੋਂ ਉਪਜੀ ਹੋਈ ਖਿਆਲੀ ਫਿਲਮ ਜਾਂ ਸੁਪਨਾ ਹੀ ਹੈ, ਤਦ ਇਸ ਜਗਤ ਰਚਨਾ ਵਿਚ ਸਾਡਾ ਮਨ ਹੀ ਇਕ ਬੜੀ ਸ਼ਕਤੀ ਹੈ। ਜੇਕਰ ਮਨ ਅਗਿਆਨੀ ਹੈ ਤਾਂ ਉਹ ਗਲਤ ਜਗਤ ਰਚਨਾ ਬਣਾ ਕੇ ਵੇਖਦਾ ਰਹੇਗਾ ਅਤੇ ਦੁਖੀ ਹੁੰਦਾ ਰਹੇਗਾ ਪਰ ਜੇਕਰ ਸਾਡੇ ਮਨ ਨੂੰ ਗਿਆਨ ਹੋ ਜਾਵੇ ਕਿ ਉਹ ਕੁਲ ਜਗਤ ਰਚਨਾ ਦਾ ਸੋਮਾ ਹੋਣ ਕਰਕੇ ਜਿੰਨੀ ਚੰਗੀ ਜਗਤ ਰਚਨਾ ਬਨਾਣਾ ਚਾਹੇ, ਬਣਾ ਸਕਦਾ ਹੈ, ਤਾਂ ਉਹ ਆਪਣੇ ਗਲਤ ਨਿਸਚਿਆਂ ਨੂੰ ਗੁਰੂ ਦੀ ਮਤ ਜਾਂ ਗੁਰੂ ਦੇ ਨਿਸਚਿਆਂ ਦੇ ਅਨੁਕੂਲ ਬਣਾ ਕੇ ਜਗਤ ਰਚਨਾ ਦੇ ਸੁਪਨੇ ਨੂੰ ਇਕ ਸੁਨਹਿਰੀ ਤੇ ਸੁਖਦਾਈ ਸੁਪਨਾ ਬਣਾ ਸਕੇਗਾ।

ਜਗਤ ਰਚਨਾ ਬਨਾਣ ਲਈ ਸਾਡੇ ਨਿਸਚੇ ਹੀ ਬੀਜ ਦਾ ਕੰਮ ਕਰਦੇ ਹਨ। ਜਿਸ ਤਰ੍ਹਾਂ ਜੈਸਾ ਬੀਜ ਬੀਜੀਏ, ਤੈਸਾ ਹੀ ਪੌਦਾ ਜਾਂ ਦਰਖ਼ਤ ਪੈਦਾ ਹੋਵੇਗਾ, ਇਸੇ ਤਰ੍ਹਾਂ ਚੰਗੇ, ਸੁਚੇ ਸਰਬੱਤ ਦੇ





ਭਲੇ ਵਾਲੇ ਨਿਰਵੈਰ ਅਤੇ ਨਿਰਭੈ ਨਿਸਚੇ ਰਖਣ ਵਾਲੇ ਦਾ ਜਗਤ ਭੀ ਐਸਾ ਬਣੇਗਾ, ਜਿਸ ਵਿਚ ਉਸ ਦੇ ਆਪਣੇ ਨਿਸਚੇ ਹੀ ਵਖੋ-ਵਖਰੀਆਂ ਸ਼ਕਲਾਂ, ਵਖੋ ਵਖਰੀਆਂ ਘਟਨਵਾਂ ਅਤੇ ਵਖੋ ਵਖਰੇ ਦ੍ਰਿਸ਼ ਬਣ ਬਣ ਕੇ ਉਸ ਦੇ ਆਪਣੇ ਸਾਹਮਣੇ ਆਉਂਦੇ ਰਹਿਣਗੇ ਅਤੇ ਉਸ ਨੂੰ ਸੁਖੀ ਬਣਾਂਦੇ ਰਹਿਣਗੇ।

ਗਿਆਨਵਾਨ ਮਨ ਨੂੰ ਜਦ ਆਪਣੀ ਸ਼ਕਤੀ ਦਾ ਪਤਾ ਲਗ ਜਾਂਦਾ ਹੈ, ਤਦ ਉਹ ਗੁਰਮਤ ਜਾਂ ਗੁਰੂ ਦੇ ਸਚੇ ਸੁਚੇ ਨਿਸਚਿਆਂ ਦੀ ਓਟ ਲੈ ਕੇ ਆਪਣੇ ਜੀਵਨ ਦੀਆਂ ਮਾੜੀਆਂ ਤੋਂ ਮਾੜੀਆਂ ਘਟਨਾਵਾਂ ਨੂੰ ਚੰਗੀਆਂ ਤੋਂ ਚੰਗੀਆਂ ਬਣਾ ਸਕੇਗਾ। ਉਹ ਫਿਰ ਹਾਲਾਤ ਦਾ ਗੁਲਾਮ ਨਹੀਂ ਰਹੇਗਾ, ਸਗੋਂ ਹਾਲਾਤ ਨੂੰ ਆਪਣੀ ਮਰਜ਼ੀ ਮੁਤਾਬਿਕ ਬਦਲ ਦੇਣ ਦੀ ਸ਼ਕਤੀ ਰਖੇਗਾ।

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*

*ਅੰਗ - 70*

ਨੋਟ : ਜਗਤ ਦੇ ਸੁਪਨੇ ਹੋਣ ਸੰਬੰਧੀ ਹੋਰ ਵਧੇਰੇ ਜਾਨਣ ਲਈ 'ਬੰਦਗੀਨਾਮਾ' ਵਿਚ 'ਗਿਆਨ' ਦਾ ਕਾਂਡ ਦੇਖੋ।

# ਸੁਪਨਾ

ਕੌਣ ਐਸਾ ਸ਼ਖਸ ਹੈ ਜਿਸ ਨੂੰ ਸੁਪਨੇ ਨਹੀਂ ਆਉਂਦੇ। ਸੁਪਨੇ ਆਉਣੇ ਜੀਵਨ ਦੀ ਇਕ ਜ਼ਰੂਰੀ ਘਟਨਾ ਹੈ। ਸੁਪਨੇ ਆਉਣ ਵਾਸਤੇ ਨੀਂਦਰ ਦਾ ਹੋਣਾ ਜ਼ਰੂਰੀ ਹੈ। ਜਗਦਿਆਂ ਨੂੰ ਸੁਪਨੇ ਨਹੀਂ ਆਉਂਦੇ। ਕਈ ਵਾਰੀ ਜਾਗਦਿਆਂ ਵੀ ਸਾਡਾ ਮਨ ਖ਼ਿਆਲਾਂ ਦੇ ਵਹਿਣ ਵਿਚ ਐਸਾ ਰੁੜ ਜਾਂਦਾ ਹੈ ਕਿ ਜਾਗਦੇ ਹੋਏ ਵੀ ਅਸੀਂ ਆਪਣੇ ਆਲੇ ਦੁਆਲੇ ਨੂੰ ਭੁਲ ਕੇ ਦਿਨ ਦੀਵੀਂ ਆਪਣੇ ਖ਼ਿਆਲਾਂ ਦੀ ਰਚਨਾ ਵੇਖਣ ਵਿਚ ਮਹਿਵ ਹੋ ਜਾਂਦੇ ਹਾਂ। ਇਸ ਨੂੰ ਅੰਗਰੇਜ਼ੀ ਵਿਚ ਦਿਨ ਦਾ ਸੁਪਨਾ ਆਖਦੇ ਹਨ। ਪਰ ਦਿਨ ਦੇ ਸੁਪਨੇ ਜਾਂ ਰਾਤ ਦੇ ਸੁਪਨੇ ਵਿਚ ਮਨ ਦੀ ਹਾਲਤ ਤਕਰੀਬਨ ਇਕੋ ਹੀ ਹੁੰਦੀ ਹੈ। ਮਨ ਨੀਂਦਰ ਵਿਚ ਆਪਣੀ ਅਸਲੀ ਜ਼ਿੰਦਗੀ ਨੂੰ ਭੁਲ ਜਾਂਦਾ ਹੈ ਤੇ ਆਪਣੀ ਖ਼ਿਆਲੀ ਰਚਨਾ ਨੂੰ ਸਤ ਸਮਝਦਾ ਹੈ। ਦਿਨ ਦੇ ਸਪੁਨੇ ਵੇਲੇ ਆਦਮੀ ਭਾਵੇਂ ਜਾਗਦਾ ਜਾਂ ਬੈਠਾ ਪਰਤੀਤ ਹੋਵੇ ਪਰ ਉਸ ਦਾ ਮਨ ਉਸ ਵੇਲੇ ਵੀ ਆਲੇ ਦੁਆਲੇ ਨੂੰ ਉਕਾ ਭੁਲ ਕੇ ਇਕ ਹਲਕੀ ਨਿੰਦਰਾ ਦੀ ਹਾਲਤ ਵਿਚ ਗਿਆ ਹੁੰਦਾ ਹੈ।

ਸੁਫਨਾ ਨਿੰਦਰਾ ਦੀ ਹੀ ਕਿਸੇ ਨਾ ਕਿਸੇ ਹਾਲਤ ਵਿਚ ਆ ਸਕਦਾ ਹੈ। ਬਗੈਰ ਨਿੰਦਰਾ ਦੇ ਸੁਪਨਾ ਨਹੀਂ ਆਉਂਦਾ, ਕਿਉਂਕਿ





ਜਦ ਆਦਮੀ ਬਿਲਕੁਲ ਨਿੰਦਰਾ ਤੋਂ ਰਹਿਤ ਅਵਸਥਾ ਵਿਚ ਪੂਰਨ ਸਾਵਧਾਨ ਹੋਵੇ ਤਾਂ ਉਸ ਨੂੰ ਸੁਪਨਾ ਨਹੀਂ ਆਉਂਦਾ।

ਘੂਕ ਨੀਂਦਰ (Deep sleep) ਵਿਚ ਵੀ ਸੁਪਨੇ ਨਹੀਂ ਆਉਂਦੇ ਅਤੇ ਪੂਰਨ ਜਾਗਰਤ ਅਵਸਥਾ ਵਿਚ ਵੀ ਸੁਪਨੇ ਨਹੀਂ ਆਉਂਦੇ, ਇਸ ਲਈ ਇਹ ਕਹਿਣਾ ਦਰੁਸਤ ਹੋਵੇਗਾ ਕਿ ਸੁਫਨੇ ਮਨ ਦੀ ਉਸ ਹਾਲਤ ਵਿਚ ਹੀ ਆਉਂਦੇ ਹਨ ਜਿਹੜੀ ਨਾ ਤੇ ਘੂਕ ਨੀਂਦਰਾ ਦੀ ਬੇਹੋਸ਼ੀ ਹੋਵੇ ਨਾ ਹੀ ਪੂਰੀ ਜਾਗਰਤ (Full awakening) ਦੀ ਹਾਲਤ ਹੋਵੇ। ਇਹਨਾਂ ਦੋਹਾਂ ਸਿਰਿਆਂ ਦੇ ਵਿਚਕਾਰਲੀ ਮਨ ਦੀ ਹਾਲਤ ਵਿਚ ਸੁਪਨੇ ਆਉਂਦੇ ਹਨ।

ਸੁਪਨੇ ਵਿਚ ਵੇਖੀਆਂ ਘਟਨਾਵਾਂ ਦਰਅਸਲ ਸਚ ਨਹੀਂ ਹੁੰਦੀਆਂ, ਪਰ ਸੁਪਨੇ ਦੇ ਵੇਲੇ ਬਿਲਕੁਲ ਸਚ ਭਾਸਦੀਆਂ ਹਨ। ਸੁਪਨਾ ਵੇਖਣ ਵਾਲਾ, ਸੁਪਨਾ ਲੈਂਦੇ ਸਮੇਂ ਹਰਗਿਜ਼ ਨਹੀਂ ਜਾਣਦਾ ਕਿ ਉਹ ਜੋ ਕੁਝ ਦੇਖ ਰਿਹਾ ਹੈ, ਸਚ ਨਹੀਂ, ਨਿਰਾ ਝੂਠ ਹੈ।

ਸੁਪਨੇ ਤੋਂ ਜਾਗਣ ਵਾਸਤੇ ਜ਼ਰੂਰੀ ਹੈ ਕਿ ਨੀਂਦਰ ਦੀ ਹਾਲਤ ਘਟ ਜਾਵੇ, ਅੱਖ ਖੁਲ੍ਹ ਜਾਵੇ ਤੇ ਆਦਮੀ ਪੂਰੀ ਹੋਸ਼ ਵਿਚ ਆ ਜਾਵੇ। ਐਸਾ ਦੋ ਤਰੀਕਿਆਂ ਵਿਚ ਹੋ ਸਕਦਾ ਹੈ। ਇਕ ਤਾਂ ਆਦਮੀ ਪੂਰੀ ਨੀਂਦਰ ਦਾ ਵੇਲਾ ਗੁਜਾਰਨ ਮਗਰੋਂ ਆਪੇ ਹੀ ਅੱਖਾਂ ਖੋਲ੍ਹ ਕੇ ਜਾਗ ਪਵੇ ਅਤੇ ਦੂਸਰਾ ਤਰੀਕਾ ਇਹ ਹੈ ਕਿ ਉਸ ਦੀ ਨੀਂਦਰ ਦੀ ਹਾਲਤ ਵਿਚ ਹੀ ਉਸ ਨੂੰ ਹਲੂਣਾ ਦਿਤਾ ਜਾਵੇ, ਜਾਂ ਉਚੀ ਆਵਾਜ਼ ਮਾਰ ਕੇ ਜਗਾਇਆ ਜਾਵੇ।

ਪੂਰੇ ਤੌਰ ਤੇ ਜਾਗਿਆ ਹੋਇਆ ਆਦਮੀ ਹੀ ਕਹਿ ਸਕਦਾ ਹੈ ਕਿ ਜੋ ਮੈਂ ਨੀਂਦਰ ਵਿਚ, ਬੇਹੋਸ਼ੀ ਵਿਚ ਦੇਖਿਆ ਹੈ, ਸੁਪਨਾ ਸੀ, ਸਚ ਨਹੀਂ ਸੀ, ਮੇਰੀ ਅਸਲ ਜ਼ਿੰਦਗੀ ਕੁਝ ਹੋਰ ਹੈ, ਪਰ ਇਹ ਜੋ ਮੈਂ ਵੇਖਿਆ ਹੈ, ਸੁਪਨਾ ਸੀ।

## ਸੁਪਨੇ ਵਿਚ ਸੁਪਨਾ -

ਪਿਆਰੇ ਪਾਠਕ, ਸੁਪਨਾ ਤੇ ਤੂੰ ਕਈ ਵਾਰੀ ਡਿੱਠਾ ਹੋਵੇਗਾ ਪਰ ਕਦੀ ਸੁਪਨੇ ਵਿਚ ਸੁਪਨਾ ਵੀ ਡਿੱਠਾ ਈ? ਤੂੰ ਆਖੇਂਗਾ, ਸ਼ਾਇਦ ਨਹੀਂ। ਪਰ ਐਸਾ ਹੋ ਤਾਂ ਸਕਦਾ ਹੈ ਕਿ ਆਦਮੀ ਸੁਪਨੇ ਵਿਚ ਸੌਂ ਜਾਵੇ ਤੇ ਸੁਪਨੇ ਵਿਚ ਸੁਪਨਾ ਦੇਖੇ...........। ਕਿਸੇ ਦੂਰ ਦੁਰਾਡੇ ਦੇਸ਼ ਵਿਚ ਜਾ ਕੇ ਜਨਮ ਲਵੇ, ਬਚਪਨ ਵਿਚ ਰਿੜੇ ਖੇਡੇ, ਵਡਾ ਹੋਏ, ਵਿਦਵਾਨ ਬਣੇ, ਸ਼ਾਦੀ ਕਰੇ, ਪਰੇਮ ਤੇ ਕਲੋਲ ਕਰੇ, ਇਸ ਕਲੋਲ ਤੋਂ ਪੈਦਾ ਹੋਏ ਬੱਚਿਆਂ ਨਾਲ ਪਿਆਰ ਪਾਏ, ਧਨ ਕਮਾਵੇ, ਕੋਠੀਆਂ ਬਨਾਵੇ, ਇੱਜ਼ਤ ਹਾਸਲ ਕਰੇ, ਮਸ਼ਹੂਰ ਹੋਵੇ ਅਤੇ ਫੇਰ ਅਖੀਰ ਬੁਢਾ ਹੋ ਜਾਵੇ, ਬੀਮਾਰ ਹੋ ਜਾਵੇ, ਮਰ ਜਾਵੇ, ਚਿਖਾ ਤੇ ਰਖਿਆ ਜਾਵੇ, ਚਿਖਾ ਨੂੰ ਅੱਗ ਲਗੇ ਅਤੇ ਉਸ ਅੱਗ ਦੇ ਸ਼ੋਅਲਿਆਂ ਵਿਚ ਸੜ ਕੇ ਸਵਾਹ ਹੋ ਜਾਵੇ ਅਤੇ ਫੇਰ ਉਦੋਂ ਉਹਦੀ ਘਬਰਾ ਕੇ ਕੰਬਦੇ ਕੰਬਦੇ ਦੀ ਅੱਖ ਖੁਲ੍ਹ ਜਾਵੇ - ਅਤੇ ਮੁੜ ਉਹ ਜਾਗ ਕੇ, ਹੋਸ਼ ਵਿਚ ਆ ਕੇ ਆਖੇ, ਉਹ ਹੋ, ਇਹ ਤਾਂ ਸਭ ਸੁਪਨਾ ਸੀ।

ਮੁਬਾਰਕ ਹਨ ਉਹ ਜਿਨ੍ਹਾਂ ਨੂੰ ਸੁਪਨੇ ਵਿਚ, ਕੋਈ ਹਲੂਣਾ ਦੇ ਕੇ ਜਗਾਣ ਵਾਲਾ ਦਰਦੀ ਤੇ ਮਹਿਰਮ ਮਿਲ ਗਿਆ ਹੋਵੇ। ਉਹ ਹੁਣ ਹੀ ਜਾਗ ਪੈਣਗੇ। ਉਹ ਹੁਣ ਹੀ ਆਖ ਸਕਣਗੇ ਕਿ ਇਹ ਜੋ ਵੇਖ ਰਹੇ ਹਾਂ, ਸਚ ਨਹੀਂ, ਸੁਪਨਾ ਹੈ। ਉਹ ਸੁਪਨੇ ਦੇ ਜੀਵਨ ਨੂੰ ਬਤੀਤ ਕਰਦੇ ਹੋਏ ਵੀ ਸੁਪਨੇ ਨੂੰ ਸੁਪਨਾ ਆਖ ਸਕਣਗੇ ਅਤੇ ਸੁਪਨੇ ਤੋਂ ਪਰੇ ਆਪਣੇ ਅਸਲੀ ਜੀਵਨ, ਅਤੇ ਸੁਪਨੇ ਦੇ ਜੀਵਨ ਨੂੰ ਇਕ ਦੂਸਰੇ ਤੋਂ ਅਡ ਕਰਕੇ ਜਦ ਜੀ ਕਰੇ ਸੁਪਨੇ ਦੇ ਜੀਵਨ ਵਿਚ ਆ ਕੇ ਆਪਣਾ ਫਰਜ਼ ਪੂਰਾ ਕਰਨਗੇ ਅਤੇ ਜਦ ਜੀ ਕਰੇ ਸੁਪਨੇ ਤੋਂ ਅੱਡ, ਅਸਲੀ ਤੇ ਸੁਪਨੇ ਤੋਂ ਰਹਿਤ ਜੀਵਨ ਦੇ ਅਰਸ਼ੀ





ਹੁਲਾਰੇ ਲੈ ਸਕਣਗੇ।

ਤੈਨੂੰ ਨਾਮ ਦੇ ਹਲੂਣੇ ਦੇ ਕੇ, ਗੁਰੂ ਪਿਆ ਵਾਜਾਂ ਮਾਰਦਾ।

## ਸਾਡਾ ਮੌਜੂਦਾ ਜੀਵਨ -

ਸਾਡਾ ਹੁਣ ਦਾ ਜੀਵਨ ਕੀ ਹੈ? ਕਦੀ ਅਸੀਂ ਜਨਮ ਲਿਤਾ ਸੀ, ਬੱਚੇ ਬਣੇ, ਰਿੜ੍ਹੇ, ਖੇਡੇ, ਸਕੂਲਾਂ ਕਾਲਜਾਂ ਵਿਚ ਵਿਦਿਆ ਪਰਾਪਤ ਕੀਤੀ, ਜਵਾਨ ਹੋਏ, ਸ਼ਾਦੀ ਹੋਈ, ਕਲੋਲ ਕੀਤੇ, ਪਰਵਾਰ ਵਾਲੇ ਬਣੇ ਅਤੇ ਹੁਣ ਤਕ ਇੱਜ਼ਤ, ਮਾਨ, ਵਡਿਆਈ, ਮਸ਼ਹੂਰੀ, ਤਾਕਤ, ਦੌਲਤ, ਤੰਦਰੁਸਤੀ ਦੀ ਪਰਾਪਤੀ ਵਾਸਤੇ ਦਿਨ ਰਾਤ ਭਟਕ ਰਹੇ ਹਾਂ, .......... ਕੋਈ ਜਵਾਨ ਤੋਂ ਬੁਢਾ ਬਨਣਾ ਸ਼ੁਰੂ ਹੋ ਗਿਆ ਹੈ, ਕਿਸੇ ਨੂੰ ਬੁਢਾਪੇ ਤੋਂ ਮਗਰੋਂ ਚਿਖਾ ਤੇ ਅੱਗ ਦੀਆਂ ਲਾਟਾਂ ਦਾ ਖ਼ਿਆਲ ਭੈਭੀਤ ਕਰ ਰਿਹਾ ਹੈ - ਕੋਈ ਕਲ ਸੀ ਤੇ ਅਜ ਸੜ ਕੇ ਸੁਆਹ ਹੋ ਚੁਕਾ ਹੈ।

ਬਚਪਨ ਕਿਥੇ ਗਿਆ? ਸੁਪਨਾ ਹੋ ਗਿਆ। ਬਚਪਨ ਦੀਆਂ ਖੇਡਾਂ? ਸੁਪਨਾ। ਸਕੂਲ ਤੇ ਕਾਲਿਜ ਦੇ ਦਿਨ ਕਿਥੇ? ਸੁਪਨਾ। ਜਵਾਨੀ ਤੇ ਸ਼ਾਦੀ ਕਿਥੇ? ਸੁਪਨਾ? ਸਰੀਰ ਦਾ ਬਲ ਕਿਥੇ? ਸੁਪਨਾ। ਅੱਖਾਂ ਦੀ ਜੋਤ ਕਿਥੇ? ਸੁਪਨਾ। ਕਾਲੇ ਵਾਲ ਕਿਥੇ? ਸੁਪਨਾ। ........ ਜਿਤਨੀ ਉਮਰ ਬੀਤ ਚੁਕੀ ਹੈ, ਉਹ ਸਭ ਸੁਪਨਾ ਭਾਸ ਰਹੀ ਹੈ, ਉਸ ਦੀਆਂ ਯਾਦਾਂ ਡਿਠੀ ਫਿਲਮ ਦੀ ਤਰ੍ਹਾਂ ਕਿਸੇ ਕਿਸੇ ਵੇਲੇ ਅਜੇ ਆ ਸਕਦੀਆਂ ਹਨ ਪਰ ਸਮੇਂ ਦੇ ਬੀਤਣ ਨਾਲ ਉਹ ਵੀ ਭੁਲ ਜਾਣਗੀਆਂ, ਸੁਪਨਾ ਹੋ ਜਾਣਗੀਆਂ।

.......... ਫੇਰ ........ ਫੇਰ ਕੀ ਹੋਵੇਗਾ?

ਅੱਖ ਖੁਲ੍ਹੇਗੀ ਅਤੇ ਪਤਾ ਲਗੇਗਾ ਕਿ ਜੋ ਕੁਝ ਮੈਂ ਵੇਖਿਆ

ਹੈ ਅਤੇ ਜਿਸ ਨੂੰ ਵੇਖਣ ਵੇਲੇ ਐਨ ਸੋਲਾਂ ਆਨੇ ਸਚ ਸਮਝਦਾ ਸਾਂ, ਇਹ ਸਭ ਸੁਪਨਾ ਸੀ, ਅਸੱਤ ਸੀ।

*ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ॥*
*ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ॥*
*ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ॥ ਅੰਗ - 63*

*ਭਭਾ ਭਰਮੁ ਮਿਟਾਵਹੁ ਅਪਨਾ॥*
*ਇਆ ਸੰਸਾਰ ਸਗਲ ਹੈ ਸੁਪਨਾ॥ ਅੰਗ - 258*

*ਚੰਚਲੁ ਸੁਪਨੈ ਹੀ ਉਰਝਾਇਓ॥*
*ਇਤਨੀ ਨ ਬੂਝੈ ਕਬਹੂ ਚਲਨਾ*
*ਬਿਕਲ ਭਇਓ ਸੰਗਿ ਮਾਇਓ॥ ਅੰਗ - 531*

*ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ॥*
*ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ॥ ਅੰਗ - 1428*

*ਜਿਉਂ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥*
*ਇਨ ਮੈ ਕਛੁ ਸਾਚੋ ਨਹੀਂ ਨਾਨਕ ਬਿਨੁ ਭਗਵਾਨ॥*
*ਅੰਗ - 1427*





# ਅਸੀਂ ਸਰੀਰ ਨਹੀਂ

ਆਤਮ ਮਾਰਗ ਤੇ ਚਲਦਿਆਂ ਕਿਸੇ ਚੰਗੇ ਜੀਵਨ ਪੱਧਰ ਤੇ ਪਹੁੰਚਣ ਲਈ, ਗੁਰੂ ਦੇ ਉਪਦੇਸ਼ ਅਗੇ ਮਥੇ ਵੀ ਟੇਕਣੇ ਚਾਹੀਦੇ ਹਨ ਪਰ ਇਸ ਤੋਂ ਅਗੇ ਗੁਰੂ ਉਪਦੇਸ਼ ਨੂੰ ਸਮਝਣਾ ਵੀ ਚਾਹੀਦਾ ਹੈ। ਮਥੇ ਟੇਕੇ ਵੀ ਕਬੂਲ ਤਦ ਹੁੰਦੇ ਹਨ, ਜਦ ਜਿਸ ਦੇ ਅਗੇ ਮਥੇ ਟੇਕੇ ਹੋਣ, ਉਸ ਦੀ ਬਾਤ ਨੂੰ ਚੰਗੀ ਤਰ੍ਹਾਂ ਸਮਝਿਆ ਵੀ ਹੋਵੇ। ਗੁਰੂ ਉਪਦੇਸ਼ ਸਮਝਿਆਂ ਹੀ ਗੁਰ ਉਪਦੇਸ਼ ਦੀ ਕਮਾਈ ਹੋ ਸਕਦੀ ਹੈ ਅਤੇ ਕਮਾਈ ਕੀਤਿਆਂ ਹੀ ਕਿਤੇ ਅਪੜ ਸਕੀਦਾ ਹੈ।

ਗੁਰਬਾਣੀ ਵਿਚ ਸਾਫ ਅਖਰਾਂ ਵਿਚ ਲਿਖਿਆ ਹੈ ਕਿ 'ਕਾਇਆ ਮਿਟੀ ਅੰਧੁ ਹੈ' (body is blind dust) ਸਰੀਰ ਬੇਜਾਨ-ਬੇ-ਹਿਸ-ਜੜ ਹੁੰਦੇ ਹਨ। ਸਰੀਰ ਵਿਚ ਹਰਕਤ, ਚੱਲਣ ਫਿਰਨ, ਬੀਮਾਰ ਜਾਂ ਰਾਜ਼ੀ ਰਹਿਣ ਦੀ ਕਿਰਿਆ ਕੇਵਲ ਮਨ ਕਰਕੇ ਹੈ। ਸਰੀਰ ਵਿਚ ਜਦ ਤਕ ਸਾਡਾ ਮਨ ਹੈ, ਸਰੀਰ ਜੀਉਂਦਾ, ਜਾਗਦਾ, ਤੁਰਦਾ ਫਿਰਦਾ, ਉਠਦਾ ਬੈਠਦਾ, ਨਜ਼ਰ ਆਵੇਗਾ। ਮਨ ਦੇ ਸਰੀਰ ਵਿਚ ਹੋਣ ਕਰਕੇ ਹੀ ਸਰੀਰ ਨੂੰ ਦੁਖ, ਪੀੜ, ਰੋਗ ਸੋਗ ਭਾਸਦੇ ਹਨ। ਜਦ ਮਨ ਗੂੜ੍ਹੀ ਨੀਂਦਰ ਵਿਚ ਚਲਿਆ ਜਾਵੇ, ਤਾਂ ਸਾਰੀ ਦੁਨੀਆਂ ਅਲੋਪ ਹੋ ਜਾਂਦੀ ਹੈ, ਦੁਖ ਸੁਖ, ਮੋਹ ਮਾਇਆ, ਸੰਸਾਰ, ਸਭ ਅਲੋਪ ਹੋ ਜਾਂਦਾ ਹੈ। ਜਦ ਮਨ ਨੂੰ ਹੋਰ ਵਧੇਰੇ ਬੇਹੋਸ਼ ਕੀਤਾ ਜਾਵੇ ਤਾਂ ਹਸਪਤਾਲ ਵਿਚ ਉਪਰੇਸ਼ਨ ਵੇਲੇ, ਸਰੀਰ ਨੂੰ

ਕਟਿਆਂ, ਚੀਰਿਆਂ ਫਾੜਿਆਂ ਕੁਝ ਪਤਾ ਨਹੀਂ ਲਗਦਾ, ਕੁਝ ਪੀੜ ਨਹੀਂ ਹੁੰਦੀ। ਇਸ ਤੋਂ ਵਿਚਾਰਵਾਨ ਨੂੰ ਯਕੀਨ ਆ ਜਾਵੇਗਾ ਕਿ ਮਹਿਸੂਸ ਸ਼ਕਤੀ-ਚੇਤਨਤਾ ਸਰੀਰ ਵਿਚ ਬਿਲਕੁਲ ਨਹੀਂ, ਸਗੋਂ ਸਰੀਰ ਵਿਚ ਰਹਿਣ ਵਾਲੇ ਮਨ ਵਿਚ ਹੈ।

ਜਦ ਕੋਈ ਮਰ ਜਾਂਦਾ ਹੈ ਤਾਂ ਉਸ ਦਾ ਸਰੀਰ ਤਾਂ ਸਭ ਦੇ ਸਾਹਮਣੇ ਪਿਆ ਹੁੰਦਾ ਹੈ। ਪਰ ਸਾਰੇ ਏਹੋ ਕਿਉਂ ਕਹੀ ਜਾਂਦੇ ਹਨ ਕਿ ਉਹ ਤੇ ਮਰ ਗਏ ਹਨ? ਇਸ ਤੋਂ ਵੀ ਸਪਸ਼ਟ ਹੋ ਜਾਂਦਾ ਹੈ ਕਿ ਸਰੀਰ ਵਿਚ ਰਹਿਣ ਵਾਲਾ ਆਪ ਸਰੀਰ ਨਹੀਂ ਹੁੰਦਾ।

ਪਤਾ ਲਗਣ ਮਗਰੋਂ ਜਦ ਸਾਨੂੰ ਯਕੀਨ ਹੋ ਜਾਵੇ ਕਿ ਅਸੀਂ ਸਰੀਰ ਨਹੀਂ ਹਾਂ ਸਗੋਂ ਸਰੀਰ ਵਿਚ ਰਹਿਣ ਵਾਲੇ ਹਾਂ ਅਤੇ ਇਸ ਵਿਸ਼ਵਾਸ ਦਾ ਅਭਿਆਸ ਹੋ ਜਾਵੇ, ਹਰ ਵਕਤ ਸਾਡੇ ਮਨ ਅੰਦਰ ਏਹੋ ਖਿਆਲ ਆਉਣ ਲਗ ਜਾਵੇ ਕਿ ਅਸੀਂ ਸਰੀਰ ਨਹੀਂ, ਸਰੀਰ ਵਿਚ ਰਹਿਣ ਵਾਲੇ ਹਾਂ ਤਾਂ ਪਹਿਲੇ ਕਦੀ ਕਦੀ ਅਤੇ ਅਭਿਆਸ ਵਧਣ ਨਾਲ ਹਰ ਵੇਲੇ ਮਹਿਸੂਸ ਕਰਨ ਲਗ ਜਾਵਾਂਗੇ, ਕਿ ਅਸੀਂ ਵਖਰੇ ਹਾਂ ਤੇ ਸਾਡਾ ਸਰੀਰ ਸਾਥੋਂ ਵਖਰਾ ਹੈ।





# ਅਸੀਂ ਸਰੀਰ ਵਿਚ ਰਹਿਣ ਵਾਲੇ ਹਾਂ

ਜਦ ਸਾਨੂੰ ਆਪਣਾ ਸਰੀਰ ਵਖਰਾ ਅਤੇ ਆਪਣਾ ਆਪ ਵਖਰਾ ਮਹਿਸੂਸ ਹੋਣ ਲਗ ਜਾਵੇ ਤਾਂ ਅਸੀਂ ਇਹ ਵੇਖ ਕੇ ਹੈਰਾਨ ਤੇ ਖੁਸ਼ ਹੋਵਾਂਗੇ ਕਿ ਸਰੀਰ ਤਬਦੀਲੀ ਤੇ ਕਾਨੂੰਨ ਦੇ ਮਾਤਹਿਤ ਹੈ, ਸਦਾ ਬਦਲਦਾ ਹੈ, ਰੰਗ ਵਟਾਂਦਾ ਰਹਿੰਦਾ ਹੈ ਪਰ ਅਸੀਂ ਤਬਦੀਲੀ ਦੇ ਕਾਨੂੰਨ ਦੇ ਮਾਤਹਿਤ ਨਹੀਂ। ਸਾਡਾ ਸਰੀਰ ਕਦੀ ਬੱਚਾ ਸੀ, ਕਦੀ ਜਵਾਨ ਹੋਇਆ ਅਤੇ ਫੇਰ ਇਸ ਤੇ ਬੁੜ੍ਹਾਪਾ ਆਇਆ ਪਰ ਅਸੀਂ ਉਹੋ ਹੀ ਹਾਂ ਜੋ ਬਚਪਨ ਦੇ ਸਰੀਰ ਵਿਚ ਸੀ, ਫੇਰ ਜਵਾਨ ਸਰੀਰ ਵਿਚ ਰਹੇ ਅਤੇ ਫੇਰ ਬਿਰਧ ਸਰੀਰ ਵਿਚ ਰਹਿੰਦੇ ਹਾਂ। ਸਾਨੂੰ ਸਰੀਰ ਉਤੇ ਆਇਆ ਬਚਪਨ, ਜਵਾਨੀ ਤੇ ਬੁੜ੍ਹੇਪਾ ਕੇਵਲ ਇਸ ਕਰਕੇ ਯਾਦ ਹੈ ਕਿ ਅਸੀਂ ਵਖ ਸੀ ਅਤੇ ਬਦਲਣ ਵਾਲਾ ਸਰੀਰ ਵਖ ਸੀ।

ਜੇਕਰ ਅਸੀਂ ਗੁਰਬਾਣੀ ਦੇ ਸਚੇ ਅਰਥਾਂ ਵਿਚ ਸਿਖ ਬਣਾਂਗੇ ਅਤੇ ਗੁਰਬਾਣੀ ਦੀ ਪਰੇਰਨਾ ਅਨੁਸਾਰ ਰੋਜ਼ਾਨਾ ਜੀਵਨ ਬਤੀਤ ਕਰੀਏ ਅਤੇ ਨਾਮ ਅਭਿਆਸ ਜਾਰੀ ਰਖੀਏ ਤਾਂ ਅਸੀਂ ਜਦ ਚਾਹਾਂਗੇ ਆਪਣੇ ਆਪ ਨੂੰ ਸਰੀਰ ਤੋਂ ਅਲਗ ਦੇਖ ਸਕਾਂਗੇ।

ਏਸੇ ਤਰ੍ਹਾਂ ਸਾਨੂੰ ਇਹ ਵੇਖ ਕੇ ਖੁਸ਼ੀ ਭਰੀ ਹੈਰਾਨੀ ਹੋਵੇਗੀ

ਕਿ ਜਾਗ ਕੇ ਜਗਤ ਵੇਖਣ ਵਾਲੇ ਵੀ ਅਸੀਂ ਹੀ ਹਾਂ, ਸੌਂ ਕੇ ਸੁਪਨੇ ਲੈਣ ਵਾਲੇ ਵੀ ਅਸੀਂ ਹਾਂ ਅਤੇ ਘੂਕ ਨੀਂਦਰ ਦੀ ਹਾਲਤ ਵਿਚ ਜਾ ਕੇ ਸਭ ਕੁਝ ਭੁਲ ਜਾਣ ਵਾਲੇ ਵੀ ਅਸੀਂ ਆਪ ਹੀ ਹਾਂ। ਜਾਗਣਾ, ਸੁਪਨੇ ਲੈਣਾ ਅਤੇ ਗੂੜੀ ਨੀਂਦਰ ਵਿਚ ਜਾਣਾ ਸਾਡਾ ਆਪਣਾ ਸ਼ੁਗਲ ਜਾਂ ਦਿਲ ਪਰਚਾਵਾ ਹੈ, ਪਰ ਅਸੀਂ ਜਾਗਣ, ਸੌਣ ਤੇ ਘੂਕ ਨੀਂਦਰ ਤੋਂ ਅਲਹਿਦਾ ਜਾਂ ਵਖਰੇ ਹਾਂ, ਜਿਵੇਂ ਬੱਚਾ ਖਿਡੌਣਿਆਂ ਨਾਲ ਖੇਡਦਾ ਹੈ, ਉਸੇ ਤਰ੍ਹਾਂ ਅਸੀਂ ਜਾਗਣ, ਸੁਪਨੇ ਲੈਣ ਤੇ ਘੂਕ ਨੀਂਦਰ ਵਿਚ ਖਿਡੌਣਿਆਂ ਨਾਲ ਖੇਡਦੇ ਹਾਂ।

ਸਰੀਰ ਤੋਂ ਆਪਣੇ ਆਪ ਨੂੰ ਵਖ ਮਹਿਸੂਸ ਕਰਨ ਨਾਲ ਸਾਨੂੰ ਇਹ ਵੀ ਪਤਾ ਲਗ ਜਾਵੇਗਾ ਕਿ ਮਨ ਵੀ ਸਾਡੇ ਨਾਲ ਸਰੀਰ ਵਿਚ ਰਹਿੰਦਾ ਹੈ, ਪਰ ਉਹ ਵੀ ਸਰੀਰ ਨਹੀਂ, ਸਰੀਰ ਵਿਚ ਰਹਿਣ ਵਾਲਾ ਹੈ ਅਤੇ ਸਰੀਰ ਨਾਲ ਨਹੀਂ, ਸਗੋਂ ਸਾਡੇ ਨਾਲ ਰਹਿੰਦਾ ਹੈ। ਸਾਨੂੰ ਇਹ ਵੀ ਮਾਲੂਮ ਹੋ ਜਾਵੇਗਾ ਕਿ ਸਾਡੇ ਸਰੀਰ ਦੀਆਂ ਹੋਰ ਕਿਸਮ ਦੀਆਂ ਲੋੜਾਂ ਹਨ, ਸਾਡੇ ਮਨ ਦੀਆਂ ਹੋਰ ਕਿਸਮ ਦੀਆਂ ਲੋੜਾਂ ਹਨ ਅਤੇ ਸਾਡੀਆਂ ਲੋੜਾਂ ਹੋਰ ਹਨ। ਜਿਥੇ ਸਾਡੇ ਸਰੀਰ ਨੂੰ ਚੰਗੇ ਖਾਣੇ (ਦੁਧ, ਘਿਉ, ਅੰਡੇ, ਸਬਜ਼ੀਆਂ ਵਿਟੇਮਨ ਆਦਿ) ਖੁਸ਼ੀ ਤੇ ਸ਼ਕਤੀ ਦੇਂਦੇ ਹਨ ਉਥੇ ਸਾਡਾ ਮਨ ਚੰਗੇ ਖ਼ਿਆਲਾਂ, ਉਚੇ ਨਿਸਚਿਆਂ ਦੀ ਖੁਰਾਕ ਨਾਲ ਸ਼ਾਂਤ ਤੇ ਖੁਸ਼ ਹੁੰਦਾ ਹੈ। ਸਾਡੇ ਮਨ ਨੂੰ ਸੁਖਮਨੀ ਸਾਹਿਬ, ਜਾਂ ਗੁਰਬਾਣੀ ਜਾਂ ਹੋਰ ਧਾਰਮਕ ਗਰੰਥਾਂ ਦੇ ਪਵਿਤਰ ਖ਼ਿਆਲ, ਸ਼ਾਂਤੀ ਸ਼ਕਤੀ ਦੇਂਦੇ ਹਨ। ਸਾਨੂੰ ਅਗੇ ਇਹ ਪਤਾ ਲਗੇਗਾ ਕਿ ਸਾਡੀ ਆਪਣੀ ਖੁਰਾਕ ਇਕਾਗਰਤਾ ਹੈ ਅਤੇ ਨਾਮ ਇਕਾਗਰਤਾ ਨੂੰ ਪੈਦਾ ਕਰਦਾ, ਵਧਾਂਦਾ ਅਤੇ ਸਾਨੂੰ ਨਾਮੀ ਦਾ ਰੂਪ ਬਣਾਉਂਦਾ ਹੈ।





ਅਖੀਰ ਸਾਨੂੰ ਇਹ ਪਤਾ ਲਗ ਜਾਵੇਗਾ ਕਿ ਸਾਡੀਆਂ ਸਾਰੀਆਂ ਮੁਸ਼ਕਲਾਂ ਤੇ ਮੁਸੀਬਤਾਂ ਪੈਦਾ ਕਰਨ ਵਾਲਾ ਸਾਡਾ ਆਪਣਾ ਹੀ ਇਕ ਗਲਤ ਨਿਸਚਾ ਸੀ ਕਿ ਅਸੀਂ ਸਰੀਰ ਹਾਂ। ਪਰ ਇਸ ਗ਼ਲਤ ਨਿਸਚੇ ਤੋਂ ਛੁਟਕਾਰਾ ਪਾਉਣ ਨਾਲ ਅਸੀਂ ਕਦੀ ਨਾ ਬਦਲਣ ਵਾਲੀ ਇਕ ਅਸਚਰਜ ਤੇ ਅਦੁੱਤੀ ਹਸਤੀ ਜਾਂ ਹੋਂਦ ਹਾਂ, ਜਿਸ ਦੇ ਨੇੜੇ ਕਦੀ ਬੀਮਾਰੀ ਜਾਂ ਮੌਤ ਨਹੀਂ ਆ ਸਕਦੇ। ਬੀਮਾਰੀ ਤੇ ਮੌਤ ਕੇਵਲ ਬਦਲਣ ਵਾਲੇ ਸਰੀਰ ਨੂੰ ਹੀ ਆਉਂਦੀਆਂ ਹਨ।

# ਕਾਇਆ ਮਿਟੀ ਅੰਧੁ ਹੈ

ਸ੍ਰੀ ਗੁਰੂ ਗਰੰਥ ਸਾਹਿਬ ਵਿਚ, ਸਰੀਰ (ਕਾਇਆ) ਨੂੰ ਅੰਧੀ ਮਿਟੀ ਆਖਿਆ ਹੈ। ਅੰਧੀ ਤੋਂ ਮੁਰਾਦ ਹੈ ਬੇਸਮਝ ਤੇ ਬੇ-ਹਿਸ। ਜਿਵੇਂ ਮਿਟੀ ਵਿਚ ਨਾ ਸਮਝ ਤੇ ਨਾ ਮਹਿਸੂਸ ਸ਼ਕਤੀ ਹੈ, ਉਵੇਂ ਹੀ ਕਾਇਆ ਵਿਚ ਵੀ ਨ ਸਮਝ ਤੇ ਨਾ ਮਹਿਸੂਸ ਕਰਨ ਦੀ ਸ਼ਕਤੀ ਹੈ।

ਸਰੀਰ ਦੇ ਬੇਸਮਝ ਤੇ ਬੇ-ਹਿਸ ਹੋਣ ਦਾ ਹੋਰ ਵਿਗਿਆਨਕ ਸਬੂਤ ਇਹ ਹੈ ਕਿ ਜਦ ਹਸਪਤਾਲ ਵਿਚ ਕਲੋਰੋਫਾਰਮ ਨਾਲ ਮਰੀਜ਼ ਨੂੰ ਬੇਹੋਸ਼ ਕੀਤਾ ਜਾਂਦਾ ਹੈ ਤਾਂ ਉਸ ਬੇਹੋਸ਼ੀ ਵਿਚ ਮਰੀਜ਼ ਦਾ ਸਰੀਰ ਮੁਰਦਾ ਹੋ ਜਾਂਦਾ ਹੈ ਅਤੇ ਤੇਜ਼ ਔਜ਼ਾਰਾਂ ਨਾਲ ਚੀਰਨ ਫਾੜਨ ਨਾਲ ਵੀ ਕੋਈ ਦਰਦ ਮਹਿਸੂਸ ਨਹੀਂ ਕਰਦਾ। ਇਸ ਅਵਸਤਾ ਵਿਚ ਪਏ ਇਨਸਾਨ ਦੇ ਸਰੀਰ ਅਤੇ ਲਕੜੀ ਜਾਂ ਪਥਰ ਵਿਚ ਕੋਈ ਫਰਕ ਨਹੀਂ।

ਏਥੇ ਸਵਾਲ ਪੈਦਾ ਹੁੰਦਾ ਹੈ ਕਿ ਸਰੀਰ ਅੰਦਰ ਮਹਿਸੂਸ ਕਰਨ ਦੀ ਜੇਕਰ ਸ਼ਕਤੀ ਨਹੀਂ ਤਾਂ ਫਿਰ ਮਹਿਸੂਸ ਸ਼ਕਤੀ ਕਿਸ ਵਿਚ ਹੈ? ਕਲੋਰੋਫਾਰਮ ਨਾਲ ਕੌਣ ਬੇਹੋਸ਼ ਹੁੰਦਾ ਹੈ, ਜਿਸ ਦੀ ਬੇਹੋਸ਼ੀ ਦੇ ਕਾਰਨ, ਸਾਰੀ ਮਹਿਸੂਸ ਸ਼ਕਤੀ ਵੀ ਗ਼ਾਇਬ ਹੋ ਜਾਂਦੀ ਹੈ?





ਵਿਚਾਰਨ ਤੋਂ ਪਤਾ ਲਗੇਗਾ ਕਿ ਸਰੀਰ ਦਾ ਦੁਖ ਸੁਖ, ਸਰੀਰ ਨਹੀਂ, ਬਲਕਿ ਸਰੀਰ ਵਿਚ ਰਹਿਣ ਵਾਲਾ ਮਨ ਜਾਂ ਚੇਤਨਤਾ, ਮਹਿਸੂਸ ਕਰਦੀ ਹੈ। ਜਿਥੇ ਮਨ ਹੈ, ਉਥੇ ਮਹਿਸੂਸ ਸ਼ਕਤੀ ਹੈ, ਜਿਥੇ ਮਨ ਜਾਂ ਚੇਤਨਤਾ ਨਹੀਂ, ਉਥੇ ਮਹਿਸੂਸ ਸ਼ਕਤੀ ਵੀ ਨਹੀਂ। ਕਲੋਰੋਫਾਰਮ ਕੇਵਲ ਮਨ ਨੂੰ ਬੇਹੋਸ਼ ਕਰਦਾ ਹੈ ਅਤੇ ਮਨ ਦੇ ਬੇਹੋਸ਼ ਹੋਣ ਨਾਲ ਮਹਿਸੂਸ ਸ਼ਕਤੀ ਵੀ ਅਲੋਪ ਹੋ ਜਾਂਦੀ ਹੈ।

ਏਥੇ ਸਾਨੂੰ ਗੁਰਬਾਣੀ ਦੇ ਮਹਾਂਵਾਕ 'ਕਾਇਆ ਮਿਟੀ ਅੰਧੁ ਹੈ' ਦੀ ਵਿਗਿਆਨਕ ਸਚਾਈ ਦਾ ਜਿਥੇ ਪਤਾ ਲਗਦਾ ਹੈ, ਉਥੇ ਹੀ ਸਾਡੇ ਲਈ ਗੁਰਬਾਣੀ ਦੇ ਹੋਰ ਕਈ ਸਿਧਾਂਤਾਂ ਦੇ ਸਮਝਣ ਦਾ ਰਸਤਾ ਖੁਲ੍ਹ ਜਾਂਦਾ ਹੈ।

ਜੇਕਰ ਸਰੀਰ ਵਿਚ ਮਹਿਸੂਸ ਸ਼ਕਤੀ ਨਹੀਂ ਤਾਂ ਫਿਰ ਦੁਖ ਸੁਖ ਸਰੀਰ ਨੂੰ ਨਹੀਂ, ਬਲਕਿ ਮਨ ਨੂੰ ਭਾਸਦੇ ਹਨ। ਬੀਮਾਰ ਮਨ ਹੁੰਦਾ ਹੈ ਅਤੇ ਰਾਜ਼ੀ ਵੀ ਮਨ ਹੁੰਦਾ ਹੈ। ਦੁਖੀ ਵੀ ਮਨ ਹੀ ਹੁੰਦਾ ਹੈ ਅਤੇ ਸੁਖੀ ਵੀ ਮਨ ਹੀ ਹੁੰਦਾ ਹੈ। ਡਰਦਾ ਵੀ ਮਨ ਅਤੇ ਨਿਰਭੈ ਵੀ ਮਨ ਹੁੰਦਾ ਹੈ। ਖ਼ੁਸ਼ ਵੀ ਮਨ ਹੁੰਦਾ ਅਤੇ ਗ਼ਮਗੀਨ ਵੀ ਮਨ ਹੁੰਦਾ ਹੈ। ਪਾਪ ਵੀ ਮਨ ਕਰਦਾ ਹੈ ਅਤੇ ਪਾਪ ਦੀ ਸਜ਼ਾ ਵੀ ਮਨ ਭੋਗਦਾ ਹੈ। ਚੁਰਾਸੀ ਲਖ ਜੂਨ ਦੇ ਗੇੜੇ ਵਿਚ ਵੀ ਮਨ ਆਉਂਦਾ ਹੈ ਅਤੇ ਗਿਆਨ ਪ੍ਰਾਪਤ ਕਰਕੇ ਇਸੇ ਗੇੜ ਵਿਚੋਂ ਨਿਕਲ ਕੇ ਮੁਕਤ ਵੀ ਮਨ ਹੁੰਦਾ ਹੈ। ਵਾਹਿਗੁਰੂ ਜੀ ਦੀ ਪ੍ਰਾਪਤੀ ਵੀ ਮਨ ਨੂੰ ਹੁੰਦੀ ਹੈ ਅਤੇ ਇਸ ਪ੍ਰਾਪਤੀ ਨਾਲ ਸ਼ਾਂਤ ਵੀ ਮਨ ਹੁੰਦਾ ਹੈ।

ਜਦ ਇਹ ਯਕੀਨ ਆ ਜਾਵੇ ਕਿ ਸਰੀਰ ਵਿਚ ਮਹਿਸੂਸ ਸ਼ਕਤੀ ਨਹੀਂ ਬਲਕਿ ਮਨ ਵਿਚ ਮਹਿਸੂਸ ਸ਼ਕਤੀ ਹੈ ਤਾਂ ਫਿਰ ਪਾਪ, ਦੁਖ ਤੇ ਬੀਮਾਰੀ ਤੋਂ ਬਚਣ ਲਈ, ਕੇਵਲ ਮਨ ਨੂੰ ਇਹਨਾਂ ਤੋਂ ਬਚਾਉਣ ਦੀ ਲੋੜ ਹੈ। ਮਾਇਆ ਜਾਂ ਪਾਪ, ਦੁਖ ਤੇ ਬੀਮਾਰੀ

ਮਨ ਉਤੇ ਖ਼ਿਆਲਾਂ ਰਾਹੀਂ ਹਮਲਾ ਕਰਦੇ ਹਨ। ਖ਼ਿਆਲ ਰਾਹੀਂ ਹੀ ਮਨ ਪਾਪ ਕਰਦਾ ਹੈ, ਖ਼ਿਆਲ ਰਾਹੀਂ ਹੀ ਪਾਪ ਦੀ ਸਜ਼ਾ, ਦੁਖ ਤੇ ਬੀਮਾਰੀ ਦੀ ਸ਼ਕਲ ਵਿਚ ਭੁਗਤਦਾ ਹੈ।

ਇਸ ਕਰਕੇ ਮਨ ਨੂੰ ਪਾਪਾਂ, ਦੁਖ ਤੇ ਬੀਮਾਰੀ ਤੋਂ ਬਚਾਉਣ ਲਈ, ਮਨ ਵਿਚ ਇਹਨਾਂ ਦਾ ਖ਼ਿਆਲ ਹੀ ਪੈਦਾ ਨਹੀਂ ਹੋਣ ਦੇਣਾ ਚਾਹੀਦਾ। ਜਿਸ ਮਨ ਵਿਚ ਪਾਪ ਦਾ ਖ਼ਿਆਲ ਤਕ ਨਹੀਂ, ਉਸ ਮਨ ਤੋਂ ਕਦੀ ਮਾੜਾ ਕੰਮ ਨਹੀਂ ਹੋਵੇਗਾ ਅਤੇ ਜਦ ਮਾੜਾ ਕਰਮ ਹੋਵੇ ਵੀ ਨਾ, ਤਾਂ ਫਿਰ ਮਨ ਉਤੇ ਚਿੰਤਾ ਫਿਕਰ, ਦੁਖ ਸੰਤਾਪ, ਬੀਮਾਰੀ ਆਦਿ ਹਮਲਾ ਹੀ ਨਹੀਂ ਕਰ ਸਕਦੇ। ਮਨ ਇਹਨਾਂ ਦੇ ਅਸਰ ਤੋਂ ਆਜ਼ਾਦ ਹੋ ਜਾਂਦਾ ਹੈ।

ਪਰ ਮਨ ਵਿਚੋਂ ਪਾਪ ਦਾ, ਮਾੜੇ ਕਰਮ ਕਰਨ ਦਾ ਖ਼ਿਆਲ ਹਟ ਸਕਣਾ ਕੋਈ ਆਸਾਨ ਨਹੀਂ। ਇਸ ਨੂੰ ਜਨਮ ਜਨਮਾਂਤਰਾਂ ਤੋਂ ਆਪਣੇ ਗਲਤ ਨਿਸਚਿਆਂ, ਗ਼ਲਤ ਖ਼ਿਆਲਾਂ ਦੀ ਮੈਲ ਐਸੀ ਚੜ੍ਹੀ ਹੁੰਦੀ ਹੈ ਕਿ ਉਸ ਤੋਂ ਆਜ਼ਾਦ ਹੋਣ ਲਈ ਬੜੀ ਸਖ਼ਤ ਤੇ ਲੰਮੀ ਲਗਾਤਾਰ ਮਿਹਨਤ ਦੀ ਲੋੜ ਹੈ। ਮਨ ਆਪਣੇ ਗ਼ਲਤ ਨਿਸਚਿਆਂ ਜਾਂ ਗਲਤ ਖ਼ਿਆਲਾਂ ਤੋਂ ਆਜ਼ਾਦ ਹੋਣ ਵਿਚ ਗੁਰਬਾਣੀ ਬੜੀ ਸਹਾਇਤਾ ਕਰਦੀ ਹੈ। ਗੁਰਬਾਣੀ ਮਨ ਦੇ ਸਾਹਮਣੇ ਵਿਗਿਆਨਕ ਤੇ ਦਰੁਸਤ ਨਿਸਚੇ ਮੁੜ ਮੁੜ ਲਿਆ ਕੇ ਇਸ ਦੇ ਪੁਰਾਣੇ ਗਲਤ ਨਿਸਚਿਆਂ ਦੀ ਮੈਲ ਨੂੰ ਹੌਲੀ ਹੌਲੀ ਕਟਦੀ ਹੈ।

ਮਨ ਵਿਚ ਆਪਣੇ ਆਪ ਨੂੰ ਸਰੀਰ ਮੰਨਣ ਦੀ ਜਨਮ ਜਨਮਾਂਤਰਾਂ ਤੋਂ ਆਦਤ ਪੈ ਗਈ ਹੈ। ਇਹ ਇਸਦਾ ਬੜਾ ਗ਼ਲਤ ਨਿਸਚਾ ਹੈ। ਇਸ ਨਿਸਚੇ ਦੇ ਅਸਰ ਹੇਠ ਮਨ ਆਪਣਾ ਸੁਖ ਆਪਣੇ ਸਰੀਰ ਦੇ ਸੁਖ ਵਿਚ ਮੰਨਦਾ ਹੈ, ਆਪਣੀ ਸੇਹਤ ਆਪਣੇ ਸਰੀਰ ਦੀ ਸੇਹਤ ਵਿਚ ਸਮਝਦਾ ਹੈ, ਆਪਨੂੰ ਖ਼ੁਸ਼ ਕਰਨੀ ਲਈ





ਆਪਣੇ ਸਰੀਰ ਨੂੰ ਖ਼ੁਸ਼ ਕਰਨਾ ਜ਼ਰੂਰੀ ਸਮਝਦਾ ਹੈ। ਜਦ ਰਾਜ਼ੀ ਹੋ ਜਾਵੇ ਤਾਂ ਸਮਝਦਾ ਹੈ ਕਿ ਮੇਰਾ ਸਰੀਰ ਰਾਜ਼ੀ ਹੋ ਗਿਆ ਹੈ। ਅਸਲ ਵਿਚ ਮਨ ਆਪਣੇ ਗ਼ਲਤ ਨਿਸਚਿਆਂ ਦੇ ਕਾਰਨ ਆਪ ਬੀਮਾਰ ਹੁੰਦਾ ਹੈ ਅਤੇ ਆਪਣੀ ਬੀਮਾਰੀ ਦੇ ਅਸਰ ਨੂੰ ਸਰੀਰ ਉਤੇ ਪੈਂਦਾਂ ਦੇਖ ਕੇ ਆਪਣੇ ਸਰੀਰ ਨੂੰ ਵੀ ਬੀਮਾਰ ਸਮਝਦਾ ਹੈ।

ਮਨ ਦੇ ਡੂੰਘੇ ਭੁਲੇਖੇ ਨੂੰ ਗੁਰਬਾਣੀ ਦੀ ਇਹ ਤੁਕ 'ਕਾਇਆ ਮਿਟੀ ਅੰਧੁ ਹੈ' ਦੂਰ ਕਰਦੀ ਹੈ। ਜੋ ਗੁਰਸਿੱਖ ਗੁਰਬਾਣੀ ਉੱਤੇ ਸੱਚਾ ਤੇ ਪੱਕਾ ਵਿਸ਼ਵਾਸ ਰਖਦਾ ਹੈ ਉਹ ਫਿਰ ਆਪਣੇ ਆਪ ਨੂੰ, ਆਪਣੇ ਮਨ ਨੂੰ, ਸਰੀਰ ਤੋਂ ਅਲਹਿਦਾ ਸਮਝਦਾ ਹੈ। ਆਪਣੇ ਆਪ ਨੂੰ ਅਰੋਗ ਤੇ ਸੁਖੀ ਬਨਾਉਣ ਵਾਸਤੇ ਉਹ ਆਪਣੇ ਮਨ ਨੂੰ ਅਰੋਗ ਤੇ ਸੁਖੀ ਬਨਾਉਣ ਦੀ ਕੋਸ਼ਿਸ਼ ਕਰਦਾ ਹੈ ਜਿਸਦਾ ਨਤੀਜਾ ਇਹ ਨਿਕਲਦਾ ਹੈ ਕਿ ਜਿਉਂ ਜਿਉਂ ਉਸ ਦਾ ਮਨ ਅਰੋਗ ਤੇ ਸੁਖੀ ਹੁੰਦਾ ਜਾਵੇ ਉਸ ਦਾ ਸਰੀਰ ਖ਼ੁਦ ਬਖ਼ੁਦ ਅਰੋਗ ਤੇ ਸੁਖੀ ਰਹਿਣ ਲਗ ਜਾਂਦਾ ਹੈ।

ਮਨ ਦੇ ਨਿਸਚਿਆਂ ਦਾ ਤਨ ਯਾ ਸਰੀਰ ਉਤੇ ਅਸਰ ਤਾਂ ਪੈਂਦਾ ਹੈ ਪਰ ਉਸ ਅਸਰ ਨੂੰ ਮਨ ਹੀ ਪੈਦਾ ਕਰਦਾ ਹੈ ਅਤੇ ਮਨ ਹੀ ਮਹਿਸੂਸ ਕਰਦਾ ਹੈ। ਗੁਰਬਾਣੀ ਗੁਰਸਿੱਖ ਦੇ ਮਨ ਨੂੰ ਗੁਰਮਤ ਦੇ ਵਿਗਿਆਨਕ ਨਿਸਚੇ ਦੇ ਕੇ ਅਰੋਗ ਬਣਾਉਂਦੀ ਹੈ ਅਤੇ ਦਸਦੀ ਹੈ ਕਿ ਤਨ ਤਾਂ ਖਾਕ ਜਾਂ ਮਿਟੀ ਜਾਂ ਪੰਜ ਤਤ ਹਨ ਅਤੇ ਮਨ 'ਜੋਤਿ' ਸਰੂਪ ਹੈ, ਇਸ ਲਈ ਮਨ ਜੇਕਰ ਆਪਣੀ ਅਸਲੀਅਤ ਨੂੰ ਸਮਝ ਜਾਵੇ ਤਾਂ ਪਾਪ-ਦੁਖ-ਬੀਮਾਰੀ ਕਾਲ ਸਭ ਦੀ ਪਹੁੰਚ ਤੋਂ ਪਰੇ ਹੈ।

# ਬੀਮਾਰੀ

ਪਰਮਾਤਮਾ (ਪਰਮ-ਆਤਮਾ) ਨੂੰ ਬੀਮਾਰੀ ਦਾ ਪਤਾ ਤਕ ਨਹੀਂ। ਉਹ ਨਾ ਕਦੇ ਬੀਮਾਰ ਹੋਇਆ ਹੈ ਨਾ ਹੋ ਸਕਦਾ ਹੈ। ਜੋ ਆਦਮੀ ਪਰਮਾਤਮਾ ਦੇ ਨੇੜੇ ਨੇੜੇ ਰਹਿਣ ਲਗ ਪਵੇ ਉਹ ਵੀ ਬੀਮਾਰੀ (ਤਨ ਤੇ ਮਨ ਦੋਹਾਂ ਦੀ ਬੀਮਾਰੀ) ਤੋਂ ਆਜ਼ਾਦ ਹੋ ਜਾਂਦਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਸ ਭਾਵ ਦੇ ਗੁਰਵਾਕ ਥਾਂ ਥਾਂ ਤੇ ਲਿਖੇ ਹਨ -

*ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ॥*
*ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ॥*
*ਅੰਗ - 44*

ਅਕਾਲ ਪੁਰਖ ਦੀ ਸ਼ਰਨੀ ਪਿਆਂ ਦੁਖ ਦਰਦ ਮੂਲੋਂ ਹੀ ਮਿਟ ਜਾਂਦੇ ਹਨ। ਇਨਸਾਨ ਦੁਖ ਜਾਂ ਬੀਮਾਰੀ ਤੋਂ ਉਤੇ (Disease proof) ਹੋ ਜਾਂਦਾ ਹੈ, ਜਿਵੇਂ ਅੰਧੇਰੇ ਦੀ ਤਾਰੀਫ ਚਾਨਣ ਦੀ ਅਣ-ਹੋਂਦ (Absence of light) ਹੈ ਉਵੇਂ ਹੀ ਬੀਮਾਰੀ ਦੀ ਤਾਰੀਫ, ਵਾਹਿਗੁਰੂ ਦੀ ਅਣ-ਹੋਂਦ ਹੈ।

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥* *ਅੰਗ - 135*

ਬੀਮਾਰੀ ਤੇ ਦੁਖ ਵਾਹਿਗੁਰੂ ਤੋਂ ਬੇਮੁਖਤਾ ਜਾਂ ਦੂਰ ਜਾਣ ਕਰ





ਕੇ ਹੁੰਦੇ ਹਨ। ਪਹਾੜਾਂ ਤੋਂ ਦੂਰ ਜਾਈਏ ਤਾਂ ਗਰਮੀ ਵਿਆਪਦੀ ਹੈ, ਰੱਬ ਤੋਂ ਦੂਰ ਜਾਈਏ ਤਾਂ ਦੁਖ ਤੇ ਰੋਗ ਵਿਆਪਦੇ ਹਨ। ਗਰਮੀ ਤੋਂ ਬਚਣ ਵਾਸਤੇ ਪਹਾੜਾਂ ਤੇ ਚਲੇ ਜਾਈਦਾ ਹੈ, ਦੁਖਾਂ ਤੋਂ ਛੁਟਕਾਰਾ ਪਾਉਣ ਵਾਸਤੇ ਰੱਬ ਦੀ ਸ਼ਰਣ ਆਉਣਾ ਚਾਹੀਦਾ ਹੈ। ਪਹਾੜਾਂ ਤੇ ਪੁਜਿਆਂ ਗਰਮੀ ਬਗੈਰ ਕੋਸ਼ਿਸ਼ ਦੇ ਦੂਰ ਹੋ ਜਾਂਦੀ ਹੈ, ਇਸੇ ਤਰ੍ਹਾਂ ਅਕਾਲ ਪੁਰਖ ਦੀ ਸ਼ਰਨ ਆਇਆਂ ਦੁਖ ਦਰਦ ਬਗੈਰ ਕੋਸ਼ਿਸ਼ ਦੇ ਮਗਰੋਂ ਲਹਿ ਜਾਂਦੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਰੱਬ ਦੀ ਸ਼ਰਨ ਗਿਆਂ ਦੁਖ ਜਾਂ ਬੀਮਾਰੀ ਕਿਥੇ ਚਲੇ ਜਾਂਦੇ ਹਨ? ਉਥੇ ਹੀ ਜਿਥੇ ਚਾਨਣ ਹੋਇਆਂ ਹਨੇਰਾ ਚਲਾ ਜਾਂਦਾ ਹੈ। ਹਨੇਰੇ ਦੀ ਆਪਣੀ ਕੋਈ ਹਸਤੀ ਨਹੀਂ ਹੁੰਦੀ, ਚਾਨਣ ਦੀ ਗੈਰ-ਹਾਜ਼ਰੀ ਦਾ ਨਾਮ ਹਨੇਰਾ ਹੈ। ਇਸੇ ਤਰ੍ਹਾਂ ਬੀਮਾਰੀ ਦੀ ਆਪਣੀ ਕੋਈ ਹਸਤੀ ਨਹੀਂ, ਵਾਹਿਗੁਰੂ ਦੀ ਗ਼ੈਰ-ਹਾਜ਼ਰੀ ਦਾ ਨਾਮ ਦੁਖ ਜਾਂ ਬੀਮਾਰੀ ਹੈ।

ਜਿਵੇਂ ਚਾਨਣ ਨੂੰ ਹਨੇਰੇ ਦਾ ਪਤਾ ਨਹੀਂ ਹੁੰਦਾ, ਤਿਵੇਂ ਰੱਬ ਨੂੰ ਬੀਮਾਰੀ ਦਾ ਪਤਾ ਨਹੀਂ। ਹਨੇਰੇ ਦੀ ਕੋਈ ਹਸਤੀ ਹੋਵੇ ਤਾਂ ਚਾਨਣ ਨੂੰ ਪਤਾ ਲਗੇ, ਏਸੇ ਤਰ੍ਹਾਂ ਬੀਮਾਰੀ ਦੀ ਜੇ ਕੋਈ ਹਸਤੀ ਹੋਵੇ ਤਾਂ ਰੱਬ ਨੂੰ ਪਤਾ ਲਗੇ। ਨਾ ਬੀਮਾਰੀ ਦੀ ਕੋਈ ਹਸਤੀ ਹੈ ਨਾ ਇਸ ਦਾ ਪਤਾ ਅਕਾਲ ਪੁਰਖ ਨੂੰ ਹੈ।

ਚਾਨਣ ਦੀ ਗ਼ੈਰ ਹਾਜ਼ਰੀ ਵਿਚ ਹਨੇਰਾ ਬੜਾ ਭਿਆਨਕ ਤੇ ਸਚ ਮਲੂਮ ਹੁੰਦਾ ਹੈ, ਪਰਤੱਖ ਭਾਸਦਾ ਹੈ। ਏਸੇ ਤਰ੍ਹਾਂ ਦੁਖ, ਬੀਮਾਰੀ, ਚਿੰਤਾ ਇਨਸਾਨ ਦੇ ਤਜਰਬੇ ਦੀਆਂ ਦੁਰਘਟਨਾਵਾਂ, ਰੱਬ ਦੀ ਗ਼ੈਰ-ਹਾਜ਼ਰੀ ਜਾਂ ਇਨਸਾਨ ਦੀ ਰੱਬ ਵਲੋਂ ਬੇਮੁਖਤਾ ਜਾਂ ਰੱਬ ਸਬੰਧੀ ਅਗਿਆਨਤਾ ਦੇ ਸਮੇਂ ਵਿਚ, ਪਰਤੱਖ ਭਿਆਨਕ ਤੇ ਸਚਮੁਚ ਭਾਸਦੀਆਂ ਹਨ।

ਜਿਨ੍ਹਾਂ ਨੂੰ ਚਾਨਣ ਦਾ ਗਿਆਨ ਹੋਵੇ ਉਹ ਹਨੇਰੇ ਨੂੰ ਤੁਛ ਤੇ ਅਸੱਤ ਸਮਝਦੇ ਹਨ।

ਹਨੇਰੇ ਅਗੇ ਨਿਉਣਾ ਚਾਨਣ ਦੀ ਬੇਅਦਬੀ ਕਰਨਾ ਹੈ। ਦੁਖ, ਰੋਗ ਤੇ ਮੁਸੀਬਿਤ ਅਗੇ ਝੁਕਣਾ ਅਕਾਲ ਪੁਰਖ ਦੀ ਹਸਤੀ ਤੋਂ ਮੁਨਕਰ ਹੋਣਾ ਹੈ।

ਹਨੇਰਾ ਕਈ ਹਜ਼ਾਰ ਸਾਲ ਦਾ ਪੁਰਾਣਾ ਕਿਉਂ ਨਾ ਹੋਵੇ, ਚਾਨਣ ਦੀ ਇਕ ਕਿਰਨ ਸਾਹਮਣੇ ਹਮੇਸ਼ਾ ਲਈ ਉਡ ਜਾਂਦਾ ਹੈ। ਦੁਖ ਤਕਲੀਫਾਂ ਤੇ ਰੋਗ ਕਿਤਨੇ ਪੁਰਾਣੇ ਤੇ ਜ਼ਬਰਦਸਤ ਕਿਉਂ ਨਾ ਹੋਣ, ਅਕਾਲਪੁਰਖ ਦੇ ਗਿਆਨ ਦੀ ਇਕ ਚੰਗਿਆੜੀ ਨਾਲ ਸੜ ਕੇ ਸਦਾ ਲਈ ਸੁਆਹ ਹੋ ਜਾਂਦੇ ਹਨ।

ਹਨੇਰੇ ਵਿਚ ਠੇਡੇ ਖਾਣ ਵਾਲੇ ਆਦਮੀ ਵਾਸਤੇ ਜਿਵੇਂ ਚਾਨਣ ਦੀ ਬੜੀ ਲੋੜ ਹੈ, ਉਵੇਂ ਦੁਖਾਂ, ਗਮਾਂ ਤੇ ਬੀਮਾਰੀ ਤੋਂ ਤੰਗ ਆਏ ਪੁਰਸ਼ ਵਾਸਤੇ ਰੱਬ ਦੀ ਸ਼ਰਨ ਆਉਣ ਦੀ ਡਾਹਢੀ ਲੋੜ ਹੈ।

ਹਨੇਰੇ ਵਿਚ ਚਾਨਣ ਨੂੰ ਭੁਲਾ ਦੇਣਾ, ਆਪਣੇ ਆਪ ਨੂੰ ਹਨੇਰੇ ਦਾ ਵਾਸੀ ਬਨਾਣਾ ਹੈ। ਦੁਖਾਂ ਤਕਲੀਫਾਂ ਤੇ ਬੀਮਾਰੀ ਦਾ ਗ਼ੁਲਾਮ ਬਨਾਣਾ ਹੈ, ਇਹਨਾਂ ਦੇ ਪੰਜੇ ਨੂੰ ਮਜ਼ਬੂਤ ਤੇ ਆਪਣੀ ਰਿਹਾਈ ਦੇ ਦਰਵਾਜ਼ੇ ਨੂੰ ਬੰਦ ਕਰਨਾ ਹੈ।

ਬੀਮਾਰੀ ਉਤੇ ਅੱਧੀ ਫਤਹਿ ਤਾਂ ਉਦੋਂ ਪਾ ਲਈਦੀ ਹੈ, ਜਦੋਂ ਉਸ ਦੀ ਹਸਤੀ ਨੂੰ ਨਾ ਮੰਨੀਏ, ਉਸ ਦੇ ਡਰ ਨੂੰ ਨੇੜੇ ਨਾ ਆਉਣ ਦੇਈਏ ਤੇ ਬਾਕੀ ਦੀ ਅੱਧੀ ਫਤਹਿ ਉਦੋਂ ਪਾ ਲਈਦੀ ਹੈ ਜਦ ਆਪਣੇ ਮਨ ਨੂੰ ਅਕਾਲ ਪੁਰਖ ਦੇ ਚਰਨਾਂ ਵਿਚ ਇਕਾਗਰ ਕਰ ਦੇਈਏ। ਇਹ ਦੋਵੇਂ ਖੁਸ਼ੀਆਂ ਇਸ ਲੇਖ ਨੂੰ ਕੇਵਲ ਪੜ੍ਹਿਆਂ





ਹੀ ਨਹੀਂ ਆ ਜਾਣਗੀਆਂ, ਇਹਨਾਂ ਦੇ ਹਾਸਲ ਕਰਨ ਵਾਸਤੇ ਅਭਿਆਸ, ਹੌਂਸਲੇ ਤੇ ਇੰਤਜ਼ਾਰ ਦੀ ਜ਼ਰੂਰਤ ਹੈ।

ਇਨਸਾਨ ਨੂੰ ਜੀਵਨ ਵਿਚ ਸਭ ਤੋਂ ਵਡਾ ਦੁੱਖ ਬੀਮਾਰੀਆਂ ਦੇ ਕਾਰਨ ਹੁੰਦਾ ਹੈ। ਰੋਗ ਇਨਸਾਨ ਨੂੰ ਭਾਵੇਂ ਉਹ ਬਦਮਾਸ਼ ਹੋਵੇ, ਭਾਵੇਂ ਜਰਨੈਲ, ਭਾਵੇਂ ਕਰੋੜਾਂ ਪਤੀ ਹੋਵੇ ਭਾਵੇਂ ਡਾਹਡਾ ਵਿਦਵਾਨ, ਸਭ ਨੂੰ ਅਤਿ ਦੁਖੀ ਕਰਦਾ ਹੈ। ਇਨਸਾਨ ਨੇ ਆਪਣੇ ਆਪ ਨੂੰ ਸੁਖੀ ਬਨਾਉਣ ਵਾਸਤੇ ਅਨੇਕਾਂ ਕਾਢਾਂ ਕਢੀਆਂ ਹਨ ਪਰ ਬੀਮਾਰੀ ਤੋਂ ਬਚਣ ਵਾਸਤੇ ਇਸ ਦੀਆਂ ਸਭ ਕੋਸ਼ਿਸ਼ਾਂ ਨਿਸਫਲ ਹੋਈਆਂ ਹਨ। ਜਿਉਂ ਜਿਉਂ ਇਨਸਾਨ ਇਕ ਕਿਸਮ ਦੀ ਬੀਮਾਰੀ ਦਾ ਕਾਰਗਰ ਇਲਾਜ ਲਭਦਾ ਹੈ ਤਾਂ ਦੂਸਰੀ ਕਿਸਮ ਦੀ ਬੀਮਾਰੀ ਪੈਦਾ ਹੋ ਜਾਂਦੀ ਹੈ। ਅਜ ਕਲ੍ਹ ਕਈ ਐਸੀਆਂ ਬਿਮਾਰੀਆਂ ਨਜ਼ਰ ਆਉਂਦੀਆਂ ਹਨ ਜਿਨ੍ਹਾਂ ਦਾ ਅਜ ਤੋਂ ਦੋ ਸੌ ਸਾਲ ਪਹਿਲੇ ਲੋਕਾਂ ਨੂੰ ਪਤਾ ਤਕ ਨਹੀਂ ਸੀ।

ਅੱਜਕਲ੍ਹ ਜਿਸ ਘਰ ਵਲ ਨਜ਼ਰ ਮਾਰੋ ਉਸ ਘਰ ਦੀ ਆਮਦਨ ਦਾ ਚੌਥਾ ਹਿੱਸਾ ਦਵਾਈਆਂ ਤੇ ਡਾਕਟਰਾਂ ਦੀ ਨਜ਼ਰ ਹੁੰਦਾ ਦੇਖੀਦਾ ਹੈ। ਅਮੀਰਾਂ ਵਾਸਤੇ ਤਾਂ ਫੈਮਲੀ ਡਾਕਟਰ ਦਾ ਹੋਣਾ ਇਕ ਵਡੀ ਜ਼ਰੂਰਤ ਹੋ ਗਿਆ ਹੈ। ਕਈ ਮਿੱਤਰ ਹਰ ਰੋਜ਼ ਕੋਈ ਨ ਕੋਈ ਦਵਾਈ ਖਾ ਕੇ ਹੀ ਆਪਣੇ ਆਪ ਨੂੰ ਤੰਦਰੁਸਤ ਰਖ ਸਕਦੇ ਹਨ। ਕੀ ਅਮੀਰ, ਕੀ ਗਰੀਬ, ਦਵਾਈਆਂ ਤੇ ਡਾਕਟਰਾਂ ਤੋਂ ਬਗੈਰ ਅਜ ਕਲ੍ਹ ਕਿਸੇ ਦਾ ਝਟ ਨਹੀਂ ਲੰਘ ਸਕਦਾ।

ਅਨੇਕਾਂ ਡਾਕਟਰਾਂ, ਵੈਦਾਂ ਤੇ ਅਨੇਕਾਂ ਦਵਾਈਆਂ ਤੇ ਇਲਾਜਾਂ ਦੇ ਹੁੰਦੇ ਸੁੰਦੇ ਵੀ ਇਨਸਾਨ ਨੂੰ ਰੋਗਾਂ ਜਾਂ ਬਿਮਾਰੀਆਂ ਦੇ ਪੰਜੇ ਵਿਚ ਫਸਿਆ ਤੇ ਅਧੀਨ ਹਾਲਤ ਵਿਚ ਦੇਖਕੇ ਦਿਲ ਵਿਚ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਸ ਦੁਰਘਟਨਾ ਦਾ ਕੋਈ

ਇਲਾਜ ਨਹੀਂ? ਕੀ ਇਨਸਾਨ 'ਰਾਮ ਦੀ ਅੰਸ' ਜਾਂ ਰੱਬ ਦਾ ਪੁਤੱਰ ਹੁੰਦਾ ਹੋਇਆ ਵੀ ਬੀਮਾਰੀਆਂ ਦੇ ਪੰਜੇ ਵਿਚ ਏਸੇ ਤਰ੍ਹਾਂ ਬੇਬਸ ਤੇ ਲਾਚਾਰ ਰਹੇਗਾ?

ਇਸ ਸਵਾਲ ਦਾ ਉੱਤਰ ਸਿਵਾਏ ਧਰਮ ਦੇ ਦੁਨੀਆਂ ਦੇ ਕਿਸੇ ਪਾਸੇ ਵਲੋਂ ਵੀ ਤੱਸਲੀਬਖਸ਼ ਨਹੀਂ ਮਿਲਦਾ। ਜਿਥੇ ਦੁਨੀਆਂ ਦੇ ਸਰੀਰਕ ਡਾਕਟਰਾਂ ਨੇ ਬੀਮਾਰੀਆਂ ਦਾ ਇਨਸਾਨੀ ਜੀਵਨ ਵਾਸਤੇ ਜ਼ਰੂਰੀ ਹੋਣਾ ਤਸਲੀਮ ਕਰ ਲੀਤਾ ਹੈ ਤੇ ਬੀਮਾਰੀਆਂ ਨੂੰ ਦਵਾਈਆਂ ਨਾਲ ਰਾਜ਼ੀ ਕਰਨ ਦੀ ਕੋਸ਼ਿਸ਼ ਤੋਂ ਛੁਟ ਬੀਮਾਰੀਆਂ ਦਾ ਹੋਰ ਕੋਈ ਇਲਾਜ ਨਹੀਂ ਸਮਝਦੇ, ਉਥੇ ਆਤਮਕ ਜਾਂ ਧਾਰਮਕ ਪੁਰਸ਼ਾਂ ਨੇ ਬੀਮਾਰੀਆਂ ਸੰਬੰਧੀ ਆਪਣੀ ਖੋਜ ਦਾ ਸਿੱਟਾ ਇਸ ਪ੍ਰਕਾਰ ਦਸਿਆ ਹੈ ਕਿ ਇਨਸਾਨ ਦੇ ਆਪਣੇ ਅੰਦਰ ਇਕ ਐਸੀ ਮਹਾਂ ਸ਼ਕਤੀ ਰਹਿੰਦੀ ਹੈ ਜਿਸ ਨੂੰ ਲਭ ਕੇ ਅਤੇ ਵਰਤ ਕੇ ਉਹ ਸਭ ਪ੍ਰਕਾਰ ਦੀਆਂ ਬੀਮਾਰੀਆਂ ਤੋਂ ਆਜ਼ਾਦ ਹੋ ਸਕਦਾ ਹੈ। ਇਹ ਮਹਾਂ ਸ਼ਕਤੀ ਉਸ ਦੇ ਅੰਦਰ ਉਸੇ ਤਰ੍ਹਾਂ ਲੁਕੀ ਪਈ ਹੈ, ਜਿਵੇਂ ਲਕੜੀ ਅੰਦਰ ਅੱਗ ਲੁਕੀ ਹੁੰਦੀ ਹੈ। ਇਸ ਤਰ੍ਹਾਂ ਮਹਾਂ ਸ਼ਕਤੀ ਨੂੰ ਲੁਕੀ ਹਾਲਤ ਤੋਂ ਪਰਤੱਖ ਹਾਲਤ (manifestation) ਵਿਚ ਗੁਰੂ ਦੀ ਮਦਦ ਨਾਲ ਲਿਆ ਸਕੀਦਾ ਹੈ।

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥*
*ਗੁਰ ਸਾਖੀ ਜੋਤਿ ਪਰਗਟੁ ਹੋਇ॥* *ਅੰਗ - 13*

ਜਦ ਇਨਸਾਨ ਨੂੰ ਇਸ ਮਹਾਂਸ਼ਕਤੀ ਦਾ ਪਤਾ ਲਗ ਜਾਂਦਾ ਹੈ ਅਤੇ ਇਸ ਨੂੰ ਵਰਤਣ ਦਾ ਵਲ ਆ ਜਾਵੇ ਤਦ ਇਸ ਸ਼ਕਤੀ ਦੇ ਜ਼ਰੀਏ ਉਹ ਆਪਣੀਆਂ ਬੀਮਾਰੀਆਂ ਦੂਰ ਕਰ ਸਕਦਾ ਹੈ। ਬੀਮਾਰੀਆਂ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੁਸ਼ਕਲਾਂ ਹਲ ਕਰ ਸਕਦਾ ਹੈ। ਇਹ ਸ਼ਕਤੀ ਉਸ ਦੇ ਨਾਲ ਘਰ ਬਾਹਰ, ਹਰ ਜਗ੍ਹਾ





ਅੰਗ ਸੰਗ ਰਹਿੰਦੀ ਹੈ।

*ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ॥*

*ਅੰਗ - 677*

ਜੇ ਇਨਸਾਨ ਨੂੰ ਇਸ ਮਹਾਂ ਸ਼ਕਤੀ ਨੂੰ ਠੀਕ ਵਰਤਣ ਦਾ ਵੱਲ ਆ ਜਾਵੇ ਤਾਂ ਇਹ ਸ਼ਕਤੀ ਉਸਦੇ ਸਭ ਕੰਮ ਸਵਾਰਦੀ ਹੈ।

*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*

*ਅੰਗ - 403*

ਇਨਸਾਨ ਨੂੰ ਜੇਕਰ ਆਪਣੀ ਅੰਦਰਲੀ ਮਹਾਂ ਸ਼ਕਤੀ ਦਾ ਪਤਾ ਲਗ ਜਾਵੇ ਤਾਂ ਤਨ ਜਾਂ ਮਨ ਦੇ ਕੋਈ ਰੋਗ ਪੋਹ ਨਹੀਂ ਸਕਦੇ, ਉਹ ਸਭ ਦੁਖਾਂ ਤੋਂ ਉਚਾ ਹੋ ਜਾਂਦਾ ਹੈ।

*ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ॥*
*ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ॥*

*ਅੰਗ - 44*

*ਨਾਮ ਅਉਖਧੁ ਜਿਹ ਰਿਦੈ ਹਿਤਾਵੈ॥ ਤਾਹਿ ਰੋਗੁ ਸੁਪਨੈ ਨਹੀ ਆਵੈ॥*
*ਹਰਿ ਅਉਖਧੁ ਸਭ ਘਟ ਹੈ ਭਾਈ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥ ਨਾਨਕ ਤਉ ਫਿਰਿ ਦੂਖ ਨ ਥੀਆ॥*

*ਅੰਗ - 259*

ਸਾਨੂੰ ਪਤਾ ਹੈ ਕਿ ਹਜ਼ਰਤ ਮਸੀਹ ਜੀ ਅਨੇਕਾਂ ਬੀਮਾਰਾਂ ਨੂੰ ਵਾਹਿਗੁਰੂ ਦੀ ਸ਼ਕਤੀ ਨਾਲ ਰਾਜ਼ੀ ਕਰਿਆ ਕਰਦੇ ਸੀ, ਸਾਨੂੰ ਇਹ ਵੀ ਪਤਾ ਹੈ ਕਿ ਗੁਰੂ ਘਰ ਵਿਚ ਵਾਹਿਗੁਰੂ ਦੀ ਸ਼ਕਤੀ ਨਾਲ ਗੁਰੂ ਸਾਹਿਬਾਨ ਬੀਮਾਰਾਂ ਨੂੰ ਰਾਜ਼ੀ ਕਰਦੇ ਰਹੇ। ਗੁਰੂ ਅਰਜਨ ਦੇਵ ਜੀ ਦੇ ਆਪਣੇ ਸਪੁੱਤਰ ਹਰਿਗੋਬਿੰਦ ਜੀ ਨੂੰ ਚੀਚਕ (ਮਾਤਾ) ਦੀ ਬੀਮਾਰੀ ਤੋਂ ਵਾਹਿਗੁਰੂ ਸ਼ਕਤੀ ਨਾਲ ਰਾਜ਼ੀ ਕਰਨ ਸੰਬੰਧੀ ਤਾਂ ਗੁਰੂ ਗਰੰਥ ਸਾਹਿਬ ਜੀ ਵਿਚ ਸ਼ਬਦ ਵੀ ਮੌਜੂਦ ਹਨ। ਗੁਰੂ ਗਰੰਥ ਜੀ ਵਿਚ ਥਾਂ ਥਾਂ ਤੇ ਲਿਖਿਆ ਹੈ ਕਿ ਵਾਹਿਗੁਰੂ ਦੀ ਸ਼ਰਨ ਪਿਆਂ

ਇਨਸਾਨ ਦੇ ਸਰਬ ਪਰਕਾਰ ਦੇ ਤਨ ਦੇ ਦੁਖ ਨਵਿਰਤ ਹੋ ਜਾਂਦੇ ਹਨ।

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥*
*ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥*
*ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥*
*ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥*
*ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥ ਅੰਗ - 819*

ਵਾਹਿਗੁਰੂ ਦੀ ਸ਼ਰਨ ਪਿਆਂ ਗੁਰੂ ਸਾਹਿਬਾਨ ਦੇ ਵੇਲੇ ਹੀ ਇਨਸਾਨ ਦੇ ਦੁਖ ਨਹੀਂ ਸਨ ਨਵਿਰਤ ਹੋ ਸਕਦੇ, ਸਗੋਂ ਇਹ ਵਾਹਿਗੁਰੂ ਦਾ ਸਦੀਵੀ ਸੁਭਾਅ ਹੈ ਕਿ ਉਸ ਦੀ ਜੋ ਵੀ, ਜਦੋਂ ਵੀ ਸ਼ਰਨ ਪਵੇ, ਉਸਦੇ ਵਾਹਿਗੁਰੂ ਦੁਖ ਦੂਰ ਕਰਦਾ ਹੈ। ਅਜ ਕਲ ਵੀ ਜਿਸ ਆਦਮੀ ਨੂੰ ਵਾਹਿਗੁਰੂ ਦੇ ਸੁਭਾਅ ਦਾ ਪੂਰਾ ਪਤਾ ਹੋਵੇ ਉਹ ਵਾਹਿਗੁਰੂ ਦੀ ਅਪਾਰ ਸ਼ਕਤੀ ਤੋਂ ਉਸੇ ਤਰ੍ਹਾਂ ਲਾਭ ਉਠਾ ਸਕਦਾ ਹੈ ਜਿਵੇਂ ਬਿਜਲੀ ਦਾ ਇੰਜੀਨੀਅਰ ਬਿਜਲੀ ਤੋਂ ਅਨੇਕਾਂ ਪ੍ਰਕਾਰ ਦੇ ਲਾਭ ਉਠਾ ਸਕਦਾ ਹੈ।

ਏਥੇ ਇਹ ਗੱਲ ਯਾਦ ਰਖਣ ਵਾਲੀ ਹੈ ਕਿ ਜਦ ਸਿੱਖ ਦਾ ਵਿਸ਼ਵਾਸ ਵਾਹਿਗੁਰੂ ਵਿਚ ਥਿੜਕੇ ਜਾਂ ਡੋਲੇ ਤਾਂ ਵਾਹਿਗੁਰੂ ਸਿੱਖ ਉਤੇ ਨਾਰਾਜ਼ ਨਹੀਂ ਹੁੰਦਾ ਸਗੋਂ ਸਿੱਖ ਦੀ ਦੁਨਿਆਵੀ ਤਰੀਕਿਆਂ ਵਿਚ ਹੀ ਸਹਾਇਤਾ ਤੇ ਅਗਵਾਈ ਕਰਦਾ ਹੈ। ਇਕ ਵਾਰੀ ਮੇਰੇ ਕੰਨ ਪੀੜ ਹੋਣ ਲਗ ਗਈ ਅਤੇ ਇਤਨੀ ਵਧੀ ਕਿ ਮੈਥੋਂ ਆਰਾਮ ਨਾਮ ਬੈਠਿਆ ਵੀ ਨਾ ਜਾਵੇ। ਮੈਂ ਇਸ ਹਾਲਤ ਵਿਚ ਸਿਮਰਨ ਅਭਿਆਸ ਵਿਚ ਬੈਠ ਗਿਆ, ਤਾਂ ਪੀੜ ਨੂੰ ਬਿਲਕੁਲ ਆਰਾਮ ਆ ਗਿਆ। ਪਰ ਜਦ ਮੈਂ ਅਭਿਆਸ ਤੋਂ ਉਠਿਆ ਤੇ ਫੇਰ ਦਰਦ ਸ਼ੁਰੂ ਹੋ ਗਈ। ਦੋ ਤਿੰਨ ਦਿਨ ਇਹੋ ਹਾਲ ਹੋਇਆ ਕਿ ਅਭਿਆਸ





ਵਿਚ ਬੈਠਿਆਂ ਪੀੜ ਦੀਆਂ ਚੀਸਾਂ ਬੰਦ ਹੋ ਜਾਣ ਪਰ ਅਭਿਆਸ ਮਗਰੋਂ ਫੇਰ ਸ਼ੁਰੂ ਹੋ ਜਾਣ। ਅਖੀਰ ਮੈਂ ਅਰਦਾਸ ਕੀਤੀ ਕਿ ਸਚੇ ਪਾਤਿਸ਼ਾਹ ਕਿਉਂਕਿ ਮੈਂ ਆਪਣੇ ਵਿਸ਼ਵਾਸ ਦੀ ਊਣਤਾ ਦੇ ਕਾਰਨ ਆਪਣੀ ਤਕਲੀਫ਼ ਨੂੰ ਬਗੈਰ ਕਿਸੇ ਇਨਸਾਨੀ ਸਹਾਇਤਾ ਦੇ ਦੂਰ ਨਹੀਂ ਕਰ ਸਕਿਆ, ਤੂੰ ਮੇਰੀ ਅਗਵਾਈ ਕਰ ਅਤੇ ਦਸ ਕਿ ਮੈਂ ਹੁਣ ਕਿਸ ਡਾਕਟਰ, ਹਕੀਮ ਪਾਸ ਜਾਵਾਂ? ਇਸ ਅਰਦਾਸ ਦੇ ਜਵਾਬ ਵਿਚ ਵਾਹਿਗੁਰੂ ਵਲੋਂ ਬੜਾ ਅਜੀਬ ਜਵਾਬ ਆਇਆ ਜਿਸ ਦਾ ਭਾਵ ਇਹ ਸੀ ਕਿ ਜੇ ਤੇਰਾ ਵਿਸ਼ਵਾਸ ਮੇਰੇ ਵਿਚ ਅਜੇ ਪੂਰਾ ਦਰਿੜ੍ਹ ਨਹੀਂ ਹੋਇਆ ਤਾਂ ਕੋਈ ਡਰ ਨਹੀਂ। ਮੈਂ ਹਰ ਹਾਲਤ ਵਿਚ ਤੇਰੇ ਨਾਲ ਰਹਾਂਗਾ। ਤੇ ਆਪਣੇ ਮਹੱਲੇ ਦੇ ਸਭ ਤੋਂ ਨਜ਼ਦੀਕ ਡਾਕਟਰ ਪਾਸ ਚਲਾ ਜਾ। ਮੇਰੇ ਨਜ਼ਦੀਕ ਰਹਿਣ ਵਾਲਾ ਡਾਕਟਰ ਮਹੱਲੇ ਵਿਚ ਬੜਾ ਮਾਮੂਲੀ ਡਾਕਟਰ ਗਿਣਿਆ ਗਿਆ ਸੀ, ਅਤੇ ਆਮ ਲੋਕਾਂ ਦਾ ਉਸ ਵਿਚ ਨਿਸਚਾ ਨਹੀਂ ਸੀ। ਪਰ ਮੈਂ ਜਾਣਦਾ ਸੀ ਕਿ ਰਾਜ਼ੀ ਤਾਂ ਮੈਨੂੰ ਮੇਰੇ ਅੰਦਰਲੇ ਡਾਕਟਰ ਨੇ ਕਰਨਾ ਹੈ, ਬਾਹਰਲੇ ਡਾਕਟਰ ਦਾ ਤਾਂ ਐਵੇਂ ਬਹਾਨਾ ਹੀ ਹੈ। ਇਸ ਲਈ ਮੈਂ ਫੌਰਨ ਉਸੇ ਡਾਕਟਰ ਪਾਸ ਚਲਾ ਗਿਆ, ਉਸ ਡਾਕਟਰ ਨੇ ਮੇਰੇ ਕੰਨਾਂ ਵਿਚ ਇਕ ਦਵਾਈ ਪਾਈ ਜਿਸ ਨਾਲ ਮੇਰੀ ਦਰਦ ਨੂੰ ਪੰਜਾਂ ਸਤਾਂ ਮਿੰਟਾਂ ਵਿਚ ਹੀ ਆਰਾਮ ਆ ਗਿਆ।

ਵਾਹਿਗੁਰੂ ਦੀ ਅਪਾਰ ਸ਼ਕਤੀ ਸਾਡੇ ਸਾਰੇ ਕੰਮ ਸਵਾਰਨ ਲਈ ਸਦਾ ਸਾਡੇ ਅੰਗ ਸੰਗ ਰਹਿੰਦੀ ਹੈ। ਇਸ ਤੋਂ ਲਾਭ ਉਠਾਉਣ ਲਈ ਜ਼ਰੂਰੀ ਹੈ ਕਿ ਸਾਨੂੰ ਇਸ ਸ਼ਕਤੀ ਦਾ ਪਤਾ ਹੋਵੇ ਅਤੇ ਇਸ ਤੇ ਪੂਰਨ ਵਿਸ਼ਵਾਸ ਹੋਵੇ।

ਮੈਨੂੰ ਕਿੰਨੇ ਅੰਗਰੇਜ਼ ਤੇ ਹਿੰਦੁਸਤਾਨੀ ਖਾਨਦਾਨਾਂ ਦਾ ਪਤਾ ਹੈ ਜੋ ਇਸ ਮਾਦਾਪ੍ਰਸਤੀ ਦੇ ਸਮੇਂ ਵਿਚ ਵੀ ਬੀਮਾਰੀਆਂ ਵਿਚ

ਡਾਕਟਰਾਂ ਤੇ ਦਵਾਈਆਂ ਦੀ ਸ਼ਰਨ ਲੈਣ ਦੀ ਬਜਾਏ ਕਰਤਾਰ ਦੀ ਸ਼ਰਨ ਲੈਂਦੇ ਅਤੇ ਵਾਹਿਗੁਰੂ ਦੀ ਸ਼ਕਤੀ ਨਾਲ ਆਪਣੀਆਂ ਬੀਮਾਰੀਆਂ ਅਤੇ ਆਪਣੇ ਪਰਿਵਾਰ ਦੀਆਂ ਬੀਮਾਰੀਆਂ ਰਾਜ਼ੀ ਕਰਦੇ ਹਨ।

ਮੇਰੇ ਆਪਣੇ ਘਰ ਵਿਚ ਬੀਮਾਰੀ ਦੇ ਸਮੇਂ ਦਵਾਈਆਂ ਤੇ ਡਾਕਟਰ ਆਮ ਕਰਕੇ ਨਹੀਂ ਆਉਂਦੇ। ਜਿਸ ਦਿਨ ਤੋਂ ਮੈਨੂੰ ਗੁਰੂ ਕਰਤਾਰ ਦੀ ਸ਼ਕਤੀ ਦਾ ਪਤਾ ਲਗਾ ਹੈ ਅਤੇ ਉਸ ਤੇ ਵਿਸ਼ਵਾਸ ਵਧਿਆ ਹੈ, ਉਸ ਦਿਨ ਤੋਂ ਮੈਂ ਦੇਖਦਾ ਹਾਂ ਕਿ ਅਵਲ ਤਾਂ ਮੇਰੇ ਘਰ ਵਿਚ ਬੀਮਾਰੀ ਆਉਂਦੀ ਹੀ ਨਹੀਂ ਪਰ ਜੇਕਰ ਕਦੀ ਕਦਾਈਂ ਆ ਜਾਵੇ ਤਾਂ ਬਗੈਰ ਡਾਕਟਰਾਂ ਤੇ ਦਵਾਈਆਂ ਦੀ ਸਹਾਇਤਾ ਦੇ, ਅਰਦਾਸਾਂ ਕਰਨ ਨਾਲ ਹੀ ਰਾਜ਼ੀ ਹੋ ਜਾਂਦੀ ਹੈ, ਕਿਉਂਕਿ ਮੈਂ ਅਜੇ ਗੁਰੂ ਨਾਨਕ ਦਾ, ਗੁਰੂ ਗੋਬਿੰਦ ਸਿੰਘ ਜੀ ਦਾ ਪੂਰਨ ਸਿੱਖ ਨਹੀਂ ਬਣ ਸਕਿਆ ਅਤੇ ਵਾਹਿਗੁਰੂ ਵਿਚ ਮੇਰਾ ਵਿਸਵਾਸ ਅਜੇ ਵੀ ਕਈ ਵਾਰ ਡੋਲ ਜਾਂਦਾ ਹੈ, ਇਸ ਲਈ ਪਿਛਲੇ ਕਈ ਵਰ੍ਹਿਆਂ ਅੰਦਰ ਦੋ ਤਿੰਨ ਵਾਰੀ ਮੈਨੂੰ ਆਪਣੇ ਤੇ ਆਪਣੇ ਪਰਿਵਾਰ ਸੰਬੰਧੀ ਡਾਕਟਰਾਂ ਪਾਸ ਜਾਣਾ ਪਿਆ ਹੈ ਪਰ ਮੈਂ ਵਾਹਿਗੁਰੂ ਸ਼ਕਤੀ ਨੂੰ ਏਥੇ ਵੀ ਆਪਣੀ ਠੀਕ ਅਗਵਾਈ ਕਰਦੇ ਦੇਖਿਆ ਹੈ। ਮੈਨੂੰ ਹਮੇਸ਼ਾਂ ਐਸੇ ਡਾਕਟਰਾਂ ਪਾਸ ਹੀ ਲੈ ਜਾਇਆ ਜਾਂਦਾ ਹੈ, ਜਿਹਨਾਂ ਦੀ ਪਹਿਲੀ ਦਵਾਈ ਨਾਲ ਹੀ ਅਸੀਂ ਰਾਜ਼ੀ ਹੋ ਜਾਂਦੇ ਰਹੇ ਹਾਂ।





# ਬੀਮਾਰ ਕੌਣ ਹੁੰਦਾ ਹੈ?

ਇਕ ਸਿਆਣੀ ਉਮਰ ਦੇ ਚੰਗੇ ਪੜ੍ਹੇ ਲਿਖੇ ਆਦਮੀ ਤੋਂ ਜਦ ਪੁਛਿਆ ਗਿਆ ਕਿ 'ਤੂੰ ਕੀ ਹੈਂ?' ਤਾਂ ਚਕ੍ਰਿਤ ਹੋ ਕੇ ਆਪਣੇ ਸਰੀਰ ਨੂੰ ਟੁੰਬ ਕੇ ਆਖਣ ਲਗਾ 'ਮੈਂ ਇਹ ਹਾਂ।' ਫੇਰ ਪੁਛਣ ਤੇ ਕਿ ਇਹ ਤੇ ਤੇਰਾ ਸਰੀਰ ਹੈ, ਤੂੰ ਕੀ ਹੈ? ਬੜਾ ਹੈਰਾਨ ਹੋਇਆ ਤੇ ਸੋਚ ਸੋਚ ਕੇ ਆਖਣ ਲਗਾ ਕਿ ਪਤਾ ਨਹੀਂ ਮੈਂ ਤਾਂ ਸਰੀਰ ਨੂੰ ਹੀ ਆਪਣਾ ਆਪ ਸਮਝਦਾ ਰਿਹਾ ਹਾਂ। ਇਹੀ ਅਵਸਥਾ ਸਭ ਅਗਿਆਨੀ ਪੁਰਸ਼ਾਂ ਦੀ ਹੈ, ਜਿਹਨਾਂ ਨੂੰ ਆਪਣੇ ਆਪ ਦਾ, ਆਪਣੀ ਆਤਮਾ ਦਾ ਕੋਈ ਗਿਆਨ ਨਹੀਂ, ਜਿਹਨਾਂ ਨੇ ਇਸ ਵਿਚਾਰ ਨੂੰ ਮਾਮੂਲੀ, ਫਜ਼ੂਲ ਤੇ ਨਿੰਮੀ ਸਮਝ ਕੇ ਸਾਰੀ ਉਮਰ ਇਸ ਪਾਸੇ ਗਹੁ ਨਹੀਂ ਕੀਤਾ। ਦੁਨਿਆਵੀ ਚੰਗੇ ਮਰਤਬੇ ਪਾ ਕੇ ਵੀ, ਉਮਰ ਦੇ ਪਿਛਲੇ ਹਿੱਸੇ ਵਿਚ ਪਹੁੰਚ ਕੇ ਆਪਣੀ ਅਸਲੀਅਤ ਸੰਬੰਧੀ ਐਸਾ ਪੁਰਸ਼ ਬਾਲਾਂ ਵਾਲੇ, ਨਾਦਾਨਾਂ ਵਾਲੇ ਖ਼ਿਆਲ ਪਰਗਟ ਕਰਦੇ ਅਤੇ ਡਾਵਾਂਡੋਲ ਨਜ਼ਰ ਆਉਂਦੇ ਹਨ।

ਦੁਨੀਆਂ ਵਿਚ ਸਰੀਰ ਸੰਬੰਧੀ ਬੜਾ ਭੁਲੇਖਾ ਫੈਲਿਆ ਹੋਇਆ ਹੈ। ਸਭ ਇਸ ਨੂੰ ਆਪਣਾ ਆਪ ਸਮਝਦੇ ਹਨ ਅਤੇ ਆਪਣਾ ਆਪ ਸਮਝਣ ਕਰਕੇ ਇਸ ਨੂੰ ਜਿਉਂਦੀ ਜਾਗਦੀ, ਸੋਚਣ ਵਾਲੀ, ਕੰਮ ਕਰਨ ਵਾਲੀ, ਮਹਿਸੂਸ ਕਰਨ ਵਾਲੀ, ਬੀਮਾਰ ਹੋਣ ਵਾਲੀ,

ਸੁਖ ਦੁਖ ਭੋਗਣ ਵਾਲੀ ਚੀਜ਼ ਮੰਨਦੇ ਹਾਂ। ਬੁਖ਼ਾਰ ਦੀ ਹਾਲਤ ਵਿਚ ਹਰ ਇਕ ਇਹੀ ਕਹਿੰਦਾ ਹੈ ਕਿ ਮੈਂ ਰਾਜ਼ੀ ਨਹੀਂ, ਮੇਰੇ ਸਿਰ ਪੀੜ ਹੁੰਦੀ ਹੈ, ਮੈਨੂੰ ਬੁਖਾਰ ਚੜ੍ਹਿਆ ਹੋਇਆ ਹੈ। ਇਹ ਗਲਾਂ ਇਸ ਵਾਸਤੇ ਕਹੀਆਂ ਜਾਂਦੀਆਂ ਹਨ ਕਿ ਅਸੀਂ ਆਪਣੇ ਸਰੀਰ ਨੂੰ ਹੀ ਆਪਣਾ ਆਪ ਸਮਝੀ ਬੈਠੇ ਹਾਂ।

ਚੰਗੀ ਤਰ੍ਹਾਂ ਸੋਚਣ ਨਾਲ ਸਾਡਾ ਇਹ ਭੁਲੇਖਾ ਦੂਰ ਹੋ ਸਕਦਾ ਹੈ। ਜਿਸ ਵਕਤ ਡਾਕਟਰਾਂ ਨੇ ਸਰੀਰ ਦਾ ਉਪਰੇਸ਼ਨ ਕਰਨਾ ਹੋਵੇ, ਕਲੋਰੋਫਾਰਮ ਸੁੰਘਾ ਕੇ ਆਦਮੀ ਨੂੰ ਬੇਹੋਸ਼ ਕਰ ਦੇਂਦੇ ਹਨ। ਉਸ ਬੇਹੋਸ਼ੀ ਦੀ ਹਾਲਤ ਵਿਚ ਸਰੀਰ ਨੂੰ ਚੀਰੋ, ਫਾੜੋ, ਕਟੋ, ਸਰੀਰ ਨੂੰ ਕੋਈ ਦਰਦ ਨਹੀਂ ਹੁੰਦੀ, ਕੋਈ ਪਤਾ ਨਹੀਂ ਲਗਦਾ ਕਿ ਉਸ ਨਾਲ ਕੀ ਵਰਤ ਰਹੀ ਹੈ? ਇਸੇ ਤਰ੍ਹਾਂ ਜਦ ਜੀਵ ਸਰੀਰ ਵਿਚੋਂ ਉੱਕਾ ਹੀ ਨਿਕਲ ਜਾਂਦਾ ਹੈ, ਤਾਂ ਇਸ ਵਿਚੋਂ ਜ਼ਿੰਦਗੀ ਦੀਆਂ ਸਭ ਨਿਸ਼ਾਨੀਆਂ ਗ਼ਾਇਬ ਹੋ ਜਾਣ ਕਰਕੇ ਅਸੀਂ ਉਸ ਨੂੰ ਮੁਰਦਾ ਜਾਂ ਲਾਸ਼ ਆਖਦੇ ਹਾਂ। ਅਗਰ ਸਰੀਰ ਆਪਣੇ ਆਪ ਵਿਚ ਕੋਈ ਜਾਨਦਾਰ ਚੀਜ਼ ਹੋਵੇ ਤਾਂ ਉਪਰੇਸ਼ਨ ਵੇਲੇ ਜਾਂ ਜੀਵ ਦੇ ਇਸ ਵਿਚੋਂ ਨਿਕਲ ਜਾਣ ਉਤੇ ਇਸ ਵਿਚ ਮਹਿਸੂਸ ਕਰਨ ਦੀ, ਦੁਖ ਸੁਖ ਭੋਗਣ ਦੀ ਸਭ ਸ਼ਕਤੀ ਕਾਇਮ ਰਹੇ, ਪਰ ਐਸਾ ਨਹੀਂ ਹੁੰਦਾ। ਜੀਵ ਦਾ ਸਰੀਰ ਨਾਲੋਂ, ਭਾਵੇਂ ਆਰਜ਼ੀ ਤੌਰ ਤੇ ਜੈਸਾ ਕਿ ਉਪਰੇਸ਼ਨ ਵੇਲੇ ਜਾਂ ਪੱਕੇ ਤੌਰ ਤੇ ਜੈਸਾ ਕਿ ਮੌਤ ਸਮੇਂ, ਜਦੋਂ ਵੀ ਸੰਬੰਧ ਟੁਟ ਜਾਵੇ, ਸਰੀਰ ਬੇਜਾਨ, ਬਗੈਰ ਕਿਸੇ ਹਰਕਤ ਦੇ ਜੜ੍ਹ ਵਸਤੂ ਬਣ ਜਾਂਦਾ ਹੈ। ਮੌਤ ਦੇ ਬਾਅਦ ਇਸ ਨੂੰ ਭਾਵੇਂ ਦਬਾਵੋ, ਭਾਵੇਂ ਜਲਾਵੋ, ਇਸ ਤੇ ਕੋਈ ਅਸਰ ਨਹੀਂ ਹੁੰਦਾ।

ਇਸ ਵਿਚਾਰ ਤੋਂ ਸਿਧ ਹੁੰਦਾ ਹੈ ਕਿ ਸਰੀਰ ਆਪਣੇ ਆਪ ਵਿਚ ਜਾਨਦਾਰ ਚੀਜ਼ ਨਹੀਂ, ਬੇਜਾਨ, ਬਗੈਰ ਸੋਚ ਸਮਝ ਦੇ, ਜੜ੍ਹ ਵਸਤੂ ਹੈ ਅਤੇ ਜਿਸ ਤਰ੍ਹਾਂ ਸਭ ਜੜ੍ਹ ਜਾਂ ਬੇਜਾਨ ਚੀਜ਼ਾਂ ਬੀਮਾਰ





ਨਹੀਂ ਹੋ ਸਕਦੀਆਂ, ਜਿਸ ਤਰ੍ਹਾਂ ਕੁਰਸੀ, ਮੇਜ਼ ਜਾਂ ਸ਼ੀਸ਼ੇ ਨੂੰ ਬੁਖਾਰ ਨਹੀਂ ਚੜ੍ਹ ਸਕਦਾ, ਦਰਦ ਨਹੀਂ ਹੋ ਸਕਦੀ, ਉਸੇ ਤਰ੍ਹਾਂ ਸਰੀਰ ਨੂੰ ਆਪਣੇ ਆਪ ਕਦੇ ਕੋਈ ਬੀਮਾਰੀ ਨਹੀਂ ਹੋਣੀ ਚਾਹੀਦੀ।

ਸਵਾਲ ਪੈਦਾ ਹੁੰਦਾ ਹੈ, ਅਗਰ ਸਾਡਾ ਜਿਸਮ ਜੜ੍ਹ ਵਸਤੂ ਹੋਣ ਕਰਕੇ ਬੀਮਾਰ ਨਹੀਂ ਹੋ ਸਕਦਾ ਤਾਂ ਫਿਰ ਸਭ ਬੀਮਾਰੀਆਂ ਕਿਸ ਨੂੰ ਹੁੰਦੀਆਂ ਹਨ? ਕਿਸ ਨੂੰ ਬੁਖਾਰ ਚੜ੍ਹਦਾ ਹੈ? ਕਿਸ ਨੂੰ ਦਰਦ ਹੁੰਦਾ ਹੈ? ਕੌਣ ਹਾਏ ਹਾਏ ਕਰਦਾ ਹੈ? ਇਸ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਆਓ ਅਸੀਂ ਸਰੀਰ ਵਿਚ ਰਹਿਣ ਵਾਲੀ ਸ਼ਕਤੀ, ਜਿਸ ਨੂੰ ਆਤਮਾ ਕਿਹਾ ਜਾਂਦਾ ਹੈ, ਉਸ ਸੰਬੰਧੀ ਥੋੜ੍ਹੀ ਵਿਚਾਰ ਕਰੀਏ।

ਆਤਮਾ ਸਾਡੇ ਸਰੀਰ ਵਿਚ ਨਿਵਾਸ ਕਰਦੀ ਹੈ। ਸਾਰੇ ਮਜ਼੍ਹਬਾਂ, ਸਾਰੇ ਧਰਮਾਂ, ਸਭ ਫਿਲਾਸਫਰਾਂ ਅਤੇ ਵਿਚਾਰਵਾਨਾਂ ਦੀ ਰਾਏ ਅਨੁਸਾਰ ਦੁਖ ਸੁਖ ਤੋਂ ਰਹਿਤ, ਅਮਰ, ਅਬਿਨਾਸ਼ੀ, ਚੇਤਨ ਸ਼ਕਤੀ ਹੈ। ਇਹ ਕਦੀ ਵੀ ਬੀਮਾਰ ਨਹੀਂ ਹੋ ਸਕਦੀ, ਕਦੀ ਦੁੱਖ ਸੁੱਖ ਮਹਿਸੂਸ ਨਹੀਂ ਕਰਦੀ, ਪਾਪ ਪੁੰਨ ਤੋਂ ਰਹਿਤ ਅਤੇ ਅਲੇਪ ਹੈ।

ਜੇਕਰ ਸਰੀਰ, ਜੜ੍ਹ ਤੇ ਬੇਜਾਨ ਵਸਤੂ ਹੋਣ ਕਰਕੇ ਬੀਮਾਰ ਨਹੀਂ ਹੁੰਦਾ ਅਤੇ ਇਸ ਵਿਚ ਰਹਿਣ ਵਾਲੀ ਆਤਮਾ ਵੀ ਅਮਰ ਤੇ ਨਿਰਲੇਪ ਹੋਣ ਕਰਕੇ ਕਦੀ ਬੀਮਾਰ ਨਹੀਂ ਹੁੰਦੀ ਤਾਂ ਫਿਰ ਦਰਅਸਲ ਬੀਮਾਰ ਕੌਣ ਹੁੰਦਾ ਹੈ?

ਚੰਗੀ ਤਰ੍ਹਾਂ ਸੋਚਣ ਨਾਲ ਪਤਾ ਲਗੇਗਾ ਕਿ ਬੀਮਾਰ ਹੋਣ ਵਾਲੀ ਸਿਵਾਏ ਸਾਡੇ ਮਨ ਦੇ ਹੋਰ ਕੋਈ ਚੀਜ਼ ਨਹੀਂ। ਮਨ ਕੀ ਹੈ? ਮਨ ਕੇਵਲ ਸਾਡੇ ਖ਼ਿਆਲ, ਸਾਡੇ ਜਗਤ ਸੰਬੰਧੀ ਨੁਕਤਾ ਨਿਗਾਹ ਨੂੰ ਆਖਦੇ ਹਨ। ਪਵਿਤ੍ਰ ਖਿਆਲ ਹੋਣ ਤਾਂ ਪਵਿਤ੍ਰ ਮਨ,

ਜੇ ਮਲੀਨ ਖ਼ਿਆਲ ਹੋਣ ਤਾਂ ਮਲੀਨ ਮਨ। ਮਨ ਕੁਝ ਵੀ ਨਹੀਂ ਸਿਵਾਏ ਸਾਡੇ ਖ਼ਿਆਲਾਂ ਦੇ। ਤਾਂ ਤੇ ਸਾਬਤ ਹੋਇਆ ਕਿ ਬੀਮਾਰ ਸਾਡਾ ਮਨ ਹੁੰਦਾ ਹੈ ਜਾਂ ਇੰਜ ਆਖੋ ਬੀਮਾਰ ਸਾਡਾ ਖ਼ਿਆਲ ਹੁੰਦਾ ਹੈ, ਸਾਡਾ ਨਿਸਚਾ ਹੁੰਦਾ ਹੈ। ਹੋਰ ਕੋਈ ਚੀਜ਼ ਬੀਮਾਰ ਹੋਣ ਵਾਲੀ ਹੈ ਹੀ ਨਹੀਂ।

ਜੇਕਰ ਬੀਮਾਰ ਮਨ ਹੁੰਦਾ ਹੈ ਤਾਂ ਫਿਰ ਰਾਜ਼ੀ ਵੀ ਮਨ ਹੀ ਹੁੰਦਾ ਹੈ। ਕਿਉਂਕਿ ਸਰੀਰ ਤੇ ਇਸ ਵਿਚ ਰਹਿਣ ਵਾਲੀ ਆਤਮਾ ਦੋਵੇਂ ਹੀ ਕਦੀ ਬੀਮਾਰ ਨਹੀਂ ਹੋ ਸਕਦੇ, ਅਤੇ ਜੋ ਚੀਜ਼ ਬੀਮਾਰ ਹੀ ਨਾ ਹੋਵੇ ਉਹ ਰਾਜ਼ੀ ਕਿਵੇਂ ਹੋ ਸਕਦੀ ਹੈ। ਇਸ ਵਾਸਤੇ ਰਾਜ਼ੀ ਵੀ ਸਾਡਾ ਮਨ ਹੀ ਹੁੰਦਾ ਹੈ, ਸਾਡੇ ਖ਼ਿਆਲ ਰਾਜ਼ੀ ਹੋਣ ਨਾਲ ਅਸੀਂ ਰਾਜ਼ੀ ਹੋ ਜਾਂਦੇ ਹਾਂ।

ਇਹ ਨਤੀਜਾ, ਸਾਧਾਰਨ ਆਦਮੀਆਂ ਨੂੰ ਬੜਾ ਚਕ੍ਰਿਤ ਕਰੇਗਾ ਪਰ ਹੈ ਇਹ ਸੋਲਾਂ ਆਨੇ ਸਾਇੰਟਿਫਿਕ ਸਚਾਈ। ਅਮਰੀਕਾ ਵਿਚ ਖ਼ਿਆਲ ਦੇ ਰਾਜ਼ੀ ਕਰਨ ਵਾਲੇ (thought cure) ਕਈ ਹਸਪਤਾਲ ਬਣਾਏ ਗਏ ਹਨ, ਜਿਥੇ ਮਰੀਜ਼ਾਂ ਨੂੰ ਦਵਾਈ ਨਹੀਂ ਦਿਤੀ ਜਾਂਦੀ ਸਗੋਂ ਉਨ੍ਹਾਂ ਦੇ ਖ਼ਿਆਲਾਂ ਨੂੰ ਰਾਜ਼ੀ ਕੀਤਾ ਜਾਂਦਾ ਹੈ, ਅਤੇ ਖ਼ਿਆਲ ਰਾਜ਼ੀ ਹੋਣ ਨਾਲ ਸਰੀਰ ਰਾਜ਼ੀ ਹੋ ਜਾਂਦੇ ਹਨ। ਇਹਨਾਂ ਹਸਪਤਾਲਾਂ ਵਿਚ ਐਸੇ ਮਰੀਜ਼ ਆ ਕੇ ਰਾਜ਼ੀ ਹੋ ਰਹੇ ਹਨ ਜਿਹਨਾਂ ਦੀਆਂ ਬੀਮਾਰੀਆਂ ਨੂੰ ਡਾਕਟਰਾਂ ਦੀ ਰਾਏ ਅਨੁਸਾਰ, ਲਾ-ਇਲਾਜ ਕਿਹਾ ਜਾਂਦਾ ਸੀ।





# ਆਤਮਕ ਅਜ਼ਮਾਇਸ਼ ਘਰ

ਕਿਸੇ ਇਲਾਕੇ ਵਿਚ ਜਦ ਬੀਮਾਰੀ ਫੈਲ ਜਾਵੇ ਤਾਂ ਜਿਥੇ ਖ਼ਲਕਤ ਕੁਦਰਤੀ ਤੌਰ ਤੇ ਘਬਰਾ ਜਾਂਦੀ ਹੈ, ਇਲਾਕਾ ਛਡ ਛਡ ਭਜਦੀ ਹੈ, ਉਥੇ ਹਕੀਮ ਜਾਂ ਡਾਕਟਰ ਜਿਹਨਾਂ ਦਾ ਕੰਮ ਹੀ ਬੀਮਾਰੀ ਦਾ ਆਪਣੇ ਇਲਮ ਰਾਹੀਂ ਮੁਕਾਬਲਾ ਕਰਨਾ, ਬੀਮਾਰੀ ਤੇ ਜਿੱਤ ਹਾਸਲ ਕਰਨੀ ਅਤੇ ਲੋਕਾਂ ਨੂੰ ਬੀਮਾਰੀ ਤੋਂ ਬਚਾਉਣਾ ਹੁੰਦਾ ਹੈ, ਉਹ ਦਿਲ ਵਿਚ ਘਬਰਾਉਂਦੇ ਨਹੀਂ, ਸਗੋਂ ਬੀਮਾਰੀ ਨੂੰ ਆਪਣੇ ਇਲਮ ਨਾਲ ਜਿੱਤਣ ਦਾ ਇਕ ਸੁਨਹਿਰੀ ਮੌਕਾ ਸਮਝਦੇ ਹਨ। ਉਹ ਸਮਝਦੇ ਹਨ ਕਿ ਉਹ ਆਪਣੀ ਉਮਰ ਭਰ ਦੀ ਹਾਸਲ ਕੀਤੀ ਤਾਲੀਮ ਨੂੰ ਵਰਤੋਂ ਵਿਚ ਲਿਆ ਕੇ, ਆਪਣੀਆਂ ਦਵਾਈਆਂ ਦੇ ਅਸਰ ਨੂੰ ਸਾਬਤ ਕਰਨ ਦਾ ਅਤੇ ਆਪਣੇ ਇਲਮ ਦਾ ਦੁਨੀਆਂ ਵਿਚ ਸਤਕਾਰ ਪੈਦਾ ਕਰਨ ਤਾ ਇਹੋ ਜਿਹਾ ਮੌਕਾ ਹੋਰ ਕਦੀ ਨਹੀਂ। ਸਗੋਂ ਉਥੇ ਆਪਣੀਆਂ ਸਰਗਰਮੀਆਂ ਨੂੰ ਜ਼ਿਆਦਾ ਤੇਜ਼ ਕਰ ਦੇਂਦੇ ਹਨ।

ਜਿਸ ਇਲਾਕੇ ਵਿਚ ਜੰਗ ਦਾ ਖ਼ਤਰਾ ਵਧੇ ਜਾਂ ਜਿਸ ਇਲਾਕੇ ਵਿਚ ਜੰਗ ਦੀ ਅੱਗ ਭੜਕੇ, ਉਸ ਇਲਾਕੇ ਤੇ ਅਸਲ ਬਹਾਦਰ ਸਿਪਾਹੀ ਤੇ ਫੌਜੀ ਅਫਸਰ ਖ਼ੁਸ਼ ਹੁੰਦੇ ਹਨ ਕਿ ਉਹਨਾਂ ਨੂੰ ਆਪਣੇ ਹੌਸਲੇ, ਸੂਰਮਗਤੀ ਤੇ ਚੰਗੀ ਸਿਖਿਆ ਦੇ ਕਮਾਲ

ਦਸਣ ਦਾ ਅਤੇ ਆਪਣੇ ਦੇਸ਼ ਨੂੰ ਬਚਾਣ ਦਾ ਇਸ ਤੋਂ ਵਧ ਹੋਰ ਚੰਗਾ ਮੌਕਾ ਨਹੀਂ ਮਿਲ ਸਕਦਾ।

ਏਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਲਈ ਉਹ ਸਮਾਂ ਜਦ ਕਿ ਕਿਸੇ ਇਲਾਕੇ ਵਿਚ ਕੋਈ ਮੁਸੀਬਤ ਆ ਜਾਵੇ ਅਤੇ ਆਮ ਲੋਕ ਘਬਰਾ ਜਾਣ, ਇਸ ਲਈ ਚੰਗਾ ਲਗਦਾ ਹੈ ਕਿ ਉਸ ਵੇਲੇ ਉਸ ਨੂੰ ਆਪਣੇ ਗੁਰੂ ਸਾਹਿਬਾਨ ਦੇ ਆਖੇ ਹੋਏ ਮਹਾਂਵਾਕਾਂ ਦੀ ਸਚਾਈ ਨੂੰ ਸਿਧ ਕਰਨ ਦਾ ਸੋਹਣਾ ਮੌਕਾ ਮਿਲਦਾ ਹੈ। ਉਹ ਇਸ ਮੌਕੇ ਨੂੰ ਸੁਨਹਿਰੀ ਇਸੇ ਲਈ ਸਮਝਦਾ ਹੈ ਕਿਉਂਕਿ ਉਸ ਨੂੰ ਕੇਵਲ ਮੁਸੀਬਤ ਵਿਚ ਹੀ, ਅਕਾਲ ਪੁਰਖ ਦੀ ਰਛਿਆ ਸ਼ਕਤੀ (power of protection) ਦੇ ਜੌਹਰ ਦੇਖਣ ਤਾ ਮੌਕਾ ਮਿਲਦਾ ਹੈ, ਖ਼ਲਕਤ ਦੀ ਸੇਵਾ ਤੇ ਆਪਣੇ ਨਿਸਚਿਆਂ ਦੀ ਪਰਖ ਦਾ ਸਮਾਂ ਮਿਲਦਾ ਹੈ।

ਹਵਾਈ ਹਮਲਿਆਂ ਨੇ 20 ਲਖ ਅਬਾਦੀ ਵਾਲੇ ਕਲਕਤੇ ਸ਼ਹਿਰ ਨੂੰ ਖ਼ਤਰੇ ਦਾ ਘਰ ਬਣਾ ਦਿਤਾ ਸੀ। ਹਜ਼ਾਰਾਂ ਲਖਾਂ ਆਦਮੀ ਇਸ ਨੂੰ ਛਡ ਕੇ ਚਲੇ ਗਏ ਸਨ ਅਤੇ ਜੇਕਰ ਹੋਰ ਜ਼ਿਆਦਾ ਹਮਲੇ ਹੁੰਦੇ, ਜਿਸ ਤਰ੍ਹਾਂ ਕਿ ਇਸ ਲੇਖ ਦੇ ਲਿਖਣ ਤੋਂ ਕੁਝ ਘੰਟੇ ਪਹਿਲਾਂ ਹਵਾਈ ਹਮਲਾ ਹੋ ਕੇ ਹਟਿਆ ਸੀ, ਤਾਂ ਸ਼ਾਇਦ ਹੋਰ ਵੀ ਬਹੁਤ ਸਾਰੇ ਸ਼ਹਿਰੀ ਸ਼ਹਿਰ ਛਡ ਜਾਂਦੇ। ਐਸੇ ਸਮੇਂ ਇਕ ਆਤਮਕ ਵਿਦਿਆਰਥੀ, ਗੁਰੂ ਨਾਨਕ, ਗੁਰੂ ਗੋਬਿਧ ਸਿੰਘ ਦੇ ਸਿੱਖ ਦੇ ਦਿਲ ਵਿਚ ਕੁਦਰਤੀ ਤੌਰ ਤੇ ਇਹ ਖ਼ਿਆਲ ਆਉਂਦਾ ਹੈ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ, ਉਸ ਨੂੰ ਡਰੇ ਹੋਏ ਲੋਕਾਂ ਦੇ ਚਿਹਰਿਆਂ ਵਲ ਤਕਣਾ ਚਾਹੀਦਾ ਹੈ ਜਾਂ ਆਤਮ ਸਾਇੰਸ ਦੇ ਰੋਸ਼ਨ ਮੁਨਾਰੇ ਵਲ?

ਆਤਮ ਸਾਇੰਸ ਦੇ ਵਿਦਿਆਰਥੀ ਨੂੰ ਕਈ ਐਸੀਆਂ ਗਲਾਂ





ਦਾ ਪਤਾ ਹੁੰਦਾ ਹੈ ਜੋ ਕਿ ਆਮ ਦੁਨੀਆਦਾਰਾਂ ਨੂੰ ਮਾਲੂਮ ਨਹੀਂ ਹੁੰਦੀਆਂ। ਇਸ ਲਈ ਉਸ ਦਾ ਵਤੀਰਾ ਆਮ ਲੋਕਾਂ ਵਰਗਾ ਨਹੀਂ ਹੋ ਸਕਦਾ। ਉਹ ਜਾਣਦਾ ਹੈ ਕਿ ਵਾਹਿਗੁਰੂ ਸਰਬ ਵਿਆਪਕ ਹੈ, ਸਭ ਜਗ੍ਹਾ ਤੇ ਹਾਜ਼ਰ ਨਾਜ਼ਰ ਹੈ ਅਤੇ ਐਸੀ ਕੋਈ ਜਗ੍ਹਾ ਕਿਆਸ ਵਿਚ ਨਹੀਂ ਲਿਆਈ ਜਾ ਸਕਦੀ ਜਿਥੇ ਰੱਬ ਨ ਹੋਵੇ। ਉਸ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਰੱਬ ਕੇਵਲ ਹਰ ਜਗ੍ਹਾ ਤੇ ਮੌਜੂਦ ÒÆ èÒA, ÀÒ Àòi ôÒàÆÆ (Omnipotent) ਤੇ ਸਰਬ ਗਿਆਤਾ (Omniscent) 'ਘਟ ਘਟ ਕੇ ਪਟ ਪਟ ਕੀ ਜਾਨਤ' ਵੀ ਹੈ। ਉਸ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਰੱਬ ਸਰਬ ਵਿਆਪਕ, ਸਰਬ ਸ਼ਕਤੀਮਾਨ ਤੇ ਸਰਬ ਗਿਆਤਾ ਹੋਣ ਤੋਂ ਇਲਾਵਾ, ਆਪਣੀ ਪ੍ਰੀਤ ਪਿਆਰ ਜਾਂ ਆਪਣੀ ਸ਼ਰਨ ਆਉਣ ਵਾਲੇ ਦੀ, ਉਸ ਦੇ ਅਉਗੁਣਾਂ ਨੂੰ ਨਾ ਵਿਚਾਰਦਾ ਹੋਇਆ, ਸਹਾਇਤਾ ਕਰਦਾ ਹੈ।

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥*
*ਅੰਗ - 544*

*ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ॥ ਅੰਗ - 1101*

ਜਿਸ ਆਦਮੀ ਨੂੰ ਰੱਬ ਦੇ ਉਕਤ ਸੁਭਾਅ ਦਾ ਪਤਾ ਹੋਵੇ, ਉਸ ਨੂੰ ਕੀ ਲੋੜ ਹੈ ਜੋ ਖ਼ਤਰੇ ਸਮੇਂ ਰੱਬ ਸੰਬੰਧੀ ਨਾਵਾਕਫ ਤੇ ਅਗਿਆਨ ਲੋਕਾਂ ਵਾਲੇ ਕੰਮ ਕਰੇ। ਉਹ ਸਗੋਂ ਇਸ ਖ਼ਿਆਲ ਵਿਚ ਪ੍ਰਸੰਨ ਹੁੰਦਾ ਹੈ ਕਿ ਖ਼ਤਰੇ ਵੇਲੇ ਉਹ ਆਪਣੇ ਰੱਬ ਦੇ ਨਜ਼ਦੀਕ ਹੋਵੇਗਾ ਜਿਸ ਦੀ ਨਜ਼ਦੀਕੀ ਵਿਚ ਖ਼ਤਰਾ ਕਿਸੇ ਸੂਰਤ ਦਾਖਲ ਨਹੀਂ ਹੋ ਸਕਦਾ। ਜਿਸ ਦੇ ਪਾਸ ਛਤਰੀ ਹੋਵੇ ਉਹ ਮੀਂਹ ਦੀ ਪਰਵਾਹ ਨਹੀਂ ਕਰਦਾ, ਜਿਸ ਦੇ ਪਾਸ ਰੱਬ ਹੋਵੇ, ਉਹ ਖ਼ਤਰੇ ਦੀ ਪਰਵਾਹ ਨਹੀਂ ਕਰਦਾ।

ਖ਼ਤਰੇ ਜਾਂ ਮੁਸੀਬਤ ਵੇਲੇ ਆਮ ਤੌਰ ਤੇ ਜੋ ਔਕੜ ਸਾਨੂੰ ਰੱਬ ਦੀ ਸ਼ਰਨ ਵਿਚ ਨਿਧੜਕ ਹੋਕੇ ਨਹੀਂ ਜਾਣ ਦੇਂਦੀ ਉਹ ਹੈ ਆਪਣੇ ਕੀਤੇ ਹੋਏ ਮਾੜੇ ਕਰਮਾਂ ਦੇ ਡਰ ਤੇ ਸ਼ਰਮ। ਜਿਵੇਂ ਮੁਜਰਮ ਪੁਲਿਸਮੈਨ ਤੋਂ ਡਰਦਾ ਹੈ, ਉਵੇਂ ਪਾਪੀ ਰੱਬ ਦੀ ਸ਼ਰਨ ਆਉਣੋ ਝਿਜਕਦਾ ਹੈ ਅਤੇ ਸਮਝਦਾ ਹੈ ਕਿ ਰੱਬ ਦੀ ਸ਼ਰਣ ਗਿਆਂ ਉਸ ਦੇ ਪਾਪਾਂ ਦਾ ਪੜਦਾ ਚੁਕਿਆ ਜਾਵੇਗਾ, ਉਸ ਨੂੰ ਸ਼ਰਮਿੰਦਾ ਤੇ ਜ਼ਲੀਲ ਕੀਤਾ ਜਾਵੇਗਾ ਅਤੇ ਉਸ ਦੇ ਪਾਪਾਂ ਦੀ ਉਸ ਨੂੰ ਸਜ਼ਾ ਦਿਤੀ ਜਾਵੇਗੀ। ਐਪਰ ਐਸੇ ਆਦਮੀ ਨੂੰ ਰੱਬ ਦੇ ਸੁਭਾਅ ਦਾ ਪਤਾ ਨਹੀਂ, ਉਹ ਨਹੀਂ ਜਾਣਦਾ ਕਿ ਰੱਬ ਸੱਚੇ ਦਿਲੋਂ ਆਪਣੀ ਸ਼ਰਨ ਆਉਣ ਵਾਲੇ ਬੰਦਿਆਂ ਦੇ ਅਉਗੁਣ ਯਾਦ ਨਹੀਂ ਰਖਦਾ। ਰੱਬ ਦਾ ਤੇ ਪੁਲੀਸਮੈਨ ਦਾ ਇਹੋ ਫਰਕ ਹੈ। ਪੁਲੀਸਮੈਨ ਆਪਣੇ ਪਾਸ ਪਹੁੰਚੇ ਮੁਲਜ਼ਮਾਂ ਨੂੰ ਸਜ਼ਾ ਦਿਲਵਾ ਕੇ ਖ਼ੁਸ਼ ਹੁੰਦਾ ਹੈ ਐਪਰ ਰੱਬ ਆਪਣੇ ਪਾਸ ਆਉਣ ਵਾਲਿਆਂ ਦੀ ਸਹਾਇਤਾ ਕਰਕੇ ਖ਼ੁਸ਼ ਹੁੰਦਾ ਹੈ। ਪੁੱਤਰ ਕਿਤਨਾ ਵੀ ਮੈਲਾ ਕੁਚੈਲਾ ਕਿਉਂ ਨਾ ਹੋਵੇ, ਮਾਂ ਵਲ ਔਹੜਿਆਂ, ਮਾਂ ਉਸ ਨੂੰ ਗਲ ਲਗਾ ਲੈਂਦੀ ਹੈ। ਆਦਮੀ ਕਿਤਨਾ ਵੀ ਮੰਦ-ਕਰਮੀ ਕਿਉਂ ਨ ਹੋਵੇ ਰੱਬ ਦੀ ਸਚੇ ਦਿਲੋਂ ਸ਼ਰਨ ਗਿਆਂ ਰੱਬ ਦੀ ਸੁਭਾਵਕ ਰਹਿਮਤ ਤੇ ਬਖਸ਼ਿਸ਼ ਦਾ ਭਾਗੀ ਬਣਦਾ ਹੈ।

ਰੱਬ ਦੀ ਰਖਸ਼ਕ ਸ਼ਕਤੀ ਦੀ ਪੂਰਨਤਾ ਸੰਬੰਧੀ ਆਤਮ-ਸਾਇੰਸ ਦੇ ਉਹਨਾਂ ਮਾਹਿਰਾਂ ਨੇ ਜਿਨ੍ਹਾਂ ਦੀ ਜ਼ਿੰਦਗੀ ਖ਼ਤਰਿਆਂ ਦੀ ਲਗਾਤਾਰ ਲੜੀ ਸੀ, ਬੜੀ ਸਾਫ ਗਵਾਹੀ ਦਿੱਤੀ ਹੈ। ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਸਾਰਾ ਜੀਵਨ ਖ਼ਤਰਿਆਂ ਥੀਂ ਭਰਪੂਰ ਸੀ, ਇਸ ਲਈ ਖ਼ਤਰਿਆਂ ਵਿਚ ਰੱਬ ਦੀ ਰਖਸ਼ਕ ਸ਼ਕਤੀ ਨੂੰ ਪਰਤੱਖ ਦੇਖਣ ਦੇ ਆਪ ਤੋਂ ਜ਼ਿਆਦਾ ਕਿਸ ਨੂੰ ਮੌਕੇ ਮਿਲ ਸਕਦੇ ਹਨ। ਆਪ ਨੇ ਇਸ ਸ਼ਕਤੀ ਸੰਬੰਧੀ ਆਪਣੇ ਇਸ ਸਵੈਯੇ





ਵਿਚ ਲਿਖਿਆ ਹੈ -

*ਰੋਗਨ ਤੇ ਅਰ ਸੋਗਨ ਤੇ, ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸੱਤ੍ਰ ਅਨੇਕ ਚਲਾਵਤ ਘਾਵ, ਤਊ ਤਨ ਏਕ ਨਾ ਲਾਗਨ ਪਾਵੈ॥*

ਆਪਦੇ ਇਸ ਆਤਮਕ ਤਜਰਬੇ ਅਨੁਸਾਰ ਉਸ ਆਦਮੀ ਨੂੰ, ਜਿਸ ਦੇ ਦਿਲ ਵਿਚ ਰੱਬ ਦੇ ਉਕਤ ਸੁਭਾ ਤੇ ਗੁਣਾਂ ਦਾ ਯਕੀਨ ਹੈ, ਅਗਰ ਚੌਹਾਂ ਪਾਸਿਆਂ ਤੋਂ ਦੁਸ਼ਮਨ ਘੇਰ ਲੈਣ ਤੇ ਨਿਸ਼ਾਨੇ ਲਗਾ ਲਗਾ ਕੇ ਵਾਰ ਕਰਨ, ਤਾਂ ਰੱਬ ਦੀ ਰਖਸ਼ਕ ਸ਼ਕਤੀ, ਉਨ੍ਹਾਂ ਵਾਰਾਂ ਨੂੰ ਉਸ ਸਿਦਕੀ ਆਦਮੀ ਦੇ ਸਰੀਰ ਤਕ ਨਹੀਂ ਪਹੁੰਚਣ ਦੇਵੇਗੀ। ਐਸੇ ਮਹਾਂਪੁਰਸ਼ਾਂ ਦੀ ਰੱਬੀ ਰਖਸ਼ਕ ਸ਼ਕਤੀ ਸੰਬਧੀ ਐਸੀ ਜ਼ੋਰਦਾਰ ਤੇ ਸਾਫ ਗਵਾਹੀ, ਆਤਮ ਸਾਇੰਸ ਦੇ ਵਿਦਿਆਰਥੀ ਨੂੰ ਮੁਸੀਬਤਾਂ, ਖ਼ਤਰਿਆਂ ਵੇਲੇ, ਅਡੋਲ ਤੇ ਖੇੜੇ ਵਿਚ ਰਖਦੀ ਹੈ।

ਇਹ ਗਲ ਹਮੇਸ਼ਾਂ ਯਾਦ ਰਖਣੀ ਚਾਹੀਦਾ ਹੈ ਕਿ ਆਤਮ ਸਾਇੰਸ ਦਾ ਵਿਦਿਆਰਥੀ ਖ਼ਤਰਿਆਂ ਵਿਚ ਰੱਬ ਦੀ ਰਖਸ਼ਕ ਸ਼ਕਤੀ ਨੂੰ ਨਹੀਂ ਅਜ਼ਮਾਂਦਾ ਸਗੋਂ ਉਹ ਉਸ ਸ਼ਕਤੀ ਸੰਬੰਧੀ ਆਪਣੇ ਨਿਸਚੇ ਨੂੰ ਅਜ਼ਮਾਂਦਾ ਤੇ ਪੱਕਾ ਕਰਦਾ ਹੈ। ਇਸ ਲਈ ਖ਼ਤਰੇ ਦਾ ਅਸਥਾਨ, ਆਤਮ ਸਾਇੰਸ ਦੇ ਵਿਦਿਆਰਥੀ ਵਾਸਤੇ ਆਪਣੇ ਨਿਸਚੇ ਅਜ਼ਮਾਉਣ ਦਾ 'ਅਜ਼ਮਾਇਸ਼ ਘਰ' ਜਾਂ ਆਤਮਕ ਤਜਰਬੇ ਕਰਨ ਦੀ ਲੈਬੋਰੇਟਰੀ ਬਣ ਜਾਂਦੀ ਹੈ।

## ਖ਼ਤਰਾ

ਆਤਮ ਸਾਇੰਸ ਵਿਚ ਡਰ ਜਾਂ ਖ਼ਤਰੇ ਦੀ ਉਹੀ ਜਗ੍ਹਾ ਹੈ, ਜੋ ਬੀਮਾਰੀ, ਪਾਪ, ਚਿੰਤਾ, ਥੋੜ ਆਦਿ ਉਪਾਧੀਆਂ ਦੀ ਹੈ। ਇਹ ਚੀਜ਼ਾਂ ਹਨੇਰੇ ਦੀ ਤਰ੍ਹਾਂ ਆਪਣੇ ਆਪ ਵਿਚ ਕੋਈ ਹਸਤੀ ਨਹੀਂ ਰਖਦੀਆਂ। 'ਰੋਸ਼ਨੀ' ਦੇ ਨਾ ਹੋਣ ਦਾ ਨਾਮ 'ਹਨੇਰਾ' ਹੈ, ਆਤਮ ਗਿਆਨ ਦੇ ਨਾ ਹੋਣ ਦਾ ਨਾਮ ਡਰ, ਖ਼ਤਰਾ, ਥੋੜ, ਬੀਮਾਰੀ ਆਦਿ ਉਪਾਧੀਆਂ ਹੈ। ਕਿਉਂਕਿ ਇਹਨਾਂ ਦੀ ਹਸਤੀ ਦਾ ਕਾਰਨ ਆਤਮ ਗਿਆਨ ਦਾ ਨਾ ਹੋਣਾ ਹੈ, ਇਸ ਕਰਕੇ ਇਹ ਆਤਮ ਗਿਆਨ ਦੇ ਆਉਣ ਨਾਲ ਗਾਇਬ ਹੋ ਜਾਂਦੀਆਂ ਹਨ।

ਰੋਸ਼ਨੀ ਹਨੇਰੇ ਨਾਲ ਲੜਦੀ ਝਗੜਦੀ ਨਹੀਂ, ਜਾਂ ਉਸ ਨੂੰ ਜ਼ੋਰ ਨਾਲ ਨਹੀਂ ਕਢਦੀ। ਰੋਸ਼ਨੀ ਦੇ ਪੈਦਾ ਹੋਣ ਨਾਲ ਹਨੇਰਾ ਆਪੇ ਚੁਪਚਾਪ ਦੌੜ ਜਾਂਦਾ ਹੈ। ਹਨੇਰਾ ਰੋਸ਼ਨੀ ਦੇ ਆਇਆਂ ਕਿਥੇ ਚਲਾ ਜਾਂਦਾ ਹੈ? ਆਪਣੀ ਨੇਸਤੀ ਦੀ ਹਾਲਤ ਵਿਚ, ਜਿਸ ਨੂੰ ਪਛਮੀ ਆਤਮ ਗਿਆਨੀ Native Nothingness ਆਖਦੇ ਹਨ।

ਰੋਸ਼ਨੀ ਦੀ ਗ਼ੈਰਹਾਜ਼ਰੀ ਵਿਚ ਹਨੇਰੇ ਦਾ ਰਾਜ ਪ੍ਰਤੀਤ ਹੁੰਦਾ ਹੈ, ਅਨਜਾਣ ਨੂੰ ਇੰਜ ਜਾਪਦਾ ਹੈ ਕਿ ਰੋਸ਼ਨੀ ਨੇ ਸ਼ਾਇਦ ਆਉਣਾ ਹੀ ਨਹੀਂ, ਹਨੇਰੇ ਦੀ ਹਸਤੀ ਬੜੀ ਪਰਬਲ ਲਗਦੀ ਹੈ





ਅਤੇ ਇਨਸਾਨੀ ਅਕਲ ਇਸ ਨੂੰ ਸਦੀਵੀ ਸਮਝਦੀ ਹੈ, ਪਰ ਰੋਸ਼ਨੀ ਦੇ ਅਸੂਲਾਂ ਨੂੰ ਜਾਨਣ ਵਾਲੇ ਨੂੰ ਪਤਾ ਹੁੰਦਾ ਹੈ ਕਿ 'ਰੋਸ਼ਨੀ' ਇਕ ਅਟੱਲ ਹਸਤੀ ਹੈ, ਉਹ ਸਦੀਵੀ ਹਾਲਤ ਵਿਚ ਰਹਿੰਦੀ ਹੈ ਅਤੇ ਹਨੇਰਾ ਕੇਵਲ ਉਸ ਦੀ ਗ਼ੈਰਹਾਜ਼ਰੀ ਕਰਕੇ ਜੀਉਂਦਾ ਹੈ। ਅਸਲ ਵਿਚ ਹਨੇਰੇ ਅੰਦਰ ਜਾਨ ਹੀ ਨਹੀਂ। ਰਾਤ ਨੂੰ ਹਨੇਰਾ ਸਾਡੇ ਸਿਆਰੇ (ਪ੍ਰਿਥਵੀ) ਦੇ ਇਕ ਪਾਸੇ ਉਤੇ ਛਾਇਆ ਪਰਤੀਤ ਦਿੰਦਾ ਹੈ, ਪਰ ਅਸਲ ਵਿਚ ਸੂਰਜ ਤੇ ਉਸ ਦੀ ਰੋਸ਼ਨੀ ਜਿਉਂ ਦੀ ਤਿਉਂ ਕਾਇਮ ਹੁੰਦੀ ਹੈ, ਸਿਰਫ ਸਾਡੀ ਪ੍ਰਿਥਵੀ ਦੇ ਸੂਰਜ ਵਲ ਪਿਠ ਮੋੜਨ ਕਰ ਕੇ ਇਸ ਦਾ ਇਕ ਪਾਸਾ ਇਸ ਦਾ ਆਪਣੀ ਪਾਈ ਰੁਕਾਵਟ ਕਰਕੇ ਹਨੇਰੇ ਦੀ ਹਾਲਤ ਵਿਚ ਆ ਜਾਂਦਾ ਹੈ। ਜਦ ਇਹ ਆਪਣਾ ਮੂੰਹ ਫੇਰ ਸੂਰਜ ਵਲ ਫੇਰੇ, ਉਸੇ ਵਕਤ ਸਾਡਾ ਦਿਨ ਚੜ੍ਹ ਆਉਂਦਾ ਹੈ। ਏਸੇ ਤਰ੍ਹਾਂ ਇਨਸਾਨ ਜਦ ਆਤਮਾ ਵਲੋਂ ਜਹਾਲਤ ਕਰਕੇ ਮੂੰਹ ਮੋੜਦਾ ਹੈ, ਦੁਖ, ਦਰਦ, ਤਕਲੀਫ, ਖ਼ਤਰਾ, ਡਰ, ਬੀਮਾਰੀ ਆਦਿ ਪ੍ਰਤੀਤ ਕਰਦਾ ਹੈ, ਪਰ ਜਿਸ ਵੇਲੇ ਆਤਮ ਗਿਆਨ ਦੀ ਸਹਾਇਤਾ ਨਾਲ ਆਪਣੇ 'ਆਪੇ' ਜਾਂ ਆਤਮਾ ਵਲ ਮੂੰਹ ਕਰੇ, ਤਦ ਹਨੇਰੇ ਦੀ ਤਰ੍ਹਾਂ ਇਸ ਦੇ ਸਭ ਰੋਗ ਸੰਤਾਪ ਆਪਣੇ ਆਪ ਬਗੈਰ ਜਤਨ ਦੇ ਦੂਰ ਹੋ ਜਾਂਦੇ ਹਨ।

ਘੁਪ ਹਨੇਰੇ ਵਿਚ ਵੀ ਦੀਆਸਲਾਈ ਦੀ ਤੀਲੀ ਬਾਲਿਆਂ ਜਿਤਨੇ ਦਾਇਰੇ ਵਿਚ ਇਸ ਦੀ ਰੋਸ਼ਨੀ ਪਹੁੰਚ ਸਕੇ, ਹਨੇਰਾ ਉਡ ਜਾਂਦਾ ਹੈ, ਇਸੇ ਤਰ੍ਹਾਂ ਅਤਿਅੰਤ ਜਹਾਲਤ, ਦੁਖ, ਦਰਦ ਤੇ ਬੀਮਾਰੀ ਦੇ ਸਮੇਂ ਜਿਤਨੀ ਡਿਗਰੀ ਵਿਚ ਆਤਮ ਗਿਆਨ ਇਨਸਾਨ ਦੀ ਸਮਝ ਵਿਚ ਨਿਵਾਸ ਕਰ ਸਕੇ ਉਤਨਾ ਹੀ ਉਸ ਨੂੰ ਆਰਾਮ ਭਾਸਣ ਲਗ ਜਾਂਦਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਡਰ, ਖ਼ਤਰੇ, ਰੋਗ, ਦੁਖ

ਸੰਤਾਪ ਆਦਿ ਦੇ ਵਿਆਪਨ (ਸਚ ਤੇ ਭੈ-ਭੀਤ ਲਗਣ) ਦਾ ਇਕੋ ਹੀ ਕਾਰਨ ਦਸਿਆ ਹੈ, ਉਹ ਹੈ ਸਚ ਦੇ ਸੂਰਜ (ਪਰਮ ਈਸ਼ਵਰ) ਵਲੋਂ ਇਨਸਾਨ ਦਾ ਮੂੰਹ ਮੋੜਨਾ।

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥* ਅੰਗ - 135

ਗੁਰਮੁਖ ਦਾ ਮੂੰਹ ਸਦਾ ਗੁਰੂ ਵਲ ਰਹਿੰਦਾ ਹੈ। ਇਸ ਵਾਸਤੇ ਉਸ ਲਈ ਖ਼ਤਰੇ, ਰੋਗ ਸੰਤਾਪ ਕੁਝ ਅਰਥ ਨਹੀਂ ਰਖਦੇ। ਜਿਸ ਆਦਮੀ ਦੀ ਜੇਬ ਵਿਚ ਬਿਜਲੀ ਦਾ ਲੈਂਪ ਪਿਆ ਹੋਵੇ, ਉਹ ਹਨੇਰੇ ਵਿਚ ਜਾਣੋ ਝਿਜਕਦਾ ਨਹੀਂ, ਇਸੇ ਤਰ੍ਹਾਂ ਗੁਰਮੁਖ ਆਤਮ ਗਿਆਨ ਦੀ ਰੌਸ਼ਨੀ ਦੇ ਸਹਾਰੇ ਜ਼ਿੰਦਗੀ ਦੀ ਵਡੀ ਤੋਂ ਵਡੀ ਦੁਰਘਟਨਾ ਦੇ ਮੁਕਾਬਲੇ ਵਾਸਤੇ ਤਿਆਰ ਰਹਿੰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲੋਂ ਵਧ ਕਿਸ ਦੀ ਜ਼ਿੰਦਗੀ ਅੱਤ ਖ਼ਤਰਿਆਂ ਵਿਚ ਘਿਰੀ ਹੋ ਸਕਦੀ ਹੈ? ਅਠ ਨੌਂ ਸਾਲ ਦੀ ਉਮਰ ਤੋਂ ਲੈ ਕੇ ਹਜ਼ੂਰ ਸਾਹਿਬ ਵਿਖੇ ਅੰਤਮ ਸਵਾਸਾਂ ਤਕ ਆਪ ਦੇ ਇਰਦ ਗਿਰਦ ਖ਼ਤਰੇ ਦੇ ਝੁੰਡਾਂ ਨੇ ਘੇਰਾ ਪਾਈ ਰਖਿਆ। ਪਰ ਆਪ ਆਤਮ ਗਿਆਨੀ ਸਨ, ਆਪ ਨੂੰ ਖ਼ਤਰਿਆਂ ਦੀ ਅਸਲੀਅਤ ਤੇ ਉਹਨਾਂ ਦੀ ਧੋਖੇਬਾਜ਼ ਹਸਤੀ ਦਾ ਗਿਆਨ ਸੀ, ਏਸੇ ਵਾਸਤੇ ਲਿਸ਼ਕਦੀਆਂ ਤਲਵਾਰਾਂ ਅਤੇ ਵਸਦੇ ਤੀਰਾਂ ਵਿਚ ਯੁੱਧ ਸਮੇਂ ਆਪ ਹਸ ਕੇ ਆਖਿਆ ਕਰਦੇ ਸਨ -

*ਰੋਗਨ ਤੇ ਅਰ ਸੋਗਨ ਤੇ, ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸੱਤ੍ਰ ਅਨੇਕ ਚਲਾਵਤ ਘਾਵ, ਤਉ ਤਨ ਏਕ ਨਾ ਲਾਗਨ ਪਾਵੈ॥*





# ਸੁਪਨੇ ਵਿਚ ਨਿਸਚੇ ਦੀ ਸ਼ਕਤੀ

ਜਗਤ ਰਚਨਾ ਨੂੰ ਸਭ ਮਹਾਂ ਪੁਰਖਾਂ ਨੇ, ਸਚ ਦੇ ਖੋਜੀਆਂ ਨੇ ਅਤੇ ਵਿਗਿਆਨਕ ਸਾਇੰਸਦਾਨਾਂ ਨੇ ਸੁਫਨਾ ਦਸਿਆ ਹੈ। ਗੁਰਬਾਣੀ ਇਸ ਨੂੰ ਧੂੰਏਂ ਦਾ ਪਹਾੜ ਦਸਦੀ ਹੈ। ਹੋਰ ਆਤਮਕ ਖੋਜੀ ਇਸ ਨੂੰ ਖ਼ਆਲੀ ਜਾਂ ਖ਼ਿਆਲਾਂ ਦੀ ਬਣੀ ਹੋਈ ਆਖਦੇ ਹਨ ਅਤੇ ਸਾਇੰਸਦਾਨ ਇਸ ਨੂੰ ਸ਼ਕਤੀ ਜਾਂ ਬਿਜਲੀ ਦੀਆਂ ਲਹਿਰਾਂ ਦੀ ਬਣੀ ਹੋਈ ਦਸਦੇ ਹਨ।

ਸਾਡੇ ਗਿਆਨ ਇੰਦਰੇ ਇਸ ਜਗਤ ਰਚਨਾ ਨੂੰ ਇਸ ਵਾਸਤੇ ਪੱਕੀ, ਠੋਸ, ਵਜ਼ਨਦਾਰ ਅਤੇ ਮਾਦੇ ਦੀ ਬਣੀ ਹੋਈ ਪ੍ਰਤੀਤ ਕਰਦੇ ਹਨ ਕਿਉਂਕਿ ਇਨ੍ਹਾਂ ਵਿਚ ਸਚਾਈ ਨੂੰ ਪ੍ਰਤੀਤ ਕਰਨ ਦੀ ਸ਼ਕਤੀ ਹੀ ਨਹੀਂ। ਜਿਸ ਤਰ੍ਹਾਂ ਸਾਡੇ ਗਿਆਨ ਇੰਦਰੇ ਰਾਤ ਨੂੰ ਸੁਪਨੇ ਵਿਚ ਜੋ ਜਗਤ ਰਚਨਾ ਵੇਖਦੇ ਹਨ, ਉਸ ਨੂੰ ਉਸ ਵੇਲੇ ਤਕ ਠੋਸ ਅਤੇ ਮਾਦੇ ਤੋਂ ਬਣੀ ਹੋਈ ਸਮਝਦੇ ਹਨ, ਜਦ ਤਕ ਕਿ ਸੁਫਨੇ ਤੋਂ ਅੱਖ ਨਾ ਖੁਲ੍ਹੇ। ਏਸੇ ਤਰ੍ਹਾਂ ਸਾਡੇ ਗਿਆਨ ਇੰਦਰੇ ਦਿਨ ਵੇਲੇ ਦਿਸ ਰਹੇ, ਸਾਰੇ ਜਗਤ ਪਰਪੰਚ ਨੂੰ ਸਾਖਸ਼ਾਤ, ਠੋਸ ਅਤੇ ਮਾਦੇ ਤੋਂ ਬਣੇ ਹੋਏ ਸਮਝਦੇ ਹਨ। ਜਗਤ ਨੂੰ ਇਸ ਦੇ ਅਸਲੀ ਸਰੂਪ ਅਨੁਸਾਰ ਵੇਖਣ ਵਿਚ ਸਾਡੇ ਆਪਣੇ ਗਿਆਨ ਇੰਦਰੇ ਹੀ ਬੜੀ ਰੁਕਾਵਟ ਬਣੇ ਹੋਏ ਹਨ।

ਜਦ ਗਿਆਨ ਇੰਦਰਿਆਂ ਦੇ (ਸੁੰਘਣ, ਖਾਣ, ਵੇਖਣ, ਛੋਹਣ ਅਤੇ ਬੋਲਣ) ਅਸਰ ਤੋਂ ਅਲਹਿਦਾ ਹੋ ਕੇ ਜਗਤ ਰਚਨਾ ਵੇਖੀ ਜਾਵੇ ਤਾਂ ਇਹ ਆਪਣੇ ਅਸਲ ਰੂਪ ਵਿਚ ਸੁਪਨੇ ਜਾਂ ਧੂੰਏ ਦਾ ਪਹਾੜ ਨਜ਼ਰ ਆਉਣ ਲਗ ਪੈਂਦੀ ਹੈ।

ਸਿਮਰਨ ਵਿਚ ਕੀ ਹੁੰਦਾ ਹੈ? ਸਿਮਰਨ ਵਿਚ ਸਾਡੀ ਸੁਰਤਿ ਗੁਰ ਮੰਤਰ 'ਵਾਹਿਗੁਰੂ' ਸ਼ਬਦ ਨਾਲ ਖੇਡਦੀ ਖੇਡਦੀ ਕਿਸੇ ਵੇਲੇ ਐਸੀ ਲਿਵਲੀਨ ਹੋ ਜਾਂਦੀ ਹੈ ਕਿ ਸਾਧਾਰਨ ਗਿਆਨ ਇੰਦਰਿਆਂ ਦੀ ਹੱਦ ਤੋਂ ਨਿਕਲ ਕੇ ਇਹ ਜਗਤ ਨੂੰ ਆਪਣੇ ਅਸਲੀ ਰੂਪ ਵਿਚ ਵੇਖਦੀ ਹੈ। ਉਸ ਵੇਲੇ ਸਾਰਾ ਜਗਤ ਖ਼ਿਆਲੀ ਤਸਵੀਰਾਂ ਤੇ ਖ਼ਿਆਲੀ ਨਕਸ਼ਿਆਂ ਦਾ ਬਣਿਆ ਹੋਇਆ ਇਕ ਵਡਾ ਸੁਪਨਾ ਪ੍ਰਤੀਤ ਹੁੰਦਾ ਹੈ। ਇਸ ਸੁਪਨੇ ਵਿਚ ਕਈ ਵਾਰੀ ਸਾਡੀ ਸੁਰਤ ਦੇਸ਼ ਕਾਲ ਕਾਰਣ ਦੀਆਂ ਹੱਦਾਂ ਟਪ ਜਾਂਦੀ ਅਤੇ ਜੋ ਇਛਿਆ ਕਰੇ, ਉਸਨੂੰ ਸੁਪਨੇ ਦੇ ਖ਼ਿਆਲੀ ਜਗਤ ਵਿਚ ਫ਼ੌਰਨ ਪੂਰਿਆਂ ਹੁੰਦਿਆਂ ਵੇਖਦੀ ਹੈ।

ਇਸ ਅਵਸਥਾ ਦੇ ਪੱਕੇ ਅਭਿਆਸ ਨਾਲ ਸਾਡੀ ਇਛਿਆ ਐਸੀ ਪਰਬਲ ਹੋ ਜਾਂਦੀ ਹੈ ਕਿ ਸਾਰੇ ਜਗਤ ਦੀਆਂ ਸਭ ਸ਼ਕਤੀਆਂ ਨੂੰ ਆਪਣੇ ਅਧੀਨ ਵੇਖਦੀ ਹੈ। ਇਹ ਜੇਕਰ ਚਾਹੇ ਤਾਂ ਆਪਣੇ ਸੂਖਸ਼ਮ ਸਰੀਰ ਸਮੇਤ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਤਕ ਅੱਖ ਦੇ ਫਰਕਣ ਵਿਚ ਪਹੁੰਚ ਜਾਣ ਦੀ ਸਮਰੱਥਾ ਰਖਦੀ ਹੈ। ਇਹ ਜੇਕਰ ਚਾਹੇ ਤਾਂ ਇਸ ਦੇ ਸਾਹਮਣੇ ਦੂਧ ਦੇ ਦਰਿਆ ਵਗਣ ਲਗ ਪੈਂਦੇ ਹਨ ਅਤੇ ਜੇਕਰ ਚਾਹੇ ਤਾਂ ਇਸ ਦੇ ਸਾਹਮਣੇ ਅਨੇਕ ਤਮਾਸ਼ੇ ਹੋਣ ਲਗ ਪੈਂਦੇ ਹਨ।

ਸਾਡੇ ਪਾਸ ਇਸ ਅਵਸਥਾ ਦਾ ਇਕ ਅਭਿਆਸੀ ਆਇਆ ਅਤੇ ਆਖਣ ਲਗਾ ਕਿ ਮੈਂ ਅਭਿਆਸ ਵਿਚ ਜ਼ਮੀਨ ਤੋਂ ਕਾਫੀ





ਉਚਾ ਹੋ ਜਾਂਦਾ ਹਾਂ ਅਤੇ ਮੇਰੀ ਜਦ ਸੁਰਤ ਆਪਣੀ ਲਿਵ ਤੋਂ ਟੁਟਦੀ ਹੈ ਤਾਂ ਮੁੜ ਜ਼ਮੀਨ ਤੇ ਆ ਡਿਗਦਾ ਹਾਂ ਅਤੇ ਉਸ ਵੇਲੇ ਮੈਨੂੰ ਪਤਾ ਲਗਦਾ ਹੈ ਕਿ ਮੈਂ ਜ਼ਮੀਨ ਤੋਂ ਕਿੰਨਾ ਉਚਾ ਚਲਾ ਗਿਆ ਸੀ। ਇਕ ਹੋਰ ਅਭਿਆਸੀ ਨੇ ਸਾਨੂੰ ਦਸਿਆ ਕਿ ਉਸ ਨੂੰ ਐਸੇ ਕਈ ਅਭਿਆਸੀਆਂ ਦਾ ਪਤਾ ਹੈ, ਜੋ ਆਪਣੇ ਆਪ ਨੂੰ ਆਪਣੇ ਸੌਣ ਵਾਲੇ ਮੰਜਿਆਂ ਨਾਲ ਬਨ੍ਹ ਕੇ ਸੌਂਦੇ ਹਨ, ਨਹੀਂ ਤਾਂ ਉਹ ਕਈ ਵਾਰੀ ਅਭਿਆਸ ਅੰਦਰ ਉਡਕੇ ਛੱਤਾਂ ਨਾਲ ਲਗ ਜਾਂਦੇ ਹਨ। ਇਕ ਹੋਰ ਅਭਿਆਸੀ ਨੇ ਦਸਿਆ ਕਿ ਮੈਂ ਆਪਣੇ ਅਭਿਆਸ ਵਿਚ ਕਈ ਵਾਰੀ ਆਪਣੇ ਸੂਖਸ਼ਮ ਸਰੀਰ ਨਾਲ ਉਡ ਜਾਂਦਾ ਹਾਂ। ਉਸ ਨੇ ਇਹ ਵੀ ਦਸਿਆ ਕਿ ਇਕ ਵਾਰੀ ਉਹ ਆਪਣੇ ਸਰੀਰ ਸਮੇਤ ਆਪਣੇ ਮਕਾਨ ਤੋਂ ਉਡ ਕੇ ਪਿੰਡ ਦੇ ਖੂਹ ਉਤੇ ਪਹੁੰਚਿਆ ਅਤੇ ਉਸ ਖੂਹ ਵਿਚੋਂ ਪਾਣੀ ਕਢ ਕੇ ਜਦ ਉਸ ਨੇ ਆਪਣੇ ਸਰੀਰ ਉਪਰ ਇਸ਼ਨਾਨ ਕਰਨ ਦੇ ਖ਼ਿਆਲ ਨਾਲ ਪਾਇਆ ਤਾਂ ਉਸ ਦੀ ਸੁਰਤ ਅਭਿਆਸ ਵਿਚੋਂ ਟੁਟ ਗਈ ਅਤੇ ਉਹ ਆਪਣੇ ਆਪ ਨੂੰ ਖੂਹ ਤੇ ਖਲੋਤਾ ਵੇਖ ਕੇ ਬੜਾ ਹੈਰਾਨ ਹੋਇਆ ਅਤੇ ਮੁੜ ਪੈਰੀਂ ਤੁਰ ਕੇ ਆਪਣੇ ਮਕਾਨ ਤੇ ਪਹੁੰਚਿਆ।

ਇਸ ਸੰਬੰਧ ਵਿਚ ਜਿਨ੍ਹਾਂ ਨੇ ਵਧੇਰੇ ਖੋਜ ਕਰਨੀ ਹੋਵੇ ਉਨ੍ਹਾਂ ਪ The Invisible Influence ਨਾਮੀ ਅੰਗਰੇਜ਼ੀ ਦੀ ਪੁਸਤਕ ਪੜ੍ਹਨੀ ਚਾਹੀਦੀ ਹੈ। ਇਸ ਪੁਸਤਕ ਵਿਚ ਇੰਗਲੈਂਡ ਦੇ ਪਰਸਿੱਧ ਸਾਇੰਸਦਾਨਾਂ ਨੇ ਭਾਰਤ ਦੇ ਕੁਝ ਪਰਸਿਧ ਵਿਦਵਾਨਾਂ ਨਾਲ ਮਿਲਕੇ ਤਿੱਬਤ ਦੇ ਲਾਮਿਆਂ ਤਕ ਪਹੁੰਚਣ ਦੇ ਦੌਰੇ ਦਾ ਜ਼ਿਕਰ ਕੀਤਾ ਹੈ। ਇਸ ਸਫਰ ਵਿਚ ਉਨ੍ਹਾਂ ਨੇ ਕਈ ਇਨਸਾਨੀ ਅਕਲ ਨੂੰ ਚਕ੍ਰਿਤ ਕਰਨ ਵਾਲੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ, ਜੋ ਕਿ ਉਨ੍ਹਾਂ ਨੇ ਤਿੱਬਤ ਦੇ ਕਈ ਯੋਗੀਆਂ ਤੇ ਸਿਮਰਨ ਅਭਿਆਸੀਆਂ ਨੂੰ ਕਰਦਿਆਂ ਆਪਣੀ ਅਖੀਂ ਵੇਖਿਆ।

ਇਸ ਲੇਖ ਵਿਚ ਅਸੀਂ ਇਹ ਦਸਣਾ ਚਾਹੁੰਦੇ ਹਾਂ ਕਿ ਸਿਮਰਨ ਅਭਿਆਸੀ ਦੀ ਸੁਰਤ ਆਪਣੇ ਵਾਹਿਗੁਰੂ ਜੀ ਨਾਲ ਅੰਦਰੋਂ ਅਭੇਦ ਹੋ ਕੇ ਸਭ ਜਗਤ ਰਚਨਾ ਨੂੰ ਖ਼ਿਆਲੀ ਅਤੇ ਸੁਪਨਾ ਦੇਖਦੀ ਹੈ ਅਤੇ ਉਸ ਅਵਸਥਾ ਵਿਚ ਅਭਿਆਸੀ ਦੀ ਆਪਣੀ ਇਛਿਆ ਹੀ ਸਭ ਤੋਂ ਵਡੀ ਸ਼ਕਤੀ ਹੁੰਦੀ ਹੈ ਜਿਹੜੀ ਜੋ ਚਾਹੇ ਉਸ ਸੁਪਨੇ ਵਿਚ ਪ੍ਰਤੱਖ ਹੋਇਆ ਦੇਖਦੀ ਹੈ। ਇਸ ਲਈ ਸਿਮਰਨ ਅਭਿਆਸੀਆਂ ਨੂੰ ਬੜਾ ਖ਼ਿਆਲ ਰਖਣਾ ਚਾਹੀਦਾ ਹੈ ਕਿ ਉਨ੍ਹਾਂ ਉਤੇ ਜਦ ਐਸੀ ਅਵਸਥਾ ਆਵੇ ਤਾਂ ਉਹਨਾਂ ਅੰਦਰ ਕੋਈ ਮਾੜੀ ਇਛਆ ਪੈਦਾ ਨਹੀਂ ਹੋਣੀ ਚਾਹੀਦੀ ਕਿਉਂਕਿ ਆਪਣੀ ਮਾੜੀ ਇਛਿਆ ਦੇ ਨਤੀਜਿਆਂ ਨੂੰ ਦੇਖ ਕੇ ਉਹ ਖੁਦ ਹੀ ਬੜੇ ਦੁਖੀ ਅਤੇ ਪਰੇਸ਼ਾਨ ਹੋਣਗੇ। ਇਸ ਅਵਸਥਾ ਦੇ ਇਕ ਅਭਿਆਸੀ ਨੂੰ ਉਸਦੀ ਨੇਕ ਤੇ ਸੁਚੱਜੀ ਪਤਨੀ ਹਰ ਰੋਜ਼ ਸਵੇਰੇ ਅਭਿਆਸ ਵਿਚੋਂ ਉਠਾ ਕੇ ਆਖਦੀ ਹੁੰਦੀ ਸੀ ਕਿ ਹੁਣ ਵਕਤ ਹੋ ਗਿਆ ਹੈ, ਤੁਸੀਂ ਅਭਿਆਸ ਨੂੰ ਛਡੋ ਤੇ ਤਿਆਰ ਹੋ ਕੇ ਆਪਣੇ ਕਾਰਖਾਨੇ ਜਾਵੋ। ਇਹ ਗਲ ਉਸ ਅਭਿਆਸੀ ਨੂੰ ਚੰਗੀ ਨਹੀਂ ਸੀ ਲਗਦੀ ਅਤੇ ਉਹ ਆਪਣੇ ਦਿਲ ਵਿਚ ਇਹ ਕਹਿਣ ਲਗ ਪਿਆ ਕਿ ਜੇ ਇਹ ਇਸਤਰੀ ਨਾ ਹੋਵੇ ਤਾਂ ਉਸਦੀ ਸੁਰਤ ਨੂੰ ਅਭਿਆਸ ਵਿਚੋਂ ਤੋੜਨ ਵਾਲਾ ਅਤੇ ਦੁਨੀਆਂ ਦੇ ਕੰਮ ਕਰਨ ਨੂੰ ਮਜਬੂਰ ਕਰਨ ਵਾਲਾ ਕੋਈ ਨਹੀਂ ਰਹੇਗਾ। ਨਤੀਜਾ ਇਹ ਹੋਇਆ ਕਿ ਉਸ ਅਭਿਆਸੀ ਦੀ ਸੁਪਤਨੀ ਪੌੜੀਆਂ ਵਿਚੋਂ ਡਿਗ ਕੇ ਉਸ ਦੀਆਂ ਅੱਖਾਂ ਸਾਹਮਣੇ ਮਰ ਗਈ। ਇਹ ਗਲ ਇਸ ਅਭਿਆਸੀ ਨੇ ਜਦ ਸਾਨੂੰ ਦਸੀ ਤਾਂ ਉਸ ਦੀਆਂ ਅੱਖਾਂ ਜ਼ਾਰ-ਜ਼ਾਰ ਰੋ ਰਹੀਆਂ ਸਨ। ਆਖਣ ਲਗਾ, ਇਸ ਘਟਨਾ ਤੋਂ ਬਾਅਦ ਨਾ ਮੇਰਾ ਅਭਿਆਸ ਠੀਕ ਰਿਹਾ, ਨਾ ਮੈਂ ਆਪਣੇ ਕਾਰਖਾਨੇ ਵਿਚ ਦਿਲ ਲਗਾ ਸਕਦਾ ਹਾਂ ਤੇ ਨਾ ਹੀ ਸਿਮਰਨ ਵਿਚ ਦਿਲ ਲਗਦਾ ਹੈ।





ਇਸੇ ਤਰ੍ਹਾਂ ਸਾਨੂੰ ਦੋ - ਤਿੰਨ ਐਸੇ ਗੁਰਸਿਖਾਂ ਨੇ ਦਸਿਆ ਹੈ ਜੋ ਸਿਮਰਨ ਅਭਿਆਸ ਵਿਚ ਇਹ ਇੱਛਿਆ ਕਰਦੇ ਹੁੰਦੇ ਸਨ ਕਿ ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚਾਰੇ ਪੁੱਤਰ ਸ਼ਹੀਦ ਹੋਣ ਉਤੇ ਗੁਰੂ ਜੀ ਬਿਲਕੁਲ ਅਡੋਲ ਅਤੇ ਚੜ੍ਹਦੀਆਂ ਕਲਾਂ ਵਿਚ ਰਹੇ, ਇਸੇ ਤਰ੍ਹਾਂ ਜੇਕਰ ਉਨ੍ਹਾਂ ਦੇ ਲੜਕੇ ਵੀ ਗੁਜ਼ਰ ਜਾਣ ਤਾਂ ਉਹ ਵੀ ਅਡੋਲ ਤੇ ਚੜ੍ਹਦੀਆਂ ਕਲਾਂ ਵਿਚ ਰਹਿਣ ਦੀ ਕੋਸ਼ਿਸ ਕਰਨਗੇ। ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਦੇ ਲੜਕੇ ਗੁਜ਼ਰ ਜਾਂਦੇ ਰਹੇ, ਪਰ ਉਨ੍ਹਾਂ ਦੇ ਮਨ ਨਾ ਤੇ ਅਡੋਲ ਰਹਿ ਸਕੇ ਤੇ ਨਾ ਹੀ ਚੜ੍ਹਦੀਆਂ ਕਲਾਂ ਵਿਚ। ਇਸੇ ਤਰ੍ਹਾਂ ਇਕ ਬੀਬੀ, ਜੋ ਕਿ ਸਿਮਰਨ ਅਭਿਆਸੀ ਸੀ, ਉਸ ਦੇ ਬੱਚੇ ਕਾਫੀ ਬੀਮਾਰ ਰਹਿੰਦੇ ਸਨ। ਜਦ ਉਹ ਬੀਬੀ ਅਤੇ ਉਸਦੀ ਸੱਸ ਨੇ ਸਾਨੂੰ ਇਹ ਗਲ ਦਸੀ ਤਾਂ ਅਸੀਂ ਖ਼ੁਦ ਸੋਚਾਂ ਵਿਚ ਪੈ ਗਏ ਕਿ ਸਿਮਰਨ ਕਰਨ ਵਾਲੀ ਬੀਬੀ ਦੇ ਬੱਚੇ ਤਾਂ ਸਦਾ ਅਰੋਗ ਹੋਣੇ ਚਾਹੀਦੇ ਹਨ, ਇਸ ਬੀਬੀ ਦੇ ਬੱਚੇ ਕਿਉਂ ਬੀਮਾਰ ਰਹਿੰਦੇ ਹਨ? ਕੁਝ ਚਿਰ ਗਲਾਂ ਕਰਨ ਤੋਂ ਉਸ ਬੀਬੀ ਦੀ ਸੱਸ ਨੇ ਦਸਿਆ ਕਿ ਉਸ ਬੀਬੀ ਵਿਚ ਹੋਰ ਤਾਂ ਸਭ ਗੁਣ ਹਨ, ਪਰ ਇਕ ਅਉਗੁਣ ਹੀ ਬੜਾ ਹੈ ਕਿ ਜਦ ਉਸ ਨੂੰ ਗੁੱਸਾ ਚੜ੍ਹ ਜਾਵੇ ਤਾਂ ਉਹ ਬੱਚਿਆਂ ਨੂੰ ਬੜੀਆਂ ਗਾਲਾਂ ਕਢਦੀ ਸੀ। ਤਦ ਇਹ ਪਤਾ ਲਗਾ ਕਿ ਉਸ ਬੀਬੀ ਦੇ ਬੱਚੇ ਕਿਉਂ ਬੀਮਾਰ ਰਹਿੰਦੇ ਹਨ। ਸਿਮਰਨ ਅਭਿਆਸੀ ਨੂੰ ਕਦੀ ਕਿਸੇ ਨੂੰ ਗਾਲ੍ਹ ਨਹੀਂ ਕਢਣੀ ਚਾਹੀਦੀ, ਕਦੀ ਕਿਸੇ ਦਾ ਬੁਰਾ ਨਹੀਂ ਚਿਤਵਨਾ ਚਾਹੀਦਾ।

ਸਿਮਰਨ ਅਭਿਆਸੀ ਕਦੀ ਕਦੀ ਉਸ ਮਹਾਨ ਸ਼ਕਤੀ ਨਾਲ ਅਭੇਦ ਹੋ ਜਾਂਦਾ ਹੈ, ਜਿਸ ਮਹਾਨ ਸ਼ਕਤੀ ਅਗੇ ਹਰ ਕੰਮ ਕਰਕੇ ਦਿਖਾ ਦੇਣਾ ਬਿਲਕੁਲ ਮਾਮੂਲੀ ਹੁੰਦਾ ਹੈ। ਇਸ ਅਵਸਥਾ ਵਿਚ ਜੇ ਸਿਮਰਨ ਅਭਿਆਸੀ ਮਾੜੀ ਇਛਿਆ ਕਰੇ ਤਾਂ ਉਸ ਦੇ

ਸਾਹਮਣੇ ਉਸਦੀ ਦੁਨੀਆਂ ਵਿਚ ਮਾੜੀਆਂ ਘਟਨਾਵਾਂ ਹੀ ਹੋਣ ਲਗ ਜਾਂਦੀਆਂ ਹਨ। ਸਾਨੂੰ ਇਕ ਸਿਮਰਨ ਕਰਨ ਵਾਲੀ ਬੀਬੀ ਦਾ ਪਤਾ ਹੈ। ਉਸਦਾ ਸਾਰਾ ਪਰਿਵਾਰ ਹੀ ਗੁਰਮੁਖਾਂ ਦਾ ਹੈ। ਕਿਸੇ ਨੇ ਉਸਦੇ ਲੜਕੇ ਨੂੰ ਦਸਿਆ ਕਿ ਹਾਦਸੇ ਵਿਚ ਤੇਰੀ ਮਿਰਤੂ ਹੋ ਜਾਵੇਗੀ। ਉਸ ਗੁਰਸਿਖ ਲੜਕੇ ਨੇ ਇਸ ਗਲ ਨੂੰ ਸਚ ਮੰਨਿਆ ਅਤੇ ਆਪਣੇ ਨਿਸਚੇ ਵਿਚ ਇਸ ਖ਼ਿਆਲ ਨੂੰ ਪੱਕਿਆਂ ਕੀਤਾ। ਇਥੋਂ ਤਕ ਕਿ ਉਸਨੇ ਆਪਣੀ ਜ਼ਿੰਦਗੀ ਦਾ ਇਕ ਲਖ ਦਾ ਬੀਮਾ ਕਰਾਇਆ। ਪਤਾ ਨਹੀਂ ਕਿ ਇਸ ਬੀਮੇ ਦਾ ਜ਼ਿਕਰ ਉਸ ਲੜਕੇ ਨੇ ਆਪਣੇ ਘਰ ਵਾਲਿਆਂ ਨਾਲ ਕੀਤਾ ਕਿ ਨਾ ਕੀਤਾ, ਪਰ ਨਤੀਜਾ ਇਹ ਨਿਕਲਿਆ ਕਿ ਉਹ ਲੜਕਾ ਮਾਮੂਲੀ ਪੈਰ ਤਿਲਕ ਕੇ ਡਿਗਣ ਨਾਲ ਹੀ ਮਰ ਗਿਆ। ਇਸ ਦੇ ਉਲਟ ਸਾਨੂੰ ਇਕ ਦੂਸਰੇ ਘਰਾਣੇ ਦਾ ਪਤਾ ਹੈ, ਜਿਸ ਦੇ ਵਿਚ ਇਕ ਨੌਜਵਾਨ ਲੜਕੇ ਬਾਬਤ ਇਹ ਦਸਿਆ ਗਿਆ ਹੈ ਕਿ ਉਸ ਨੂੰ ਕੋਈ ਬੜਾ ਹਾਦਸਾ ਪੇਸ਼ ਆਉਣ ਵਾਲਾ ਹੈ। ਇਸ ਖ਼ਾਨਦਾਨ ਦੇ ਬਜ਼ੁਰਗ ਨੂੰ ਮਨ ਦੇ ਨਿਸਚਿਆਂ ਸੰਬੰਧੀ ਅਤੇ ਇਹਨਾਂ ਦੀ ਸ਼ਕਤੀ ਸੰਬੰਧੀ ਕੁਝ ਗਿਆਨ ਸੀ ਅਤੇ ਉਸ ਨੂੰ ਪਤਾ ਸੀ ਕਿ ਇਸ ਸੁਪਨੇ ਦੇ ਜਗਤ ਵਿਚ ਸਾਡੀ ਇਛਿਆ ਜਾਂ ਮਨ ਦੇ ਨਿਸਚੇ ਬੜੀ ਮਹਾਨ ਸ਼ਕਤੀ ਹਨ। ਉਸ ਨੇ ਗੁਰਬਾਣੀ ਦਾ ਆਸਰਾ ਲੀਤਾ ਅਤੇ ਇਸ ਕਿਸਮ ਦੇ ਸ਼ਬਦਾਂ ਦਾ ਪੂਰੇ ਨਿਸਚੇ ਨਾਲ ਪਾਠ ਕਰਨਾ ਅਰੰਭਿਆ -

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥*
*ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥ ਅੰਗ - 819*

*ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ॥ ਤੂ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥*
*ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ।*
*ਅੰਗ - 103*

*ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ॥ ਅੰਗ-677*





*ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ।*
*ਹਾਥ ਦੇਇ ਰਾਖੈ ਆਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ।*
*ਅੰਗ - 682*

ਇਸ ਤਰ੍ਹਾਂ ਦਾ ਨਿਸਚਾ ਧਾਰਕੇ ਉਸ ਗੁਰਸਿਖ ਨੇ ਉਹ ਸਾਰਾ ਵਕਤ ਸੁਖ ਨਾਲ ਗੁਜ਼ਾਰਿਆ। ਸਾਰੇ ਪਰਿਵਾਰ ਵਿਚ ਸੁਖ ਸ਼ਾਂਤੀ ਰਹੀ।

ਮਾਇਆ ਦੇ, ਸੁਪਨੇ ਦੇ ਇਸ ਦ੍ਰਿਸ਼ਟਮਾਨ ਜਗਤ ਵਿਚ ਸਾਡੀਆਂ ਭਾਵਨੀਆਂ, ਸਾਡੇ ਨਿਸਚੇ, ਸਾਡੀ ਇਛਿਆ ਵਰਗੀ ਕੋਈ ਸ਼ਕਤੀ ਨਹੀਂ।

ਵਾਹਿਗੁਰੂ ਜੀ ਦੀ ਮਹਾਨ ਸ਼ਕਤੀ, ਸਾਡੇ ਨਿਚਿਆਂ ਨੂੰ ਜਗਤ ਵਿਚ ਸਾਖਸ਼ਾਤ ਕਰਨ ਵਿਚ ਸਹਾਇਤਾ ਕਰਦੀ ਹੈ। ਜਿਵੇਂ ਸਿਨਮੇ ਵਿਚ ਜੋ ਮਸ਼ੀਨ ਦੀ ਰੌਸ਼ਨੀ ਹੁੰਦੀ ਹੈ, ਉਹ ਹਰ ਫਿਲਮ ਨੂੰ, ਜੋ ਉਸਦੇ ਅਗੇ ਲਗਾਈ ਜਾਵੇ, ਪਰਦੇ ਉਤੇ ਸਾਖਸ਼ਾਤ ਜਾਂ ਹੂ-ਬੂ ਪ੍ਰਗਟ ਕਰਦੀ ਹੈ, ਉਸੇ ਤਰ੍ਹਾਂ ਵਾਹਿਗੁਰੂ ਜੀ ਦੀ ਮਹਾਨ ਸ਼ਕਤੀ ਅਗੇ ਜੈਸੇ ਨਿਸਚਿਆਂ ਜਾਂ ਭਾਵਨੀਆਂ ਨੂੰ ਜਗਤ ਦੀਆਂ ਘਟਨਾਵਾਂ ਦੀ ਸ਼ਕਲ ਵਿਚ ਦੇਖ ਲਈਦਾ ਹੈ। ਜਿਵੇਂ ਸਿਨਮੇ ਦੇ ਸਾਹਮਣੇ ਚੰਗੀ ਜਾਂ ਮਾੜੀ ਫਿਲਮ ਲਗਾ ਕੇ ਚੰਗਾ ਜਾਂ ਮਾੜਾ ਤਮਾਸ਼ਾ ਦੇਖ ਸਕਦੇ ਹਾਂ, ਉਸੇ ਤਰ੍ਹਾਂ ਆਪਣੇ ਮਾੜੇ ਜਾਂ ਚੰਗੇ ਨਿਸਚਿਆਂ ਦਾ, ਵਾਹਿਗੁਰੂ ਜੀ ਦੀ ਸ਼ਕਤੀ ਦੀ ਸਹਾਇਤਾ ਨਾਲ, ਆਪਣੇ ਜੀਵਨ ਵਿਚ ਮਾੜਾ ਜਾਂ ਚੰਗਾ ਤਮਾਸ਼ਾ ਦੇਖ ਸਕਦੇ ਹਾਂ।

ਇਸ ਵਿਚਾਰ ਅਨੁਸਾਰ ਸਾਨੂੰ ਚਾਹੀਦਾ ਹੈ ਕਿ ਜੇਕਰ ਅਸੀਂ ਦੁਖ, ਪਾਪ, ਬੀਮਾਰੀ, ਚਿੰਤਾ ਅਤੇ ਫਿਕਰ ਆਦਿ ਮਾੜੀਆਂ ਘਟਨਾਵਾਂ ਆਪਣੇ ਜੀਵਨ ਵਿਚ ਨਹੀਂ ਵੇਖਣਾ ਚਾਹੁੰਦੇ ਤਾਂ ਉਕਤ ਬਦੀ ਦੇ ਖ਼ਿਆਲਾਂ ਨੂੰ ਆਪਣੇ ਨਿਸ਼ਚਿਆਂ, ਭਾਵਨੀਆਂ ਵਿਚ ਹੀ

ਨਾ ਰਹਿਣ ਦੇਈਏ। ਜਿਸ ਨਿਸਚੇ ਵਿਚ ਕੋਈ ਮਾੜਾ ਬੀਜ ਨਹੀਂ, ਉਸ ਨਿਸਚੇ ਦਾ ਨਤੀਜਾ ਕਦੀ ਮਾੜਾ ਨਹੀਂ ਨਿਕਲਦਾ।

ਗੁਰਬਾਣੀ ਵਿਚ ਸਭ ਮਾੜੇ ਨਿਸਚਿਆਂ ਨੂੰ 'ਮਨ ਦੀ ਮਤ' ਕਹਿ ਕੇ ਲਿਖਿਆ ਹੈ ਅਤੇ ਸਭ ਚੰਗੇ ਸਚੇ ਅਤੇ ਵਿਗਿਆਨਕ ਨਿਸਚਿਆਂ ਨੂੰ 'ਗੁਰਮੁਖ' ਆਖਿਆ ਹੈ। ਗੁਰਬਾਣੀ ਵਿਚ ਮਨ ਦੀ ਮਤ ਤਿਆਗਣ ਅਤੇ ਗੁਰੂ ਦੀ ਮਤ ਧਾਰ ਕਰਨ ਉਤੇ ਇਸ ਲਈ ਬੜਾ ਜ਼ੋਰ ਹੈ ਕਿ ਮਨ ਦੀ ਮਤ ਵਾਲਿਆਂ ਨਿਸਚਿਆਂ ਦਾ ਨਤੀਜਾ ਦੁਖਦਾਈ ਹੁੰਦਾ ਹੈ, ਅਤੇ ਗੁਰੂ ਦੀ ਮਤ ਅਨੁਸਾਰ ਬਣਾਏ ਨਿਸਚਿਆਂ ਦਾ ਨਤੀਜਾ ਸੁਖਦਾਈ ਅਤੇ ਚੜ੍ਹਦੀਆਂ ਕਲਾਂ ਵਾਲਾ ਹੁੰਦਾ।

ਜਗਤ ਨੂੰ ਸੁਪਨਾ ਸਮਝ ਕੇ ਉਸ ਵਿਚ ਆਪਣੇ ਨਿਸਚੇ ਦੀ ਮਹਾਨ ਸ਼ਕਤੀ ਤੋਂ ਜਾਣੂ ਹੋ ਕੇ ਗੁਰਸਿਖ ਬਦੀ ਦਾ ਪਹਿਲੇ ਆਪਣੇ ਨਿਸਚਿਆਂ ਵਿਚੋਂ ਤੁਖਮ ਮਿਟਾ ਦਿੰਦਾ ਹੈ ਅਤੇ ਫਿਰ ਆਪਣੇ ਜੀਵਨ ਵਿਚ ਬਦੀ ਦਾ ਪਰਛਾਵਾਂ ਤਕ ਨਹੀਂ ਵੇਖਦਾ ਅਤੇ ਆਪਣੇ ਸ਼ੁਭ ਨਿਸਚਿਆਂ ਨੂੰ ਬੀਜ ਕੇ, ਅਮਲ ਵਿਚ ਲਿਆ ਕੇ ਜਗਤ ਰਚਨਾ ਨੂੰ ਇਕ ਡਾਹਢਾ ਸੁਹਾਵਣਾ ਤੇ ਸੁਖਦਾਈ ਸੁਫਨਾ ਬਣਾ ਲੈਂਦਾ ਹੈ।

*ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥*

*ਅੰਗ - 496*





# ਸ਼ਰੋਮਣੀ ਦਾਅਵਾ

ਗੁਰੂ ਗਰੰਥ ਜੀ ਦੀ ਤਾਲੀਮ ਅਨੁਸਾਰ ਇਨਸਾਨ ਦੇ ਸਭ ਦੁਖਾਂ, ਸਭ ਤਕਲੀਫਾਂ, ਸਭ ਤਨ ਤੇ ਮਨ ਦੀਆਂ ਬੀਮਾਰੀਆਂ ਅਤੇ ਸਭ ਦੁਰਘਟਨਾਵਾਂ ਦਾ ਇਲਾਜ 'ਨਾਮ' ਹੈ।

*ਸਰਬ ਰੋਗ ਕਾ ਅਉਖਦੁ ਨਾਮੁ॥* *ਅੰਗ - 274*

ਅਗਰ ਗੁਰੂ ਗਰੰਥ ਜੀ ਦਾ ਉਕਤ ਦਾਅਵਾ ਸਚਮੁਚ ਠੀਕ ਅਤੇ ਵਿਗਿਆਨਕ ਸਚਾਈ ਹੋਵੇ ਤਾਂ ਪਾਪ, ਦੁਖ ਬੀਮਾਰੀ ਅਤੇ ਮੌਤ ਨਾਲ ਜਕੜੀ ਤੇ ਤੜਫ ਰਹੀ ਦੁਨੀਆਂ ਨੂੰ ਉਹ ਆਬੇ-ਹਯਾਤ ਜਾਂ ਜੀਵਨ ਅੰਮ੍ਰਿਤ ਮਿਲ ਗਿਆ ਸਮਝੋ ਜਿਸ ਦੇ ਮੁਕਾਬਲੇ ਵਿਚ ਸਕੰਦਰ ਦਾ ਲਭਿਆ ਆਬੇ-ਹਯਾਤ ਕੋਈ ਚੀਜ਼ ਹੀ ਨਹੀਂ ਸੀ।

ਗੁਰੂ ਗਰੰਥ ਜੀ ਦੇ ਉਕਤ ਦਾਅਵੇ ਨੂੰ ਵਿਗਿਆਨਕ ਤੌਰ ਤੇ ਸਿਧ ਕਰਨ ਲਈ ਸਾਨੂੰ ਪਹਿਲੇ ਇਹ ਜਾਨਣਾ ਜ਼ਰੂਰੀ ਹੋਵੇਗਾ ਕਿ ਆਦਮੀ ਦੇ ਸਭ ਰੋਗ, ਸਭ ਦੁਖ, ਸਭ ਮੁਸੀਬਤਾਂ ਇਨਸਾਨ ਦੇ ਕਿਸ ਹਿਸੇ ਉਤੇ ਅਸਰ ਕਰਦੀਆਂ ਹਨ। ਆਦਮੀ ਦੀ ਬਨਾਵਟ ਦੇ ਤਿੰਨ ਹਿਸੇ ਹਨ। ਇਕ ਸਰੀਰ, ਦੂਸਰਾ ਮਨ ਤੇ ਤੀਸਰਾ ਆਤਮਾ। ਸਰੀਰ ਜੜ ਵਸਤੂ ਹੈ, ਇਸ ਵਿਚ ਮਹਿਸੂਸ ਸ਼ਕਤੀ ਨਾ ਹੋਣ ਕਰਕੇ, ਇਸ ਉਤੇ ਦੁਖ, ਤਕਲੀਫ਼ ਤੇ ਬੀਮਾਰੀ ਅਸਰ ਨਹੀਂ

ਕਰ ਸਕਦੇ। ਜਿਵੇਂ ਕੁਰਸੀ ਨੂੰ ਬੁਖਾਰ ਨਹੀਂ ਚੜ੍ਹ ਸਕਦਾ, ਜਿਵੇਂ ਮੇਜ਼ ਨੂੰ ਚਿੰਤਾ ਫਿਕਰ ਨਹੀਂ ਹੋ ਸਕਦੇ। 'ਕਾਇਆ ਮਿਟੀ ਅੰਧੁ ਹੈ' (ਗੁਜਰੀ ਮਹਲਾ 3) - ਸਾਡੀ ਆਤਮਾ ਵੀ ਪੂਰਨ ਅਤੇ ਵਾਹਿਗੁਰੂ ਦੀ ਅੰਸ ਹੋਣ ਕਰਕੇ ਦੁਖ ਬੀਮਾਰੀ ਤੇ ਮੌਤ ਤੋਂ ਆਜ਼ਾਦ ਹੈ। ਇਸ ਲਈ ਸਭ ਪਾਪ, ਦੁਖ, ਬੀਮਾਰੀਆਂ ਤੇ ਮੌਤ ਕੇਵਲ ਇਨਸਾਨ ਦੇ ਮਨ ਉਤੇ ਹੀ ਅਸਰ ਕਰਦੀਆਂ ਹਨ। ਸਰੀਰ ਨੂੰ ਜਦ ਸੱਟ ਲਗੇ ਤਾਂ ਭਾਵੇਂ ਅਨਜਾਣ ਆਦਮੀ ਨੂੰ ਸਰੀਰ ਵਿਚ ਪੀੜ ਮਾਲੂਮ ਹੁੰਦੀ ਹੈ ਪਰ ਅਸਲ ਵਿਚ ਉਹ ਪੀੜ ਉਸ ਤੇ ਮਨ ਨੂੰ ਹੋ ਰਹੀ ਹੁੰਦੀ ਹੈ। ਜਦ ਹਸਪਤਾਲ ਵਿਚ ਉਪਰੇਸ਼ਨ ਕਰਨ ਲਗਿਆਂ ਆਦਮੀ ਦੇ ਮਨ ਨੂੰ ਬੇਹੋਸ਼ ਕਰ ਦੇਵੋ ਤਾਂ ਸਰੀਰ ਨੂੰ ਚੀਰਿਆਂ ਫਾੜਿਆਂ ਸਰੀਰ ਨੂੰ ਪੀੜ ਨਹੀਂ ਹੁੰਦੀ। ਇਸ ਤੋਂ ਸਿਧ ਹੁੰਦਾ ਹੈ ਕਿ ਪੀੜ, ਦੁਖ, ਸੰਤਾਪ ਤੇ ਮੁਸੀਬਤ ਕੇਵਲ ਮਨ ਨੂੰ ਆਖਦੇ ਹਨ, ਸਰੀਰ ਤੇ ਆਤਮਾ ਨੂੰ ਨਹੀਂ ਆਉਂਦੇ।

ਜਦ ਸਾਨੂੰ ਇਹ ਨਿਸਚਾ ਹੋ ਜਾਵੇ ਕਿ 'ਸਰਬ ਰੋਗ' ਕੇਵਲ ਮਨ ਉਤੇ ਹੀ ਅਸਰ ਕਰਦੇ ਹਨ ਅਤੇ ਮਨ ਨੂੰ ਹੀ ਦੁਖੀ ਬਣਾਂਦੇ ਹਨ ਤਾਂ ਦੂਸਰੀ ਸਮਝਣ ਵਾਲੀ ਗਲ ਇਹ ਹੋਵੇਗੀ ਕਿ 'ਸਰਬ ਰੋਗ' ਮਨ ਉਤੇ ਕਿਸ ਤਰ੍ਹਾਂ ਹਮਲਾ ਕਰਕੇ ਇਸ ਨੂੰ ਦੁਖੀ ਬਣਾਉਂਦੇ ਹਨ? ਇਥੇ ਸਾਨੂੰ ਇਹ ਜਾਨਣਾ ਜ਼ਰੂਰੀ ਹੋਵੇਗਾ ਕਿ ਮਨ ਸੰਕਲਪ ਰੂਪ ਹੈ, ਇਸ ਵਿਚ ਜੋ ਸੰਕਲਪ ਪੈਦਾ ਹੋਵੇ ਇਹ ਉਸ ਦਾ ਰੂਪ ਬਣ ਜਾਂਦਾ ਹੈ। ਮਨ ਨੂੰ ਖੁਸ਼ੀ ਦਾ ਸੰਕਲਪ ਜਾਂ ਖ਼ਿਆਲ ਆਵੇ ਤਾਂ ਮਨ ਫੌਰਨ ਖੁਸ਼ ਹੋ ਜਾਂਦਾ ਹੈ। ਜੇ ਮਨ ਨੂੰ ਕੋਈ ਦੁਖ ਦੇਣ ਵਾਲਾ ਜਾਂ ਡਰਾਉਣ ਵਾਲਾ ਖ਼ਿਆਲ ਆਵੇ ਤਾਂ ਮਨ ਦੁਖੀ ਬਣ ਜਾਂਦਾ ਹੈ ਜਾਂ ਭੈ-ਭੀਤ ਹੋ ਜਾਂਦਾ ਹੈ। ਮਨ ਉਤੇ ਸਾਰੇ ਸੰਸਾਰ ਦੀਆਂ ਚੀਜ਼ਾਂ ਤੇ ਘਟਨਾਵਾਂ ਕੇਵਲ ਖ਼ਿਆਲ ਜਾਂ ਸੰਕਲਪ ਦੀ





ਸ਼ਕਲ ਵਿਚ ਅਸਰ ਪੈਦਾ ਕਰਦੀਆਂ ਹਨ। ਸੰਸਾਰ ਦੀਆਂ ਮਾੜੀਆਂ ਚੀਜ਼ਾਂ ਜਾਂ ਘਟਨਾਵਾਂ ਮਾੜਾ ਅਸਰ ਪੈਦਾ ਕਰਕੇ ਮਨ ਨੂੰ ਦੁਖੀ ਅਤੇ ਸੰਸਾਰ ਦੀਆਂ ਚੰਗੀਆਂ ਚੀਜ਼ਾਂ ਜਾਂ ਘਟਨਾਵਾਂ ਚੰਗਾ ਅਸਰ ਪੈਦਾ ਕਰਕੇ ਮਨ ਨੂੰ ਖੁਸ਼ੀ ਤੇ ਸੁਖੀ ਬਣਾਉਂਦੀਆਂ ਹਨ।

ਜੇਕਰ ਅਸੀਂ ਇਸੇ ਵਿਚਾਰ ਨੂੰ ਹੋਰ ਡੂੰਘਿਆਂ ਲੈ ਜਾਈਏ ਤਾਂ ਸਾਨੂੰ ਪਤਾ ਲਗੇਗਾ ਕਿ ਮਨ ਉਤੇ ਹਰ ਇਕ ਸੰਕਲਪ ਜਾਂ ਖ਼ਿਆਲ ਜਦ ਅਸਰ ਕਰਦਾ ਹੈ ਤਾਂ ਮਨ ਵਿਚ ਉਸ ਖ਼ਿਆਲ ਜਾਂ ਸੰਕਲਪ ਦੀ ਖ਼ਿਆਲੀ ਤਸਵੀਰ ਬਣਦੀ ਹੈ। ਉਹ ਫੇਰ ਮਨ ਉਤੇ ਹੀ ਅਸਰ ਕਰਦੀ ਹੈ। ਸਪ ਦਾ ਖ਼ਿਆਲ ਜਦ ਆਵੇ ਤਾਂ ਮਨ ਵਿਚ ਸਪ ਦੀ ਖ਼ਿਆਲੀ ਤਸਵੀਰ ਬਣਦੀ ਹੈ ਅਤੇ ਫੇਰ ਇਹੋ ਸਪ ਦੀ ਤਸਵੀਰ ਮਨ ਉਤੇ ਅਸਰ ਕਰਕੇ ਮਨ ਵਿਚ ਡਰ ਪੈਦਾ ਕਰਦੀ ਹੈ। ਇਸੇ ਤਰ੍ਹਾਂ ਫੁਲ ਦਾ ਖ਼ਿਆਲ ਆਵੇ ਤਾਂ ਮਨ ਵਿਚ ਗੁਲਾਬ ਜਾਂ ਮੋਤੀਏ ਜਾਂ ਹੋਰ ਕਿਸੇ ਫੁਲ ਦੀ ਖ਼ਿਆਲੀ ਤਸਵੀਰ ਬਣਦੀ ਹੈ ਅਤੇ ਉਹ ਖ਼ਿਆਲੀ ਤਸਵੀਰ ਹੀ ਫੇਰ ਮਨ ਉਤੇ ਖੁਸ਼ੀ ਤੇ ਪ੍ਰਸੰਨਤਾ ਦਾ ਅਸਰ ਪੈਦਾ ਕਰਦੀ ਹੈ। ਇਸ ਘਟਨਾ ਨੂੰ ਚੰਗੀ ਤਰ੍ਹਾਂ ਇੰਜ ਬਿਆਨ ਕੀਤਾ ਜਾ ਸਕਦਾ ਹੈ ਕਿ ਸੰਸਾਰ ਦਾ ਅਤੇ ਇਨਸਾਨ ਦਾ ਆਪਸ ਵਿਚ ਸੰਬੰਧ ਕੇਵਲ ਖ਼ਿਆਲੀ ਜਾਂ ਸੰਕਲਪ ਰੂਪੀ ਹੈ, ਹੋਰ ਕੁਝ ਨਹੀਂ।

ਜਿਥੇ ਮਨ ਵਿਚ ਸ਼ਕਤੀ ਹੈ, ਉਹ ਆਪਣੇ ਸੰਕਲਪਾਂ ਜਾਂ ਖ਼ਿਆਲਾਂ ਨੂੰ ਆਪਣੇ ਆਪ ਵਿਚੋਂ ਪੈਦਾ ਕਰਦਾ, ਉਹਨਾਂ ਦੀ ਤਸਵੀਰ ਬਣਾਉਂਦਾ ਅਤੇ ਉਹਨਾਂ ਖ਼ਿਆਲੀ ਤਸਵੀਰਾਂ ਦੇ ਅਸਰ ਨੂੰ ਫੇਰ ਆਪੇ ਹੀ ਕਬੂਲਦਾ ਜਾਂ ਮੰਨਜ਼ੂਰ ਕਰਦਾ ਹੈ, ਉਥੇ ਮਨ

ਵਿਚ ਇਹ ਸ਼ਕਤੀ ਹੈ ਕਿ ਜੋ ਚਾਹੇ ਤਾਂ ਆਪਣੇ ਕਿਸੇ ਸੰਕਲਪ ਜਾਂ ਖ਼ਿਆਲ ਤਰੰਗ ਨੂੰ ਪੈਦਾ ਹੀ ਨਾ ਹੋਣ ਦੇਵੇ ਜਾਂ ਪੈਦਾ ਹੁੰਦਿਆਂ ਹੀ ਰੋਕ ਦੇਵੇ, ਉਸ ਦੀ ਖ਼ਿਆਲੀ ਤਸਵੀਰ ਬਣਨ ਹੀ ਨਾ ਦੇਵੇ। ਮਿਸਾਲ ਦੇ ਤੌਰ ਤੇ ਜੇ ਕਿਸੇ ਨੂੰ ਸੱਪ ਦਾ ਖ਼ਿਆਲ ਆਵੇ ਤਾਂ ਉਸ ਦੀ ਤਸਵੀਰ ਬਣਨ ਤੋਂ ਪਹਿਲਾਂ ਹੀ ਜੇ ਉਹ ਇਕ ਹੋਰ ਖ਼ਆਲ ਮਨ ਵਿਚ ਪੈਦਾ ਕਰੇ ਅਤੇ ਵਿਚਾਰੇ ਕਿ ਸੱਪ ਤਾਂ ਕੇਵਲ ਖ਼ਿਆਲ ਹੀ ਹੈ, ਕੋਈ ਡਰਾਉਣ ਵਾਲੀ ਚੀਜ਼ ਨਹੀਂ, ਇਸ ਤੋਂ ਕੀ ਡਰਨਾ, ਤਾਂ ਉਸਦੇ ਮਨ ਵਿਚ ਅੱਵਲ ਤਾਂ ਸੱਪ ਦੀ ਖ਼ਿਆਲੀ ਤਸਵੀਰ ਬਣੇਗੀ ਹੀ ਨਹੀਂ, ਜੇ ਬਣੇਗੀ ਤਾਂ ਬੜੀ ਮੱਧਮ ਬਣੇਗੀ ਅਤੇ ਕੁਝ ਅਸਰ ਪੈਦਾ ਨਹੀਂ ਕਰੇਗੀ। ਇਸੇ ਤਰ੍ਹਾਂ ਜੇ ਸਚੀਮੁਚੀ ਦਾ ਸੱਪ ਸਾਹਮਣੇ ਆਵੇ ਤਾਂ ਮਨ ਉਤੇ ਉਸ ਦੀ ਸ਼ਕਲ ਫੌਰਨ ਡਰ ਦਾ ਅਸਰ ਪੈਦਾ ਕਰੇਗੀ। ਪਰ ਜੇਕਰ ਮਨ ਵਿਚ ਹੋਰ ਖ਼ਿਆਲ ਪੈਦਾ ਕਰੀਏ ਤੇ ਮਨ ਨੂੰ ਆਖੀਏ ਕਿ ਕੋਈ ਡਰਨ ਵਾਲੀ ਗਲ ਨਹੀਂ, ਸੱਪ ਹੈ ਤਾਂ ਫੇਰ ਕੀ ਹੋਇਆ? ਉਠ ਤਕੜਾ ਹੋ, ਸੋਟਾ ਲੈ ਕੇ ਇਸ ਨੂੰ ਮਾਰ ਦੇ। ਇਸ ਖ਼ਿਆਲ ਨੇ ਸਪ ਦੇ ਪਹਿਲੇ ਡਰਨ ਵਾਲੇ ਖ਼ਿਆਲ ਨੂੰ ਪਰੇ ਕਰਕੇ ਉਸ ਦੇ ਉਲਟ ਮਨ ਵਿਚ ਨਿਰਭੈਤਾ ਤੇ ਦਲੇਰੀ ਦਾ ਖ਼ਿਆਲ ਪੈਦਾ ਕੀਤਾ। ਇਸ ਦਲੇਰੀ ਦੇ ਖ਼ਿਆਲ ਦੇ ਅਸਰ ਹੇਠ ਅਸੀਂ ਉਠ ਕੇ ਸੱਪ ਨੂੰ ਮਾਰ ਸੁਟਿਆ। ਇਸ ਤੋਂ ਮਨ ਦਾ ਇਕ ਬੜਾ ਭਾਰਾ ਗੁਣ ਸਿਧ ਹੁੰਦਾ ਹੈ ਕਿ ਮਨ ਜੇ ਚਾਹੇ ਤਾਂ ਸੰਸਾਰ ਦੀਆਂ ਸਭ ਘਟਨਾਵਾਂ ਜਾਂ ਚੀਜ਼ਾਂ ਨੂੰ ਆਪਣੇ ਉਤੇ ਅਸਰ ਕਰਨ ਦੇਂਦਾ ਹੈ, ਜੇ ਚਾਹੇ ਤਾਂ ਅਸਰ ਨਹੀਂ ਵੀ ਕਰਨ ਦੇਂਦਾ ਅਤੇ ਆਪਣੇ ਅੰਦਰੋਂ ਹੋਰ ਖ਼ਿਆਲ ਜਾਂ ਸੰਕਲਪ ਪੈਦਾ ਕਰਕੇ ਬਾਹਰ ਦੀਆਂ ਘਟਨਾਵਾਂ ਦੇ ਅਸਰ ਨੂੰ ਕਮਜ਼ੋਰ ਜਾਂ ਜ਼ਾਇਲ ਕਰ ਸਕਦਾ ਹੈ।





ਇਥੇ ਇਕ ਗਲ ਹੋਰ ਸਮਝਣੀ ਜ਼ਰੂਰੀ ਹੈ। ਮਨ ਉਤੇ ਸੰਕਲਪ ਜਾਂ ਖ਼ਿਆਲ ਜੋ ਪ੍ਰਭਾਵ ਪੈਦਾ ਕਰਦੇ ਹਨ ਉਹਨਾਂ ਦਾ ਅਸਰ ਸਰੀਰ ਉਤੇ ਪੈਦਾ ਹੈ। ਸਪ ਨੂੰ ਵੇਖਕੇ ਪਹਿਲੇ ਮਨ ਡਰਦਾ ਹੈ, ਫੇਰ ਡਰ ਦਾ ਅਸਰ ਤਨ ਜਾਂ ਸਰੀਰ ਉਤੇ ਪੈਦਾ ਹੈ ਅਤੇ ਸਰੀਰ ਵੀ ਕੰਬਣ ਲਗ ਜਾਂਦਾ ਹੈ। ਸਰੀਰ ਅਪਣੇ ਆਪ ਵਿਚ ਬੇਜਾਨ ਚੀਜ਼ ਹੈ, ਇਸ ਨੂੰ ਅਪਣੇ ਆਪ ਡਰ ਆ ਨਹੀਂ ਸਕਦਾ ਪਰ ਜਦ ਮਨ ਡਰੇ ਤਾਂ ਉਸ ਡਰ ਦਾ ਅਸਰ ਸਰੀਰ ਉਤੇ ਪੈਂਦਾ ਹੈ ਤੇ ਸਰੀਰ ਵਿਚ ਕਈ ਤਬਦੀਲੀਆਂ ਪੈਦਾ ਕਰਦਾ ਹੈ। ਸਪ ਤੋਂ ਡਰਨ ਵਾਲੇ ਆਦਮੀ ਦੇ ਮੂੰਹ ਤੇ ਜ਼ਰਦੀ ਆ ਜਾਵੇਗੀ, ਹਥ ਪੈਰ ਕੰਬਣ ਲਗ ਜਾਣਗੇ, ਦਿਲ ਦੀ ਧੜਕਣ ਵਧ ਜਾਵੇਗੀ। ਇਹ ਸਭ ਕੁਝ ਇਸ ਲਈ ਹੁੰਦਾ ਹੈ ਕਿ ਮਨ ਡਰ ਰਿਹਾ ਹੈ ਅਤੇ ਅਪਣਾ ਅਸਰ ਸਰੀਰ ਉਤੇ ਪਾ ਰਿਹਾ ਹੈ। ਜਦ ਸੱਪ ਦਾ ਡਰ ਮਨ ਤੋਂ ਹਟ ਜਾਵੇ ਤਾਂ ਸਰੀਰ ਆਪੇ ਹੀ ਅਸਲੀ ਹਾਲਤ ਵਿਚ ਆ ਜਾਂਦਾ ਹੈ। ਸਰੀਰ ਇਕ ਤਰ੍ਹਾਂ ਮਨ ਦਾ ਨੌਕਰ ਹੈ ਜਿਵੇਂ ਮਨ ਹੁਕਮ ਦੇਵੇ, ਸਰੀਰ ਨੂੰ ਉਸੇ ਤਰ੍ਹਾਂ ਕਰਨਾ ਪੈਂਦਾ ਹੈ। ਸਰੀਰ ਆਪਣੇ ਆਪ ਵਿਚ ਜੜ੍ਹ ਵਸਤੂ ਹੈ ਅਤੇ ਮਨ ਦੇ ਅਧੀਨ ਹੈ।

"ਸਰਬ ਰੋਗ" ਆਦਮੀ ਦੇ ਮਨ ਉਤੇ ਹਮਲਾ ਕਰਕੇ ਮਨ ਵਿਚ ਡਰ, ਬੀਮਾਰੀ, ਚਿੰਤਾ ਦੇ ਖਿਆਲ ਪੈਦਾ ਕਰਦੇ ਹਨ। ਇਹਨਾਂ ਖਿਆਲਾਂ ਤੋਂ ਖਿਆਲੀ ਤਸਵੀਰਾਂ ਬਣਦੀਆਂ ਹਨ। ਇਹ ਖਿਆਲ ਜਾਂ ਖਿਆਲੀ ਤਸਵੀਰਾਂ ਤਨ ਤੇ ਅਸਰ ਪਾਂਦੀਆਂ ਹਨ। ਜਿਤਨਾ ਮਨ ਕਮਜ਼ੋਰ ਹੋਵੇ ਉਤਨਾ ਉਸ ਤੇ 'ਸਰਬ ਰੋਗ' ਦਾ ਵਧੇਰੇ ਅਤੇ ਜਲਦੀ ਅਸਰ ਹੋਵੇਗਾ। ਜਿਤਨਾ ਮਨ ਮਜ਼ਬੂਤ ਹੋਵੇ, ਉਤਨਾ ਉਸ ਉਤੇ 'ਸਰਬ ਰੋਗ' ਦਾ ਘਟ ਅਸਰ ਹੋਵੇਗਾ। ਮਨ ਕਮਜ਼ੋਰ-ਉਹ ਹੁੰਦਾ ਹੈ, ਜਿਹੜਾ 'ਸਰਬ ਰੋਗ' ਦੇ ਅਸਰ ਨੂੰ ਆਪਣੇ

ਉਤੇ ਛੋਟੀ ਅਤੇ ਸਾਫ ਤੌਰ ਤੇ ਪੈਣ ਦੇਵੇ, ਆਪਣੇ ਵਿਚੋਂ ਸੇਹਤ ਅਤੇ ਨਿਰਭੈਤਾ ਦੀਆਂ 'ਸਰਬ ਰੋਗ' ਦੇ ਉਲਟ ਖਿਆਲ ਤਰੰਗਾਂ ਪੈਦਾ ਨਾ ਕਰ ਸਕੇ। ਮਜ਼ਬੂਤ ਮਨ ਉਹ ਹੁੰਦਾ ਹੈ, ਜਿਹੜਾ 'ਸਰਬ ਰੋਗ' ਦੀਆਂ ਖਿਆਲੀ ਤਸਵੀਰਾਂ ਨੂੰ ਆਪਣੇ ਅੰਦਰ ਬਨਣ ਹੀ ਨਾ ਦੇਵੇ ਜਾਂ ਬੜਾ ਮੱਧਮ ਬਨਣ ਦੇਵੇ ਅਤੇ 'ਸਰਬ ਰੋਗ' ਦੇ ਉਲਟ ਆਪਣੇ ਵਿਚੋਂ ਸੇਹਤ ਅਤੇ ਨਿਰਭੈਤਾ ਦੀਆਂ ਖਿਆਲ ਤਰੰਗਾਂ ਪੈਦਾ ਕਰਕੇ ਸਰਬ ਰੋਗ ਦੀਆਂ ਖਿਆਲੀ ਤਰੰਗਾਂ ਨੂੰ ਜ਼ਾਇਲ ਕਰ ਦੇਵੇ।

ਮਨ ਪਾਸ ਆਪਣੇ ਵਿਚੋਂ ਬੁਰੀਆਂ ਖਿਆਲ ਤਰੰਗਾਂ ਜਾਂ ਖਿਆਲੀ ਤਸਵੀਰਾਂ ਨੂੰ ਰੋਕਣ ਜਾਂ ਬੰਦ ਕਰਨ ਦਾ ਇਕ ਹੀ ਸਾਧਨ ਹੈ ਅਤੇ ਉਹ ਹੈ ਬੁਰੀਆਂ ਖਿਆਲ ਤਰੰਗਾਂ ਦੇ ਉਲਟ ਚੰਗੀਆਂ ਖਿਆਲ ਤਰੰਗਾਂ ਪੈਦਾ ਕਰਨਾ। ਮਨ ਵਿਚ ਇਕ ਵੇਲੇ ਇਕ ਹੀ ਖਿਆਲ ਤਰੰਗ ਪੈਦਾ ਹੋ ਸਕਦੀ ਹੈ ਭਾਵੇਂ ਚੰਗੀ ਭਾਵੇਂ ਮਾੜੀ। ਇਸ ਕਰਕੇ ਜਿਤਨਾ ਚਿਰ ਮਨ ਚੰਗੀ ਖਿਆਲ ਤਰੰਗ ਪੈਦਾ ਕਰ ਸਕਦਾ ਹੈ ਉਤਨਾ ਚਿਰ ਉਸ ਵਿਚ ਮਾੜੀ ਖਿਆਲ ਤਰੰਗ ਪੈਦਾ ਨਹੀਂ ਹੋ ਸਕਦੀ। ਜੋ ਖਿਆਲ ਤਰੰਗ ਮਨ ਵਿਚ ਜ਼ਿਆਦਾ ਦੇਰ ਉਪਜਦੀ ਰਹੇ ਉਸਦਾ ਤਨ ਉਤੇ ਅਸਰ ਜ਼ਿਆਦਾ ਹੋਵੇਗਾ। ਖਿਆਲ ਤਰੰਗ ਮਨ ਵਿਚੋਂ ਉਤਪੰਨ ਹੋ ਕੇ ਕੇਵਲ ਸਰੀਰ ਉਤੇ ਹੀ ਅਸਰ ਨਹੀਂ ਪਾਉਂਦੀ ਸਗੋਂ ਉਸ ਮਨ ਨਾਲ ਸੰਬੰਧ ਰਖਣ ਵਾਲੀ ਸਾਰੀ ਸ੍ਰਿਸ਼ਟੀ ਤੇ ਅਸਰ ਪਾਉਂਦੀ ਹੈ। ਜਿਸ ਆਦਮੀ ਦੇ ਮਨ ਵਿਚ ਖੁਸ਼ੀ ਦੀਆਂ ਖ਼ਿਆਲ ਤਰੰਗਾਂ ਹੀ ਸਦਾ ਪੈਦਾ ਹੋਣ, ਉਸ ਆਦਮੀ ਦਾ ਸਰੀਰ ਹੀ ਨਿਰਾ ਖੁਸ਼ ਨਹੀਂ ਰਹੇਗਾ ਸਗੋਂ ਉਸ ਆਦਮੀ ਦੀ ਦੁਨੀਆਂ ਵਿਚ ਹਰ ਪਾਸੇ ਖੁਸ਼ੀ ਹੀ ਖੁਸ਼ੀ ਨਜ਼ਰ ਆਵੇਗੀ। ਉਹ ਆਦਮੀ ਆਪਣੇ ਰਿਸ਼ਤੇਦਾਰਾਂ ਦੋਸਤਾਂ ਨੂੰ ਆਪਣੀ





ਸੰਗਤ ਨਾਲ ਸਦਾ ਖੁਸ਼ ਰਖੇਗਾ ਅਤੇ ਦੂਸਰਿਆਂ ਦੇ ਜੀਵਨ ਵਿਚ ਖੁਸ਼ੀ ਲਿਆਵੇਗਾ।

ਉਕਤ ਵਿਚਾਰ ਅਨੁਸਾਰ ਸਰਬ ਰੋਗ ਤੋਂ ਬਚਣ ਵਾਸਤੇ ਸਰਬ ਰੋਗ ਦਾ ਇਲਾਜ ਮਨ ਵਿਚ ਸਰਬ ਰੋਗ ਦੇ ਮੁਕਾਬਲੇ ਵਿਚ ਅਤੇ ਸਰਬ ਰੋਗ ਦੇ ਉਲਟ ਐਸੀਆਂ ਚੰਗੀਆਂ ਅਤੇ ਪਵਿਤਰ ਖ਼ਿਆਲ ਤਰੰਗਾਂ ਪੈਦਾ ਕਰਨਾ ਹੈ ਜਿਹੜੀਆਂ ਮਨ ਨੂੰ ਸਦਾ ਇਤਨੇ ਖੇੜੇ ਤੇ ਚੜ੍ਹਦੀ ਕਲਾ ਵਿਚ ਰਖਣ ਕਿ 'ਸਰਬ ਰੋਗ' ਦੀਆਂ ਮਾੜੀਆਂ ਖ਼ਿਆਲ ਤਰੰਗਾਂ ਨੂੰ ਮਨ ਵਿਚ ਪੈਦਾ ਹੋਣ ਅਤੇ ਆਪਣਾ ਰੰਗ ਚਾੜ੍ਹਨ ਜਾਂ ਅਸਰ ਕਰਨ ਦਾ ਮੌਕਾ ਹੀ ਨ ਮਿਲੇ। ਏਥੇ ਇਹ ਸਵਾਲ ਪੈਦਾ ਹੋਵੇਗਾ ਕਿ ਐਸੀ ਕਿਹੜੀ ਚੀਜ਼ ਹੈ, ਜਿਸ ਦਾ ਮਨ ਉਤੇ ਇਤਨਾ ਪਵਿੱਤਰ, ਖੇੜੇ ਤੇ ਚੜ੍ਹਦੀ ਕਲਾ ਵਾਲਾ ਅਸਰ ਹੋਵੇ ਕਿ ਜਿਸਦੇ ਮੁਕਾਬਲੇ 'ਸਰਬ ਰੋਗ' ਦੀਆਂ ਮਾੜੀਆਂ ਖ਼ਿਆਲ ਤਰੰਗਾਂ ਮਨ ਵਿਚ ਅਵਲ ਤਾਂ ਉਪਜਣ ਹੀ ਨਾ ਪਰ ਜੇ ਉਪਜਣ ਵੀ ਤਾਂ ਫੌਰਨ ਰੁਕ ਜਾਣ ਜਾਂ ਬੰਦ ਹੋ ਜਾਣ।

ਇਸ ਸਵਾਲ ਦਾ ਜਵਾਬ ਗੁਰੂ ਗਰੰਥ ਜੀ ਨੇ ਇਸ ਪ੍ਰਕਾਰ ਦਿਤਾ ਹੈ -

*ਸੋ ਐਸਾ ਹਰਿਨਾਮੁ ਧਿਆਈਐ ਮਨ ਮੇਰੇ*
*ਜੋ ਸਭਨਾ ਉਪਰਿ ਹੁਕਮੁ ਚਲਾਏ ॥*
*ਸੋ ਐਸਾ ਹਰਿਨਾਮੁ ਜਪੀਐ ਮਨ ਮੇਰੇ*
*ਜੋ ਅੰਤੀ ਅਉਸਰਿ ਲਏ ਛਡਾਏ ॥*
*ਸੋ ਐਸਾ ਹਰਿਨਾਮੁ ਜਪੀਐ ਮਨ ਮੇਰੇ*
*ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥*
*ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ*
*ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ ॥*

*ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ*
*ਸਭਿ ਨਾਵੈ ਅਗੈ ਆਣਿ ਨਿਵਾਏ॥* *ਅੰਗ - 89*

ਗੁਰੂ ਅਰਜਨ ਦੇਵ ਜੀ ਉਕਤ ਮਹਾਂਵਾਕ ਦੁਆਰਾ ਇਨਸਾਨ ਦੇ ਮਨ ਨੂੰ ਸਰਬ ਰੋਗਾਂ ਤੋਂ ਬਚਣ ਦਾ ਐਸਾ ਸਹਿਲ ਤੇ ਚੰਗਾ ਤਰੀਕਾ ਦਸ ਰਹੇ ਹਨ ਕਿ ਜੇ ਇਸ ਤਰੀਕੇ ਦਾ ਅਭਿਆਸ ਕੀਤਾ ਜਾਵੇ ਤਾਂ ਇਨਸਾਨ ਦਾ ਮਨ ਸਦਾ ਲਈ 'ਸਰਬ ਰੋਗ' ਤੋਂ ਛੁਟਕਾਰਾ ਪਾ ਸਕਦਾ ਹੈ। ਜਦ ਵਾਹਿਗੁਰੂ ਦਾ ਨਾਮ ਲੀਤਾ ਜਾਵੇ ਤਾਂ ਮਨ ਵਿਚ ਗੁਰੂ ਗਰੰਥ ਜੀ ਅੰਦਰ ਦਸੀਆਂ ਸਿਫਤਾਂ ਵਾਲੀ ਵਾਹਿਗੁਰੂ ਦੀ ਹਸਤੀ ਦੀ ਖ਼ਿਆਲੀ ਤਸਵੀਰ ਬਣਦੀ ਹੈ ਅਤੇ ਮਨ ਉਤੇ ਆਪਣਾ ਅਸਰ ਚੜ੍ਹਾਉਂਦੀ ਹੈ ਕਿਉਂਕਿ ਵਾਹਿਗੁਰੂ ਜੀ ਵਿਚ ਪਾਪ, ਬੀਮਾਰੀ ਦੁਖ ਤੇ ਮੌਤ ਨਹੀਂ। ਇਸ ਲਈ ਇਕਾਗ੍ਰਤਾ ਤੇ ਦ੍ਰਿੜਤਾ ਨਾਲ ਨਾਮ ਜਪਣ ਵਾਲੇ ਮਨ ਵਿਚੋਂ ਪਾਪ, ਦੁਖ, ਬੀਮਾਰੀ, ਤੇ ਮੌਤ ਦੇ ਖ਼ਿਆਲ ਆਉਣੇ ਅਤੇ ਖ਼ਿਆਲੀ ਤਸਵੀਰਾਂ ਬਨਣੀਆਂ ਮੱਧਮ ਹੁੰਦੀਆਂ ਹੁੰਦੀਆਂ ਅਖੀਰ ਵਿਚ ਉਕੀਆਂ ਬੰਦ ਹੋ ਜਾਂਦੀਆਂ ਹਨ। ਵਾਹਿਗੁਰੂ ਦੇ ਨਾਮ ਜਾਪ ਦਾ ਲਗਾਤਾਰ ਅਭਿਆਸ ਕਰਨ ਨਾਲ ਜਿਥੇ ਮਾੜੀਆਂ ਖ਼ਿਆਲ ਤਰੰਗਾਂ (ਪਾਪ, ਦੁਖ, ਬੀਮਾਰੀ ਅਤੇ ਮੌਤ) ਹੌਲੀ ਹੌਲੀ ਮੱਧਮ ਪੈਂਦੀਆਂ ਪੈਂਦੀਆਂ ਜਿਥੇ ਬੰਦ ਹੋ ਜਾਂਦੀਆਂ ਹਨ, ਉਥੇ ਵਾਹਿਗੁਰੂ ਜੀ ਦੀਆਂ ਸਿਫਤਾਂ, ਨਿਰਭੈਤਾ, ਪ੍ਰੇਮ, ਹਮਦਰਦੀ, ਬੇਪ੍ਰਵਾਹੀ, ਖ਼ੁਸ਼ੀ, ਆਨੰਦ, ਅਮੀਰੀ, ਸਿਹਤ ਤੇ ਸਦੀਵੀ ਜੀਵਨ ਮਨ ਵਿਚ ਹੌਲੀ ਹੌਲੀ ਪ੍ਰਵੇਸ਼ ਹੁੰਦੀਆਂ ਹੁੰਦੀਆਂ ਸਦੀਵੀ ਜਾਂ ਹਮੇਸ਼ਾਂ ਲਈ ਮਨ ਦੀ ਪੱਕੀ ਅਵਸਥਾ ਬਣ ਜਾਂਦੀਆਂ ਹਨ ਜਾਂ ਮਨ ਵਾਹਿਗੁਰੂ ਰੂਪ ਹੋ ਜਾਂਦਾ ਹੈ। ਮਨ ਦੀ ਉਤੇ ਦਸੀ ਆਦਤ ਜਾਂ ਫਿਤਰਤ ਨੂੰ ਸਮਝ ਕੇ ਗੁਰੂ ਨਾਨਕ ਅਤੇ ਹੋਰ ਗੁਰੂ ਸਾਹਿਬਾਨ ਨੇ ਮਨ ਨੂੰ ਸਰਬ ਰੋਗਾਂ ਤੋਂ





ਛੁਟਕਾਰਾ ਦਿਵਾਣ ਲਈ 'ਨਾਮ' ਜਾਪ ਦਾ ਇਲਾਜ ਦਾਰੂ ਲਭਿਆ ਸੀ।

ਉਕਤ ਵਿਚਾਰ ਦੀ ਰੌਸ਼ਨੀ ਵਿਚ ਦੇਖਿਆਂ ਹੇਠ ਲਿਖੇ ਗੁਰੂ ਗਰੰਥ ਸਾਹਿਬ ਜੀ ਦੇ ਮਹਾਂਵਾਕ ਨਾਮ ਨੂੰ ਸਰਬ ਰੋਗਾਂ ਦਾ ਵਿਗਿਆਨਕ ਇਲਾਜ ਸਿਧ ਕਰਨ ਵਿਚ ਸਹਾਇਤਾ ਕਰਨਗੇ।

*ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ॥*
*ਅੰਗ - 44*

*ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥*
*ਅੰਗ - 44*

*ਤਿਸਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ॥*
*ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ॥*
*ਅੰਗ - 44*

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥* *ਅੰਗ - 70*

*ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥*
*ਦਮੜਾ ਪਲੈ ਨ ਪਵੈ ਨਾ ਕੋ ਦੇਵੈ ਧੀਰ॥*
*ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥*
*ਅੰਗ - 70*

*ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ॥*
*ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ॥*
*ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ॥*

ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ॥
ਅੰਗ - 70

ਨਾਮ ਅਉਖਧੁ ਮੋ ਕਉ ਸਾਧੂ ਦੀਆ॥
ਕਿਲਬਿਖ ਕਾਟੇ ਨਿਰਮਲੁ ਥੀਆ॥
ਅਨਦੁ ਭਇਆ ਨਿਕਸੀ ਸਭ ਪੀਰਾ
ਸਗਲ ਬਿਨਾਸੇ ਦਰਦਾ ਜੀਉ॥ ਅੰਗ - 101

ਦੂਖੁ ਦਰਦੁ ਭਰਮੁ ਭਉ ਨਸਿਆ॥
ਕਰਣਹਾਰੁ ਨਾਨਕ ਮਨਿ ਬਸਿਆ॥ ਅੰਗ - 189

ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ॥ ਅੰਗ - 197

ਰਾਮ ਨਾਮੁ ਨਿਤ ਰਸਨ ਬਖਾਨ॥
ਬਿਨਸੇ ਰੋਗ ਭਏ ਕਲਿਆਨ॥ ਅੰਗ - 200

ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ॥
ਸੀਤਲ ਸਾਂਤਿ ਸੁਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ॥
ਅੰਗ - 210

ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ॥
ਅੰਗ - 249

ਕਾਲੁ ਕਟੰਕੁ ਲੋਭੁ ਮੋਹੁ ਨਾਸੈ ਜੀਅ ਜਾ ਕੈ ਪ੍ਰਭੁ ਬਸੈ॥
ਅੰਗ - 249

ਨੰਨਾ ਨਰਕਿ ਪਰਹਿ ਤੇ ਨਾਹੀ॥
ਜਾ ਕੈ ਮਨਿ ਤਨਿ ਨਾਮੁ ਬਸਾਹੀ॥ ਅੰਗ - 257

ਨਾਮ ਅਉਖਧੁ ਜਿਹ ਰਿਦੈ ਹਿਤਾਵੈ॥
ਤਾਹਿ ਰੋਗੁ ਸੁਪਨੈ ਨਹੀ ਆਵੈ॥ ਅੰਗ - 259

ਅਉਖਧੁ ਖਾਇਓ ਹਰਿ ਕੋ ਨਾਉ॥
ਸੁਖ ਪਾਏ ਦੂਖ ਬਿਨਸਿਆ ਥਾਉ॥ ਅੰਗ - 378





ਤਾਪੁ ਗਇਆ ਬਚਨਿ ਗੁਰ ਪੂਰੇ॥
ਅਨਦੁ ਭਇਆ ਸਭਿ ਮਿਟੇ ਵਿਸੂਰੇ॥
ਜੀਅ ਜੰਤ ਸਗਲ ਸੁਖੁ ਪਾਇਆ॥
ਪਾਰਬ੍ਰਹਮ ਨਾਨਕ ਮਨਿ ਧਿਆਇਆ॥ ਅੰਗ - 378

ਹਰਿ ਜਨ ਸਿਮਰਹੁ ਹਿਰਦੈ ਰਾਮ॥
ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ॥
ਅੰਗ - 702

ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ॥
ਅੰਗ - 702

ਸਰਬ ਦੂਖ ਹਰਿ ਸਿਮਰਤ ਨਸੇ॥ ਅੰਗ - 802

# ਗਿਆਨ ਤੇ ਉਸ ਦੀ ਵਰਤੋਂ

ਗਿਆਨ ਭਾਵੇਂ ਕਿਸੇ ਕਿਸਮ ਦਾ ਹੋਵੇ, ਜਦ ਤਕ ਉਸ ਨੂੰ ਵਰਤ ਕੇ ਨਤੀਜੇ ਪੈਦਾ ਨਾ ਕੀਤੇ ਜਾਣ, ਕਿਸੇ ਕੰਮ ਦਾ ਨਹੀਂ ਹੁੰਦਾ। ਗਿਆਨ ਨੂੰ ਹਾਸਲ ਕਰਨਾ ਹੋਰ ਗਲ ਹੈ ਅਤੇ ਗਿਆਨ ਨੂੰ ਵਰਤਣ ਤੇ ਵਰਤ ਕੇ ਨਤੀਜੇ ਕਢਣੇ ਹੋਰ ਗਲ ਹੈ। ਜੇ ਕੋਈ ਬਿਜਲੀ ਦੇ ਗਿਆਨ ਜਾਂ ਅਸੂਲਾਂ ਨੂੰ ਕਿਤਾਬਾਂ ਪੜ੍ਹ ਕੇ ਜਾਂ ਪ੍ਰੋਫੈਸਰ ਤੋਂ ਸੁਣ ਕੇ ਸਮਝ ਲਵੇ, ਪਰ ਉਸ ਗਿਆਨ ਨੂੰ ਵਰਤੇ ਨਾ, ਤਾਂ ਉਸਦਾ ਬਿਜਲੀ ਸੰਬੰਧੀ ਕੇਵਲ ਗਿਆਨ ਉਸ ਨੂੰ ਕੋਈ ਲਾਭ ਨਹੀਂ ਪੁਚਾ ਸਕਦਾ। ਅਗਰ ਬਿਜਲੀ ਦੇ ਅਸੂਲਾਂ ਨੂੰ ਸਮਝਣ ਵਾਲਾ ਪ੍ਰੋਫੈਸਰ ਵੀ ਉਹਨਾਂ ਅਸੂਲਾਂ ਨੂੰ ਦੂਸਰੇ ਲੋਕਾਂ ਨੂੰ ਤਾਂ ਚੰਗੀ ਤਰ੍ਹਾਂ ਸਮਝਾਂਦਾ ਰਹੇ, ਬਿਜਲੀ ਸੰਬੰਧੀ ਬੜੇ ਵਾਕਫੀਅਤ ਭਰੇ ਲੈਕਚਰ ਦੇਂਦਾ ਰਹੇ ਪਰ ਬਿਜਲੀ ਦੇ ਅਸੂਲਾਂ ਨੂੰ ਆਪ ਵਰਤੋਂ ਵਿਚ ਨਾ ਲਿਆਵੇ ਤਾਂ ਬਿਜਲੀ ਦੇ ਅਸੂਲ ਉਸਦਾ ਏਸ ਵਾਸਤੇ ਲਿਹਾਜ਼ ਨਹੀਂ ਕਰਨਗੇ ਕਿ ਉਸ ਨੂੰ ਬਿਜਲੀ ਦੇ ਅਸੂਲਾਂ ਦਾ ਗਿਆਨ ਹੈ ਅਤੇ ਉਹ ਅਸੂਲਾਂ ਦਾ ਚੰਗੀ ਤਰ੍ਹਾਂ ਪਰਚਾਰ ਕਰ ਸਕਦਾ ਹੈ। ਬਿਜਲੀ ਦਾ ਗਿਆਨ ਕੇਵਲ ਉਸੇ ਆਦਮੀ ਨੂੰ ਲਾਭ ਪੁਚਾ ਸਕਦਾ ਹੈ ਜਿਹੜਾ ਉਸ ਗਿਆਨ ਨੂੰ ਵਰਤੋਂ ਵਿਚ ਲਿਆਵੇ ਅਤੇ ਉਹਨਾਂ ਤੋਂ ਨਤੀਜੇ ਪੈਦਾ ਕਰੇ।





ਇਕ ਆਦਮੀ ਆਪ ਤਾਂ ਬਿਜਲੀ ਦੇ ਅਸੂਲਾਂ ਤੋਂ ਚੰਗਾ ਜਾਣੂ ਨਹੀਂ ਪਰ ਉਸ ਨੂੰ ਇਹ ਪਤਾ ਲਗ ਜਾਵੇ ਕਿ ਬਿਜਲੀ ਦੇ ਨਿਯਮ ਕਿਸੇ ਦੀ ਮਲਕੀਅਤ ਨਹੀਂ, ਜਿਹੜਾ ਉਹਨਾਂ ਨੂੰ ਠੀਕ ਵਰਤੇ ਉਹ ਉਸੇ ਦਾ ਭਲਾ ਕਰਦੇ ਹਨ ਅਤੇ ਬਿਜਲੀ ਮਿਸਤਰੀ ਨੂੰ ਬੁਲਾ ਕੇ ਆਪਣੇ ਘਰ ਵਿਚ ਬਿਜਲੀ ਦੀਆਂ ਤਾਰਾਂ ਲਗਵਾ ਲਵੇ ਤਾਂ ਬਿਜਲੀ ਉਸਦਾ ਘਰ ਉਸੇ ਤਰ੍ਹਾਂ ਰੋਸ਼ਨ ਕਰੇਗੀ, ਉਹਦੇ ਪਖੇ ਉਸੇ ਤਰ੍ਹਾਂ ਚਲਾਵੇਗੀ ਜਿਵੇਂ ਕਿ ਬਿਜਲੀ ਮਿਸਤਰੀ ਦੇ ਘਰ ਰੋਸ਼ਨੀ ਕਰਦੀ ਤੇ ਪਖੇ ਚਲਾਂਦੀ ਹੈ। ਜੇਕਰ ਬਿਜਲੀ ਮਿਸਤਰੀ ਚਾਹੇ ਕਿ ਕਿਉਂਕਿ ਉਹ ਬਿਜਲੀ ਸੰਬੰਧੀ ਬਹੁਤ ਕੁਝ ਜਾਣਦਾ ਹੈ ਅਤੇ ਹਮੇਸ਼ਾਂ ਬਿਜਲੀ ਦੇ ਗੁਣਾਂ ਦਾ ਪਰਚਾਰ ਕਰਦਾ ਹੈ, ਇਸ ਵਾਸਤੇ ਉਹ ਆਪਣੇ ਘਰ ਵਿਚ ਬਿਜਲੀ ਦੇ ਨਿਯਮਾਂ ਦੀ ਕਿਸੇ ਤਰ੍ਹਾਂ ਉਲੰਘਣਾ ਵੀ ਕਰ ਲਵੇ ਤਾਂ ਬਿਜਲੀ ਉਸਦਾ ਲਿਹਾਜ਼ ਕਰੇ ਅਤੇ ਉਸਦੇ ਘਰ ਵਿਚ ਰੌਸ਼ਨੀ ਦੇਵੇ ਅਤੇ ਪਖੇ ਚਲਾਵੇ ਤਾਂ ਉਸਨੂੰ ਬਿਜਲੀ ਡਾਹਢਾ ਨਿਰਾਸ ਕਰੇਗੀ। ਬਿਜਲੀ ਦਾ ਗਿਆਨ ਉਸੇ ਆਦਮੀ ਨੂੰ ਲਾਭ ਪੁਚਾ ਸਕਦਾ ਹੈ ਜਿਹੜਾ ਉਸ ਗਿਆਨ ਨੂੰ ਠੀਕ ਵਰਤੋਂ ਵਿਚ ਲਿਆ ਸਕੇ। ਬਿਜਲੀ ਦਾ ਗਿਆਨ ਕਿਸੇ ਕੰਮ ਨਹੀਂ ਜਦ ਤਕ ਉਸ ਨੂੰ ਵਰਤ ਕੇ ਨਤੀਜੇ ਪੈਦਾ ਨਾ ਕੀਤੇ ਜਾਣ।

ਗਿਆਨ ਚਾਹੇ ਕਿਸੇ ਪ੍ਰਕਾਰ ਦਾ ਹੋਵੇ, ਵਰਤੇ ਬਗੈਰ ਨਤੀਜੇ ਨਹੀਂ ਕਢਦਾ। ਆਤਮਾ ਦਾ ਗਿਆਨ ਵੀ ਹੋਰ ਸਭ ਪ੍ਰਕਾਰ ਦੇ ਗਿਆਨ ਦੀ ਤਰ੍ਹਾਂ ਉਸੇ ਆਦਮੀ ਨੂੰ ਲਾਭ ਪੁਚਾ ਸਕਦਾ ਹੈ ਜਿਹੜਾ ਇਸ ਨੂੰ ਵਰਤੋਂ ਵਿਚ ਲਿਆ ਕੇ ਨਤੀਜੇ ਕਢੇ, ਐਵੇਂ ਕਿਸੇ ਕੰਮ ਦਾ ਨਹੀਂ। ਧਾਰਮਿਕ ਜਾਂ ਆਸਤਿਕ ਲੋਕਾਂ ਵਿਚ ਮੁਦਤ ਤੋਂ ਇਹ ਭੁਲੇਖਾ ਚਲਿਆ ਆਉਂਦਾ ਹੈ ਕਿ ਆਤਮਕ ਗਿਆਨ ਨੂੰ ਸਮਝਣਾ ਜਾਂ ਜਾਨਣਾ ਹੀ ਕਾਫੀ ਹੁੰਦਾ ਹੈ। ਆਮ ਕਰਕੇ ਧਾਰਮਕ ਲੋਕ ਆਤਮਕ ਗਿਆਨ ਨੂੰ ਹਰ ਰੋਜ਼ ਦੋਹਰਾਨਾ ਜਾਂ

ਆਤਮਕ ਗਿਆਨ ਦਾ ਰੋਜ਼ ਪਾਠ ਕਰਨਾ ਹੀ ਆਪਣੇ ਭਲੇ ਲਈ ਕਾਫੀ ਸਮਝਦੇ ਹਨ। ਪਵਿਤਰ ਅੰਜੀਲ, ਕੁਰਾਨ ਮਜੀਦ, ਵੇਦ ਸ਼ਾਸਤਰ, ਸ੍ਰੀ ਗੁਰੂ ਗਰੰਥ ਜੀ ਗਿਆਨ ਨਾਲ ਭਰਪੂਰ ਪਵਿਤਰ ਗ੍ਰੰਥ ਹਨ। ਇਹਨਾਂ ਗ੍ਰੰਥਾਂ ਦਾ ਰੋਜ਼ ਪਾਠ ਕਰਨ ਵਾਲੇ ਜਾਂ ਇਹਨਾਂ ਗ੍ਰੰਥਾਂ ਵਿਚ ਲਿਖੇ ਆਤਮਕ ਗਿਆਨ ਨੂੰ ਰੋਜ਼ ਦੋਹਰਾਨ ਵਾਲੇ ਅਗੱਰ ਕੇਵਲ ਪਾਠ ਕਰਨ ਨੂੰ ਹੀ ਕਾਫੀ ਸਮਝ ਲੈਣ ਤਾਂ ਉਹਨਾਂ ਦੀ ਇਸ ਤੋਂ ਵਧ ਹੋਰ ਬਦ-ਕਿਸਮਤੀ ਕੀ ਹੋ ਸਕਦੀ ਹੈ? ਗਿਆਨ ਨੂੰ ਕੇਵਲ ਸਮਝਣ ਅਤੇ ਰੋਜ਼ ਦੋਹਰਾਨ ਜਾਂ ਗਿਆਨ ਦੇ ਰੋਜ਼ਾਨਾ ਪਾਠ ਕਰਨ ਨੂੰ ਗਿਆਨ ਦੀ ਵਰਤੋਂ ਸਮਝ ਲੈਣ ਦੀ ਗਲਤੀ ਕੇਵਲ ਧਾਰਮਿਕ ਲੋਕਾਂ ਵਿਚ ਹੀ ਪਾਈ ਜਾਂਦੀ ਹੈ। ਬਹੁਤ ਧਾਰਮਿਕ ਲੋਕ ਗਿਰਜੇ ਵਿਚ ਜਾ ਕੇ ਬਾਈਬਲ ਸੁਨਣ ਸੁਨਾਣ, ਮਸੀਤ ਵਿਚ ਜਾ ਕੇ ਨਮਾਜ਼ ਪੜ੍ਹਨ, ਗੁਰਦੁਆਰੇ ਵਿਚ ਜਾ ਕੇ ਕੀਰਤਨ ਕਰਨ ਕਰਾਣ ਨੂੰ ਹੀ ਆਤਮਕ ਗਿਆਨ ਦੀ ਵਰਤੋਂ ਸਮਝੀ ਬੈਠੇ ਹਨ। ਭਾਵੇਂ ਦੁਨੀਆਂ ਦੇ ਹੋਰ ਮਜ਼ਹਬਾਂ ਦੇ ਬਹੁਤੇ ਪੈਰੋਕਾਰਾਂ ਦਾ ਇਹੀ ਹਾਲ ਹੈ ਪਰ ਕਿਉਂਕਿ ਅਸੀਂ ਸਿੱਖ ਧਰਮ ਨਾਲ ਸੰਬੰਧ ਰਖਦੇ ਹਾਂ, ਇਸ ਵਾਸਤੇ ਇਸ ਲੇਖ ਵਿਚ ਸਿੱਖ ਧਰਮ ਦੇ ਪੈਰੋਕਾਰਾਂ ਸੰਬੰਧੀ ਜ਼ਿਕਰ ਕਰਾਂਗੇ। ਸਿੱਖ ਕੌਮ ਵਿਚ ਕਿਸੇ ਚੰਗੇ ਪ੍ਰੇਮੀ ਗੁਰਸਿਖ ਨੂੰ ਪੁਛੋ ਕਿ ਉਹ ਗੁਰੂ ਨਾਨਕ ਸਾਹਿਬ ਦੀ ਤਾਲੀਮ ਨਾਲ ਕੀ ਸਲੂਕ ਕਰਦਾ ਹੈ, ਤਾਂ ਉਹ ਆਖੇਗਾ ਮੈਂ ਗੁਰੂ ਸਾਹਿਬ ਨੂੰ ਪੂਰਨ ਅਵਤਾਰ ਮੰਨਦਾ ਹਾਂ, ਉਹਨਾਂ ਦੀ ਬਾਣੀ (ਉਪਦੇਸ਼) ਨੂੰ ਮਹਾਂ ਪਵਿਤਰ ਸਮਝਦਾ ਹਾਂ, ਮੈਂ ਇਸ ਬਾਣੀ ਦਾ ਰੋਜ਼ ਸਵੇਰ ਵੇਲੇ ਉਠ ਕੇ ਪਾਠ ਕਰਦਾ ਹਾਂ। ਅਗਰ ਉਸ ਤੋਂ ਪੁਛੋ ਕਿ ਅਗੇ ਫੇਰ ਕੀ ਕਰਦਾ ਹੈਂ? ਤਾਂ ਉਹ ਤੁਹਾਡੇ ਮੂੰਹ ਵਲ ਤਕੇਗਾ ਤੇ ਆਖੇਗਾ ਕਿ ਬਸ, ਅਗੇ ਹੋਰ ਕੀ? ਗੁਰਬਾਣੀ ਦਾ ਰੋਜ਼ ਪਾਠ ਕਰਨ ਤੋਂ ਅਗੇ ਹੋਰ ਵਧੇਰੇ ਹੋ ਹੀ ਕੀ ਸਕਦਾ ਹੈ? ਸਿਖਾਂ ਦੇ ਅਜ ਕਲ੍ਹ ਦੇ





ਰਾਗੀਆਂ ਪਰਚਾਰਕਾਂ, ਗਿਆਨੀਆਂ, ਧਾਰਮਿਕ ਲੀਡਰਾਂ ਕੋਲੋਂ ਪੁਛੋ ਕਿ ਗੁਰਸਿੱਖਾਂ ਨੂੰ ਕੀ ਕਰਨਾ ਚਾਹੀਦਾ ਹੈ ਤਾਂ ਉਹ ਝਟ ਆਖਣਗੇ ਕਿ ਗੁਰਸਿਖ ਨੂੰ ਸਵੇਰੇ ਉਠਣਾ ਚਾਹੀਦਾ ਹੈ, ਅਸ਼ਨਾਨ ਕਰਨਾ ਚਾਹੀਦਾ ਹੈ, ਅਸ਼ਨਾਨ ਕਰਕੇ ਗੁਰੂ ਗਰੰਥ ਜੀ ਦਾ ਪਰਕਾਸ਼ ਕਰਨਾ ਚਾਹੀਦਾ ਹੈ ਅਤੇ ਫੇਰ ਗੁਰਬਾਣੀ ਦਾ ਕੀਰਤਨ ਜਾਂ ਪਾਠ ਕਰਨਾ ਚਾਹੀਦਾ ਹੈ। ਅਗਰ ਪੁਛੋ ਕਿ ਗੁਰਬਾਣੀ ਦੇ ਪਾਠ ਮਗਰੋਂ ਫੇਰ ਕੀ ਕਰਨਾ ਚਾਹੀਦਾ ਹੈ ਤਾਂ ਉਹ ਵੀ ਤੁਹਾਡੇ ਵਲ ਹੈਰਾਨੀ ਨਾਲ ਤਕਣਗੇ ਅਤੇ ਤੁਹਾਡਾ ਮਤਲਬ ਨਹੀਂ ਸਮਝਣਗੇ। ਇਸ ਦਾ ਕਾਰਨ ਇਹ ਹੈ ਕਿ ਸਿੱਖ ਧਰਮ ਵਿਚ ਵੀ ਗੁਰਉਪਦੇਸ਼ ਦੇ ਰੋਜ਼ ਦੋਹਰਾਨ ਨੂੰ, ਗੁਰਬਾਣੀ ਦੇ ਰੋਜ਼ਾਨਾ ਪਾਠ ਕਰਨ ਨੂੰ ਆਪਣੇ ਆਪ ਵਿਚ ਪੂਰੀ ਗਲ ਸਮਝਿਆ ਜਾਣ ਲਗ ਪਿਆ ਹੈ।

ਗਿਆਨ ਭਾਵੇਂ ਬਿਜਲੀ ਦਾ ਹੋਵੇ ਭਾਵੇਂ ਆਤਮਾ ਦਾ, ਬਗੈਰ ਵਰਤੋਂ ਵਿਚ ਲਿਆਏ ਨਤੀਜੇ ਪੈਦਾ ਨਹੀਂ ਕਰਦਾ। ਜੇਕਰ ਬਿਜਲੀ ਦੇ ਅਸੂਲਾਂ ਨੂੰ ਰੋਜ਼ਾਨਾ ਦੋਹਰਾਨ ਨਾਲ, ਬਿਜਲੀ ਦੀ ਪੁਸਤਕ ਨੂੰ ਰੋਜ਼ ਪੜ੍ਹਨ ਨਾਲ, ਪੜ੍ਹਨ ਵਾਲੇ ਦੇ ਘਰ ਵਿਚ ਰੌਸ਼ਨੀ ਨਹੀਂ ਹੋ ਸਕਦੀ ਤਾਂ ਸੁਖਮਨੀ ਜੀ ਦੇ, ਆਸਾ ਦੀ ਵਾਰ ਦੇ ਕੇਵਲ ਪਾਠ ਕੀਤਿਆਂ ਉਹ ਨਤੀਜੇ ਪੈਦਾ ਨਹੀਂ ਹੋ ਸਕਦੇ ਜਿਹੜੇ ਨਤੀਜੇ ਸਿੱਖ ਦੇ ਜੀਵਨ ਵਿਚ ਪੈਦਾ ਕਰਨ ਦਾ ਗੁਰੂ ਨਾਨਕ ਦੀ ਤਾਲੀਮ ਨੂੰ ਦਾਅਵਾ ਹੈ।

ਗੁਰੂ ਨਾਨਕ ਸਾਹਿਬ ਦੀ ਤਾਲੀਮ ਦਾ ਦਾਅਵਾ ਹੈ ਕਿ ਉਸ ਨੂੰ ਸਮਝ ਕੇ ਕਮਾਣ ਜਾਂ ਵਰਤੋਂ ਵਿਚ ਲਿਆਉਣ ਵਾਲੇ ਪੁਰਸਾਂ ਦੇ ਜੀਵਨ ਵਿਚ ਡਰ, ਚਿੰਤਾ, ਰੋਗ, ਬਿਮਾਰੀ, ਸੰਤਾਪ, ਥੋੜ, ਗਰੀਬੀ, ਪਾਪ ਤੇ ਮੌਤ ਦੀ ਕੋਈ ਜਗ੍ਹਾਂ ਨਹੀਂ ਰਹੇਗੀ ਅਤੇ ਨਿਰਭੈਤਾ, ਬੇਫਿਕਰੀ, ਸਿਹਤ, ਸ਼ਕਤੀ, ਖੁਸ਼ੀ, ਬੇਮੁਥਾਜੀ, ਅਮੀਰੀ, ਸਦੀਵੀ ਜ਼ਿੰਦਗੀ ਅਤੇ ਹੋਰ ਅਨੇਕਾਂ ਬਰਕਤਾਂ ਠਾਠਾਂ ਮਾਰਨਗੀਆਂ

ਪਰ ਦੇਖਿਆ ਇਹ ਜਾਂਦਾ ਹੈ ਕਿ ਗੁਰੂ ਨਾਨਕ ਦੇ ਸਿੱਖ ਘਰਾਂ ਵਿਚ ਆਮ ਤੌਰ ਤੇ ਉਹ ਨਤੀਜੇ ਪੈਦਾ ਨਹੀਂ ਹੋ ਰਹੇ ਜਿਨ੍ਹਾਂ ਦਾ ਇਕਰਾਰ ਗੁਰੂ ਨਾਨਕ ਦੀ ਤਾਲੀਮ ਕਰਦੀ ਹੈ। ਇਸ ਦਾ ਕੀ ਕਾਰਨ ਹੈ? ਦੀਰਘ ਵਿਚਾਰ ਕੀਤਿਆਂ ਸਾਨੂੰ ਅਫਸੋਸ ਨਾਲ ਇਸ ਨਤੀਜੇ ਤੇ ਅਪੜਨਾ ਪਵੇਗਾ ਕਿ ਸਿਖਾਂ ਵਿਚ ਗੁਰੂ ਨਾਨਕ ਦੀ ਤਾਲੀਮ ਜਾਂ ਗੁਰੂ ਨਾਨਕ ਦੇ ਆਤਮ ਗਿਆਨ ਦੀ ਇਜ਼ਤ ਤਾਂ ਹੈ, ਇਸ ਗਿਆਨ ਦਾ ਰੋਜ਼ਾਨਾ ਪਾਠ ਤਾਂ ਹੈ ਪਰ ਇਸ ਗਿਆਨ ਦੀ ਉਹ ਵਰਤੋਂ ਨਹੀਂ ਜਿਹੜੀ ਵਰਤੋਂ ਕਿ ਗਿਆਨ ਤੋਂ ਨਤੀਜੇ ਪੈਦਾ ਕਰਵਾਇਆ ਕਰਦੀ ਹੈ।

ਗੁਰੂ ਨਾਨਕ ਸਾਹਿਬ ਵਲੋਂ ਸੰਸਾਰ ਨੂੰ ਦਿਤੇ ਗਏ ਆਤਮ ਗਿਆਨ ਦੀ ਇਜ਼ਤ ਵੀ ਹੋਣੀ ਚਾਹੀਦੀ ਹੈ, ਇਸ ਦੇ ਰੋਜ਼ਾਨਾ ਪਾਠ ਵੀ ਹੋਣੇ ਚਾਹੀਦੇ ਹਨ, ਪਰ ਇਜ਼ਤ ਤੇ ਪਾਠਾਂ ਦੇ ਨਾਲ, ਇਸ ਗਿਆਨ ਦੀ ਸਿੱਖ ਜੀਵਨ ਵਿਚ ਵਰਤੋਂ ਦਾ ਹੋਣਾ ਅਤਿ ਜ਼ਰੂਰੀ ਹੈ। ਸਿੱਖ ਕੌਮ ਦਾ ਪਿਛਲਾ ਸ਼ਾਨਦਾਰ ਇਤਿਹਾਸ ਗੁਰੂ ਨਾਨਕ ਦੇ ਆਤਮ ਗਿਆਨ ਦੀ ਸਹੀ ਵਰਤੋਂ ਦਾ ਨਤੀਜਾ ਸੀ। ਇਸ ਆਤਮ ਗਿਆਨ ਨੂੰ ਕਮਾਣ ਨਾਲ ਆਉਣ ਵਾਲੇ ਸਮੇਂ ਵਿਚ ਉਹ ਨਤੀਜੇ ਪੈਦਾ ਹੋ ਸਕਦੇ ਹਨ ਜਿਨ੍ਹਾਂ ਦੇ ਸਾਹਮਣੇ ਸਿੱਖਾਂ ਦਾ ਪਿਛਲਾ ਇਤਿਹਾਸ ਇਕ ਅਰੰਭ ਜਾਂ ਮੁਢ ਹੀ ਨਜ਼ਰ ਆਵੇ।

ਗਿਆਨ ਦੀ ਇਜ਼ਤ ਤੇ ਸਤਿਕਾਰ ਕਰਨ ਜਾਂ ਗਿਆਨ ਦੀ ਪੂਜਾ ਕਰਨੀ ਕਿਉਂਕਿ ਆਸਾਨ ਹੈ, ਇਸ ਵਾਸਤੇ ਬਹੁਤੇ ਧਾਰਮਕ ਲੋਕ ਇਜ਼ਤ ਸਤਕਾਰ ਨੂੰ ਹੀ 'ਧਰਮ' ਸਮਝ ਲੈਂਦੇ ਹਨ। ਇਹ ਗਲਤੀ ਨਿਰੀ ਅੱਜ ਕਲ੍ਹ ਹੀ ਨਹੀਂ ਹੋ ਰਹੀ ਸਗੋਂ ਗੁਰੂ ਸਾਹਿਬ ਦੇ ਵੇਲੇ ਵੀ ਐਸੇ ਪੁਰਸ਼ ਮੌਜੂਦ ਸਨ ਜਿਹੜੇ ਗੁਰੂ ਉਪਦੇਸ਼ ਦੇ ਨਿਰੇ ਸਤਿਕਾਰ ਨੂੰ, ਗੁਰੂ ਉਪਦੇਸ਼ ਦੇ ਨਿਰੇ ਪਾਠਾਂ ਨੂੰ ਹੀ ਗੁਰਸਿਖੀ ਸਮਝਣ ਦੀ ਭੁਲ ਕਰਦੇ ਸਨ। ਉਸ ਵੇਲੇ ਐਸੇ ਭੁਲੜ ਗੁਰਸਿਖਾਂ





ਨੂੰ ਸੰਬੋਧਨ ਕਰਕੇ ਉਚਾਰਿਆ ਹੋਇਆ ਭਾਈ ਗੁਰਦਾਸ ਜੀ ਦਾ ਹੇਠ ਲਿਖਿਆ ਪ੍ਰਸਿਧ ਸਵੈਯਾ ਅੱਜ ਕਲ੍ਹ ਦੇ ਭੁਲੜ ਗੁਰਸਿੱਖਾਂ ਨੂੰ ਵੀ ਹਲੂਣੇ ਦੇ ਦੇ ਕੇ ਸਮਝਾ ਰਿਹਾ ਹੈ :

*ਪੂਛਤ ਪਥਕ ਤਹਿ ਮਾਰਗ ਨ ਧਰੈ ਪਗ*
*ਪ੍ਰੀਤਮ ਕੈ ਦੇਸ ਕੈਸੇ ਬਾਤਨ ਸਿਉ ਜਾਈਐ।*
*ਪੂਛਤ ਹੈ ਬੈਦ ਖਾਤ ਔਖਦ ਨ ਸੰਜਮ ਸੈ*
*ਕੈਸੇ ਮਿਟੇ ਰੋਗ ਸੁਖ ਸਹਿਜ ਸਮਾਈਐ।*
*ਪੂਛਤ ਸੁਹਾਗਨ ਕਰਮ ਹੈ ਦੁਹਾਗਨ ਕੈ*
*ਰਿਦੇ ਵਿਭਚਾਰ ਕਤ ਸਿਹਜਾ ਬੁਲਾਈਐ।*
*ਗਾਏ ਸੁਨੇ ਆਖੇਂ ਮੀਚੇ ਪਾਈਐ ਨਾ ਪਰਮਪਦ*
*ਗੁਰ ਉਪਦੇਸ਼ ਗਹਿ ਜਉ ਲਉ ਨਾ ਕਮਾਈਐ।*

ਜਿਵੇਂ ਨਿਰੇ ਰਸਤਾ ਪੁਛਣ ਨਾਲ, ਪ੍ਰੀਤਮ ਦੇ ਦੇਸ ਵਿਚ ਨਹੀਂ ਪਹੁੰਚ ਸਕਦੀ ਜਿਵੇਂ ਨਿਰੀ ਦਵਾ ਪੁਛਣ ਨਾਲ, ਐਪਰ ਪਰਹੇਜ਼ ਨਾਲ ਦਵਾ ਨਾ ਵਰਤਣ ਨਾਲ, ਰੋਗ ਨਹੀਂ ਮਿਟ ਸਕਦਾ, ਜਿਵੇਂ ਸੁਹਾਗਣ ਤੋਂ ਪਤੀ ਵਸ ਕਰਨ ਦੀ ਜਾਚ ਤਾਂ ਪੁਛਣ ਐਪਰ ਕੰਮ ਵਿਭਚਾਰਨ ਦੇ ਕਰਨ, ਇਸ ਨਾਲ ਪਤੀ ਵਸ ਨਹੀਂ ਹੋ ਸਕਦਾ, ਏਸੇ ਤਰ੍ਹਾਂ ਪਰਮਪਦ (ਪੂਰਨਤਾ) ਉਦੋਂ ਤਕ ਹਾਸਲ ਨਹੀਂ ਹੋ ਸਕਦੀ, ਜਦ ਤਕ ਗੁਰੂ ਉਪਦੇਸ਼ ਨੂੰ ਜੀਵਨ ਦੀ ਹਰ ਘਟਨਾ ਵਿਚ, ਜੀਵਨ ਦੀ ਰੋਜ਼ਾਨਾ ਵਰਤੋਂ ਵਿਚ ਲਿਆ ਕੇ ਕਮਾਇਆ ਨਾ ਜਾਵੇ।

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ॥*

*ਅੰਗ - 669*

# ਪਾਪ ਅਤੇ ਬਖਸ਼ਿਸ਼

ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਲਿਖਿਆ ਹੈ ਕਿ ਵਾਹਿਗੁਰੂ ਜੀ ਸਦਾ ਮਿਹਰਬਾਨ, ਦਿਆਲੂ ਅਤੇ ਬਖਸ਼ਿੰਦ ਹਨ। ਕਿਸੇ ਦੇ ਔਗੁਣਾਂ ਵਲ ਨਹੀਂ ਦੇਖਦੇ। ਜੋ ਵੀ ਹਜ਼ੂਰ ਦੀ ਸ਼ਰਨ ਆ ਜਾਵੇ ਉਸਦੇ ਗੁਣ ਅਵਗੁਣ ਨਾ ਵਿਚਾਰਦੇ ਹੋਏ ਉਸਦੀ ਸਹਾਇਤਾ ਕਰਦੇ ਹਨ ਅਤੇ ਉਸਦੇ ਸਰਬ ਕਾਰਜ ਰਾਸ ਕਰਦੇ ਹਨ।

*ਮਿਹਰਵਾਨੁ ਸਾਹਿਬੁ ਮਿਹਰਵਾਨੁ। ਸਾਹਿਬੁ ਮੇਰਾ ਮਿਹਰਵਾਨੁ।*
*ਅੰਗ - 724*

*ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ।*
*ਅੰਗ - 713*

*ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ।*
*ਅੰਗ - 784*

ਵਾਹਿਗੁਰੂ ਜੀ ਤੇ ਇਸ ਸੁਭਾਉ ਤੋਂ ਜਾਣੂ ਹੋ ਕੇ ਸਾਡੇ ਚਲਾਕ ਮਨ ਵਿਚ ਇਹ ਖਿਆਲ ਪੈਦਾ ਹੋ ਸਕਦਾ ਹੈ ਕਿ ਅਗਰ ਵਾਹਿਗੁਰੂ ਜੀ ਸਦਾ ਮਿਹਰਬਾਨ ਅਤੇ ਬਖਸ਼ਿੰਦ ਹਨ ਅਤੇ ਸ਼ਰਨ ਆਉਣ ਵਾਲੇ ਦੇ ਐਬਾਂ ਦਾ ਖਿਆਲ ਨਹੀਂ ਕਰਦੇ ਤਾਂ ਫਿਰ ਐਬ, ਔਗੁਣ, ਬੁਰਾਈਆਂ, ਪਾਪ ਛਡਣ ਦੀ ਲੋੜ ਨਹੀਂ। ਦਿਲ ਵਿਚ ਜੋ ਆਵੇ ਕਰੀ ਜਾਵੇ ਅਤੇ ਕਦੀ ਜਾਂ ਰੋਜ਼-ਰੋਜ਼ ਗੁਰਦਵਾਰੇ ਜਾ





ਕੇ ਆਪਣੇ ਔਗੁਣ ਬਖਸ਼ਵਾ ਲਵੇ।

ਗੁਰਸਿਖ ਦਾ ਚਲਾਕ ਮਨ ਉਸ ਨੂੰ ਇਹੋ ਭੁਲੇਖਾ ਹੋਰ ਤਰੀਕੇ ਵਿਚ ਵੀ ਪਾ ਸਕਦਾ ਹੈ। ਉਹ ਆਖ ਸਕਦਾ ਹੈ ਕਿ ਅਸੀਂ ਕਲਜੁਗੀ ਜੀਵ ਹਾਂ, ਸਦਾ ਭੁਲਣਹਾਰ ਹਾਂ, ਰੋਜ਼ ਅਨੇਕ ਭੁਲਾਂ ਕਰਦੇ ਹਾਂ ਅਤੇ ਭੁਲਾਂ ਕਰਨ ਤੋਂ ਬਚ ਸਕਣਾ ਸਾਡੇ ਅਖ਼ਤਿਆਰ ਵਿਚ ਹੀ ਨਹੀਂ, ਇਸ ਲਈ ਸਾਡੇ ਵਾਸਤੇ ਇਹੋ ਚੰਗਾ ਹੈ ਕਿ ਰੋਜ਼-ਰੋਜ਼ ਭੁਲਾਂ ਭਖਸ਼ਾਣ ਦੀ ਅਰਦਾਸ ਕਰਦੇ ਰਹੀਏ। ਵਾਹਿਗੁਰੂ ਬਖਸ਼ਣਹਾਰ ਹੈ, ਉਹ ਸਾਨੂੰ ਜ਼ਰੂਰ ਬਖਸ਼ੇਗਾ। ਇਸ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ।

ਮਨ ਦੇ ਇਸ ਚਲਾਕ ਹਮਲੇ ਦਾ ਸ਼ਿਕਾਰ ਆਦਮੀ ਫਿਰ ਭੁਲਾਂ ਤੋਂ ਬਚਣ ਦੀ ਥਾਂ, ਕਮਜ਼ੋਰੀਆਂ ਉਤੇ ਫਤਹਿ ਪਾਣ ਦੀ ਥਾਂ, ਪਾਪਾਂ ਦਾ ਮੁਕਾਬਲਾ ਕਰਨ ਦੀ ਥਾਂ, ਭੁਲਾਂ ਬਖਸ਼ਵਾਣ ਵਲ ਸਾਰਾ ਧਿਆਨ ਦੇਣ ਲਗ ਜਾਂਦਾ ਹੈ। ਐਸਾ ਆਦਮੀ ਇਸ ਵਿਸ਼ਵਾਸ ਦਾ ਹੋ ਜਾਂਦਾ ਹੈ ਕਿ ਭੁਲਾਂ ਬੇਸ਼ਕ ਕਰੀ ਜਾਵੋ, ਕਮਜ਼ੋਰੀਆਂ ਤੋਂ ਹਾਰ ਰੋਜ਼ ਖਾਈ ਜਾਵੋ, ਗੁਰਦਵਾਰੇ ਜਾਂ ਕਿਸੇ ਤੀਰਥ ਤੇ ਜਾ ਕੇ ਭੁਲਾਂ ਦੇ ਬਖਸ਼ਵਾਣ ਵਾਸਤੇ ਅਰਦਾਸ ਕਰਾ ਲਵਾਂਗੇ।

ਇਸ ਨਿਸਚੇ ਦੇ ਆਦਮੀ ਕਿਸੇ ਵੇਲੇ ਭੁਲਾਂ, ਔਗੁਣ ਜਾਂ ਪਾਪ ਬੜੇ ਨਿਧੜਕ ਹੋ ਕੇ ਕਰਨ ਲਗ ਜਾਂਦੇ ਨੇ ਤੇ ਉਹਨਾਂ ਦਾ ਇਹ ਨਿਸਚਾ ਕਿ ਭੁਲਾਂ ਜਦ ਚਾਹੇ ਵਾਹਿਗੁਰੂ ਜੀ ਪਾਸੋਂ ਅਰਦਾਸ ਰਾਹੀਂ ਬਖਸ਼ਾਈਆਂ ਜਾ ਸਕਦੀਆਂ ਹਨ, ਉਹਨਾਂ ਨੂੰ ਅਗੇ ਨਾਲੋਂ ਬੇਧੜਕ ਤੇ ਬੇਖ਼ੌਫ਼ ਹੋ ਕੇ ਭੁਲਾਂ ਕਰਨ ਵਿਚ ਸਹਾਇਤਾ ਕਰਦਾ ਹੈ।

*ਪਾਪ ਕਰਹਿ ਪੰਚਾਂ ਕੇ ਬਸਿ ਰੇ॥*
*ਤੀਰਥ ਨਾਇ ਕਹਹਿ ਸਭਿ ਉਤਰੇ॥*

*ਬਹੁਰਿ ਕਮਾਵਹਿ ਹੋਇ ਨਿਸੰਕ॥*
*ਜਮਪੁਰਿ ਬਾਂਧਿ ਖਰੇ ਕਾਲੰਕ॥* *ਅੰਗ - 1348*

ਗੁਰਬਾਣੀ ਦੇ ਇਸ ਖਿਆਲ ਦੀ ਪਰੋੜਤਾ ਅਮਰੀਕਾ ਦੀ ਪ੍ਰਸਿੱਧ ਦੇਵੀ ਸ੍ਰੀਮਤੀ ਮੇਰੀ ਬੇਕਰ ਐਡੀ ਇਹਨਾਂ ਅੱਖਰਾਂ ਵਿਚ ਕਰਦੀ ਹੈ -

Prayer is not to be used as a cofessional to cancel sin. Sin is forgiven only as it is destroyed by truth, if prayer nourishes the belief that sin is cancelled and that man is made better merely by praying, prayer is an evil. He grows worse who continues in sin because he fancies himself forgiven.

ਭਾਵ - ਆਪਣੇ ਪਾਪਾਂ ਦੀ ਸਜ਼ਾ ਤੋਂ ਬਚਣ ਲਈ ਜ਼ਬਾਨੀ ਅਰਦਾਸ ਕਰਨੀ ਕਾਫੀ ਨਹੀਂ, ਪਿਛਲੇ ਪਾਪ ਕੇਵਲ ਉਦੋਂ ਬਖਸ਼ੇ ਜਾਂਦੇ ਹਨ ਜਦ ਅਗੇ ਨੂੰ ਪਾਪ ਕਰਨੇ ਬੰਦ ਕੀਤੇ ਜਾਣ। ਅਗਰ ਸਿਰਫ ਜ਼ਬਾਨੀ ਅਰਦਾਸ ਕਰਨ ਨਾਲ, ਕੋਈ ਸਮਝੇ ਕਿ ਉਸਦੇ ਪਾਪ ਬਖਸ਼ੇ ਗਏ ਅਤੇ ਉਹ ਕੇਵਲ ਜ਼ਬਾਨੀ ਅਰਦਾਸ ਕਰਕੇ ਨਿਰਮਲ ਹੋ ਗਿਆ ਤਾਂ ਉਸਦੀ ਐਸੀ ਅਰਦਾਸ ਹੀ ਉਸਦੀ ਦੁਸ਼ਮਨ ਹੈ। ਉਹ ਫਿਰ ਪਾਪ ਕਰੇਗਾ ਅਤੇ ਨਿਧੜਕ ਹੋ ਕੇ ਕਰੇਗਾ ਕਿਉਂਕਿ ਪਾਪਾਂ ਦੀ ਸਜ਼ਾ ਤੋਂ ਛੁਟਕਾਰਾ ਪਾਣ ਦਾ ਉਹ ਸਮਝਦਾ ਹੈ ਕਿ ਉਸ ਨੂੰ ਸਸਤਾ ਤੇ ਆਸਾਨ ਵੱਲ ਆ ਗਿਆ ਹੈ। ਪਰ ਇਹ ਉਸ ਦੀ ਭੁਲ ਹੈ।

ਪਾਪ ਕੇਵਲ ਪਸ਼ਚਾਤਾਪ ਕਰਨ ਨਾਲ ਹੀ ਨਹੀਂ ਬਖਸ਼ੇ ਜਾਂਦੇ। ਪਸ਼ਚਾਤਾਪ ਕਰਨਾ ਪਾਪਾਂ ਦੇ ਬਖਸ਼ਵਾਣ ਵਾਸਤੇ ਪਹਿਲਾ





ਉਪਰਾਲਾ ਜਾਂ ਪਹਿਲਾ ਕਦਮ ਜ਼ਰੂਰ ਹੈ, ਪਰ ਨਿਰਾ ਬਸ਼ਚਾਤਾਪ ਕਰਨ ਨਾਲ ਵੀ ਪਾਪ ਨਹੀਂ ਬਖਸ਼ੇ ਜਾਂਦੇ। ਅਗਰ ਕੋਈ ਆਦਮੀ ਪਾਪ ਕਰਕੇ ਪਸ਼ਚਾਤਾਪ ਤਾਂ ਕਰਦਾ ਹੈ ਪਰ ਪਸ਼ਚਾਤਾਪ ਕਰਨ ਮਗਰੋਂ ਫਿਰ ਉਸੇ ਪਾਪ ਨੂੰ ਦੁਹਰਾਉਂਦਾ ਹੈ ਤਾਂ ਉਸ ਦੇ ਪਸ਼ਚਾਤਾਪ ਦਾ ਕੀ ਫਾਇਦਾ? ਪਸ਼ਚਾਤਾਪ ਕਰਨ ਮਗਰੋਂ ਆਦਮੀ ਨੂੰ ਚਾਹੀਦਾ ਹੈ ਕਿ ਪਾਪ ਨਾ ਕਰੇ।

ਕਈ ਪਾਪ ਤਾਂ ਐਸਾ ਮਿਠੇ ਹੁੰਦੇ ਹਨ ਕਿ ਇਨਸਾਨ ਉਹਨਾਂ ਨੂੰ ਮਾੜਾ ਜਾਣਦਾ ਹੋਇਆ ਵੀ ਫਿਰ ਕਰਨ ਉਤੇ ਮਜਬੂਰ ਹੋ ਜਾਂਦਾ ਹੈ। ਐਸੀ ਹਾਲਤ ਵਿਚ ਵੀ ਇਨਸਾਨ ਦਾ ਕੇਵਲ ਪਸ਼ਚਾਤਾਪ ਕਰਕੇ ਪਾਪ ਦੀ ਸਜ਼ਾ ਤੋਂ ਬਚਣਾ ਮੁਸ਼ਕਿਲ ਹੈ। ਉਸ ਦਾ ਫਰਜ਼ ਇਹ ਹੋਣਾ ਚਾਹੀਦਾ ਹੈ ਕਿ ਸਚੇ ਹਿਰਦੇ ਤੋਂ ਪਸ਼ਚਾਤਾਪ ਕਰੇ ਅਤੇ ਪਸ਼ਚਾਤਾਪ ਮਗਰੋਂ ਪਾਪ ਦੇ ਖਿਆਲ ਨਾਲ ਨੇਕ-ਨੀਤੀ ਨਾਲ ਯੁਧ ਕਰੇ। ਪਾਪ ਨਾਲ ਯੁਧ ਕਰਨ ਦੀ, ਪਾਪ ਦੇ ਖਿਆਲ ਦੀ ਦਰਿੜ੍ਹਤਾ ਨਾਲ ਮੁਕਾਬਲਾ ਕਰਨ ਦੀ ਸਥਿਤੀ ਵਾਸਤੇ ਵਾਹਿਗੁਰੂ ਜੀ ਅਗੇ ਅਰਦਾਸ ਕਰੇ। ਅਰਦਾਸ ਮਗਰੋਂ ਪਾਪ ਦੇ ਖ਼ਿਆਲ ਦਾ ਪੂਰੀ ਤਾਕਤ, ਪੂਰੀ ਕੋਸ਼ਿਸ਼ ਨਾਲ ਟਾਕਰਾ ਕਰੇ। ਐਸਾ ਕਰਨ ਨਾਲ ਉਹ ਆਪਣੇ ਅੰਦਰੋਂ ਪਾਪ ਤੇ ਜਿੱਤ ਪਰਾਪਤ ਕਰਨ ਲਈ ਕਾਫੀ ਸ਼ਕਤੀ ਪੈਦਾ ਹੁੰਦੀ ਵੇਖੇਗਾ। ਉਹ ਦੇਖ ਕੇ ਹੈਰਾਨ ਹੋਵੇਗਾ ਕਿ ਪਾਪ ਕਰਨ ਵੇਲੇ ਕੁਦਰਤ ਵਲੋਂ ਉਸ ਦੇ ਰਸਤੇ ਵਿਚ ਕਈ ਰੁਕਾਵਟਾਂ ਪਾਈਆਂ ਜਾਂਦੀਆਂ ਹਨ। ਪਾਪ ਦੇ ਪ੍ਰੋਗਰਾਮ ਵਿਚ ਵਿਘਨ ਪੈਂਦੇ ਦੇਖ ਕੇ ਆਦਮੀ ਨੂੰ ਵਾਹਿਗੁਰੂ ਦਾ ਸਚੇ ਦਿਲੋਂ ਧੰਨਵਾਦ ਕਰਨਾ ਚਾਹੀਦਾ ਹੈ।

ਜੋ ਆਦਮੀ ਸਚੇ ਦਿਲੋਂ ਪਾਪ ਨਾਲ ਨਫ਼ਰਤ ਕਰਦਾ ਹੈ ਅਤੇ ਸਚੇ ਦਿਲੋਂ ਚਾਹੁੰਦਾ ਹੈ ਕਿ ਉਹ ਪਾਪ ਨ ਕਰੇ, ਪਾਪ ਤੋਂ ਬਚ

ਜਾਵੇ, ਤਦ ਉਸ ਨੂੰ ਵਾਹਿਗੁਰੂ ਜੀ ਪਾਪ ਤੋਂ ਬਚਣ ਲਈ, ਪਾਪ ਤੇ ਜਿੱਤ ਪਰਾਪਤ ਕਰਨ ਲਈ ਸ਼ਕਤੀ ਦੇਂਦੇ ਹਨ। ਪਰ ਉਸ ਦੇ ਪਿਛਲੇ ਪਾਪ ਤਦ ਹੀ ਬਖਸ਼ਦੇ ਹਨ, ਜਦ ਅਗੇ ਨੂੰ ਪਾਪ ਕਰਨੇ ਛਡ ਦੇਵੇ। ਪਿਛਲੇ ਪਾਪਾਂ ਦੀ ਸਜ਼ਾ ਤਦ ਹੀ ਟਲ ਸਕਦੀ ਹੈ, ਜਦ ਅਗੇ ਨੂੰ ਪਾਪ ਨਾ ਕੀਤੇ ਜਾਣ। ਪਸ਼ਚਾਤਾਪ ਕਰੀ ਜਾਣਾ ਅਤੇ ਮੁੜ-ਮੁੜ ਪਾਪ ਵੀ ਕਰੀ ਜਾਣਾ, ਪਾਪ ਦੀ ਸਜ਼ਾ ਨੂੰ ਕਾਇਮ ਰਖਦਾ ਹੈ। ਜਦ ਪਸ਼ਚਾਤਾਪ ਅਮਲੀ ਸ਼ਕਲ ਵਿਚ ਜ਼ਾਹਰ ਹੋਵੇ, ਜਦ ਪਾਪ ਕਰਨੇ ਬੰਦ ਹੋ ਜਾਣ, ਤਦ ਬਖਸ਼ਿਸ਼ ਹੁੰਦੀ ਹੈ ਅਤੇ ਫੌਰਨ ਹੁੰਦੀ ਹੈ।

ਵਾਹਿਗੁਰੂ ਦੀ ਕਿਰਪਾਲਤਾ ਉਦੋਂ ਬਖਸ਼ਦੀ ਹੈ, ਜਦ ਵਾਹਿਗੁਰੂ ਦਾ ਇਨਸਾਫ ਬਖਸ਼ਿਸ਼ ਦੀ ਸਿਫਾਰਸ਼ ਕਰੇ।





# ਗੁਰਮੁਖ

ਗੁਰਮੁਖ ਆਪਣੇ ਆਪ ਨੂੰ ਸਰੀਰ ਨਹੀਂ ਮੰਨਦਾ। ਉਹ ਜਾਣਦਾ ਹੈ ਕਿ ਉਹ ਆਤਮਾ ਹੈ। ਗੁਰਮੁਖ ਦਾ ਮਾਤਾ ਪਿਤਾ ਉਹ ਪੁਰਸ਼ ਤੇ ਇਸਤਰੀ ਨਹੀਂ ਹੁੰਦੇ ਜਿਹਨਾਂ ਦੇ ਮੇਲ ਤੋਂ ਉਹ ਪੈਦਾ ਹੋਇਆ ਹੁੰਦਾ ਹੈ। ਗੁਰਮੁਖ ਜਾਣਦਾ ਹੈ ਕਿ ਉਸਦਾ ਅਸਲ ਮਾਤਾ ਪਿਤਾ ਵਾਹਿਗੁਰੂ ਹੈ। ਉਸਦੇ ਦੁਨਿਆਵੀ ਮਾਤਾ ਪਿਤਾ ਕੇਵਲ ਵਾਹਿਗੁਰੂ ਦਾ ਉਸ ਨੂੰ (ਗੁਰਮੁਖ ਨੂੰ) ਸੰਸਾਰ ਵਿਚ ਲਿਆਉਣ ਦਾ ਇਕ ਜ਼ਰੀਆ ਜਾਂ ਵਸੀਲਾ ਸੀ।

ਗੁਰਮੁਖ ਆਪਣੇ ਆਪ ਨੂੰ ਵਾਹਿਗੁਰੂ ਦਾ ਪੁੱਤਰ ਸਮਝਦਾ ਹੈ ਅਤੇ ਆਪਣੇ ਪਿਤਾ ਦੇ ਸੰਸਾਰ ਵਿਚ, ਪਿਤਾ ਦਾ ਮਹਿਮਾਨ ਬਣ ਕੇ ਸੰਸਾਰ ਦੀ ਸੈਰ ਕਰਨ ਆਉਂਦਾ ਹੈ। ਗੁਰਮੁਖ ਜਾਣਦਾ ਹੈ ਕਿ ਉਸਦੇ ਪਿਤਾ ਨੇ ਉਸ ਨੂੰ ਸੰਸਾਰ ਯਾਤਰਾ ਲਈ ਭੇਜਣ ਤੋਂ ਪਹਿਲੋਂ ਉਸਦੀ ਯਾਤਰਾ ਦਾ ਸਾਰਾ ਪਰਬੰਧ ਕਰਕੇ ਭੇਜਿਆ ਹੈ। ਗੁਰਮੁਖ ਨੂੰ ਪਤਾ ਹੁੰਦਾ ਹੈ ਕਿ ਮਾਤਾ ਦੇ ਗਰਭ ਵਿਚ ਵੀ ਵਾਹਿਗੁਰੂ ਹੀ ਉਸਦਾ ਪ੍ਰਤਿਪਾਲਕ ਤੇ ਰਾਜ਼ਕ ਸੀ ਅਤੇ ਮਾਤਾ ਦੇ ਗਰਭ ਤੋਂ ਬਾਹਰ ਆ ਕੇ ਵੀ ਉਸਦੀ ਸਾਰੀ ਸੰਸਾਰ ਯਾਤਰਾ ਵਿਚ ਉਸਦਾ ਪਿਤਾ ਉਸਦਾ ਪ੍ਰਤਿਪਾਲਕ, ਰਾਖਾ ਤੇ ਸਹਾਰਾ ਰਹੇਗਾ।

ਦੁਨਿਆਵੀ ਮਾਤਾ ਪਿਤਾ, ਰਿਸ਼ਤੇਦਾਰ ਸਭ ਵਾਹਿਗੁਰੂ ਵਲੋਂ ਹੀ ਉਸਦੀ (ਗੁਰਮੁਖ ਦੀ) ਸਹਾਇਤਾ ਅਤੇ ਰਾਖੀ ਲਈ ਨੀਅਤ ਕੀਤੇ ਗਏ ਹੁੰਦੇ ਹਨ। ਇਸ ਲਈ ਗੁਰਮੁਖ ਆਪਣੇ ਦੁਨਿਆਵੀ ਰਿਸ਼ਤੇਦਾਰਾਂ, ਮਿਤਰਾਂ, ਦੋਸਤਾਂ, ਸ਼ੁਭਚਿੰਤਕਾਂ ਤੇ ਮਿਹਰਬਾਨਾਂ ਨੂੰ ਆਪਣੇ ਸਚੇ ਪਿਤਾ ਵਾਹਿਗੁਰੂ ਜੀ ਦਾ ਪਰੇਰਿਆ ਹੋਇਆ ਇਕ ਵਸੀਲਾ ਜਾਣਦਾ ਹੈ। ਸਭ ਨਾਲ ਹਸਦਾ ਖੇਡਦਾ ਪਿਆਰ ਕਰਦਾ ਹੋਇਆ ਸਭ ਵਿਚ ਆਪਣੇ ਵਾਹਿਗੁਰੂ ਦੀ ਪਰੇਰਨਾ ਦੇਖਦਾ ਹੈ।

ਗੁਰਮੁਖ ਨੂੰ ਨਿਸਚਾ ਪੈਦਾ ਹੁੰਦਾ ਹੈ ਕਿ ਵਾਹਿਗੁਰੂ ਪਿਤਾ ਨੇ ਉਸਨੂੰ ਸੰਸਾਰ ਵਿਚ ਕੁਝ ਸਿਖਣ ਲਈ, ਕੁਝ ਤਜਰਬੇ ਕਰਕੇ ਸਿਆਣਿਆਂ ਬਨਣ ਲਈ ਭੇਜਿਆ ਹੈ। ਗੁਰਮੁਖ ਜਾਣਦਾ ਹੈ ਕਿ ਜਿਵੇਂ ਬਚਪਨ ਵਿਚ ਉਸਦੇ ਮਾਤਾ ਪਿਤਾ ਅਤੇ ਹੋਰ ਰਿਸ਼ਤੇਦਾਰਾਂ ਨੂੰ ਉਸਦੀ ਸੰਭਾਲ ਲਈ ਵਾਹਿਗੁਰੂ ਨੇ ਨੀਅਤ ਕੀਤਾ ਸੀ, ਏਸੇ ਤਰ੍ਹਾਂ ਜਵਾਨ ਹੋ ਕੇ ਉਸਨੂੰ ਜਗਤ ਖੇਡ ਖੇਡਣ ਵਿਚ ਸਹਾਇਤਾ ਦੇਣ ਲਈ ਵਾਹਿਗੁਰੂ ਨੇ ਉਸਦੀ ਰਹਿਨੁਮਾਈ ਅਤੇ ਸਹਾਇਤਾ ਲਈ ਗੁਰੂ ਗਰੰਥ ਸਾਹਿਬ ਜਿਹੇ ਪੂਰਨ ਗੁਰੂ ਨੀਅਤ ਕੀਤੇ ਹਨ।

ਸ੍ਰੀ ਗੁਰੂ ਗਰੰਥ ਸਾਹਿਬ ਦੇ ਉਪਦੇਸ਼ ਦੀ ਰੋਸ਼ਨੀ ਵਿਚ ਚਲਣਾ, ਗੁਰਮੁਖ ਆਪਣੀ ਸੰਸਾਰ ਯਾਤਰਾ ਦੀ ਸਫਲਤਾ ਵਾਸਤੇ ਆਪਣੀ ਦੁਨਿਆਵੀ ਮਾਤਾ ਦੇ ਦੁਧ ਜਿਤਨਾ ਜ਼ਰੂਰੀ ਸਮਝਦਾ ਹੈ। ਜਿਵੇਂ ਬੱਚੇ ਲਈ ਮਾਤਾ ਦੇ ਦੁਧ ਨਾਲੋਂ ਹੋਰ ਕੋਈ ਖੁਰਾਕ ਚੰਗੀ ਨਹੀਂ ਹੁੰਦੀ, ਏਸੇ ਤਰ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਉਪਦੇਸ਼ ਦੇ ਸਮਝਣ ਅਤੇ ਕਮਾਉਣ ਨਾਲੋਂ ਗੁਰਮੁਖ ਹੋਰ ਕਿਸੇ ਜੀਵਨ ਨੂੰ ਚੰਗਾ ਨਹੀਂ ਸਮਝਦਾ।

ਗੁਰਮੁਖ ਨੂੰ ਪਤਾ ਹੁੰਦਾ ਹੈ ਕਿ ਉਹ ਇਸ ਸੰਸਾਰ ਵਿਚੋਂ ਕੁਝ





ਖੱਟਣ, ਕੁਝ ਲੈਣ ਆਇਆ ਹੈ, ਗਵਾਣ ਨਹੀਂ ਆਇਆ। ਇਸ ਲਈ ਸੰਸਾਰ ਯਾਤਰਾ 'ਚ ਉਹ ਏਥੋਂ ਕੁਝ ਆਪਣੇ ਨਾਲ ਲੈ ਜਾ ਸਕੇ ਉਹ ਨੇਕੀ ਕਰਦਾ ਹੈ, ਉਪਕਾਰ ਕਰਦਾ ਹੈ, ਸੇਵਾ ਕਰਦਾ ਹੈ। ਇਸ ਲਈ ਸੰਸਾਰ ਦੇ ਸਾਰੇ ਜੀਵ ਉਸਨੂੰ ਪਿਆਰ ਕਰਦੇ ਹਨ। ਉਹ ਇਬਾਦਤ ਕਰਦਾ ਹੈ, ਭਜਨ ਕਰਦਾ ਹੈ, ਜਿਸ ਕਰਕੇ ਉਸਨੂੰ ਜੀਵਨ ਦੇ ਮੁਢਲੇ ਭੇਤਾਂ ਦਾ ਪਤਾ ਲਗ ਜਾਂਦਾ ਹੈ। ਉਸਨੂੰ ਪਤਾ ਲਗ ਜਾਂਦਾ ਹੈ ਕਿ ਮੌਤ ਵਾਸਤਵ ਵਿਚ ਕੋਈ ਚੀਜ਼ ਨਹੀਂ, ਇਸ ਲਈ ਮੌਤ ਤੋਂ ਨਿਰਭੈ ਹੋ ਜਾਂਦਾ ਹੈ। ਉਹ ਜਾਣਦਾ ਹੈ ਕਿ ਉਸਦਾ ਪਿਤਾ ਕਾਰਨ ਕਰਨ (creator of circumstances) ਹੈ ਅਤੇ ਉਸਦੇ ਜੀਵਨ ਦੀ ਫਿਲਮ ਉਸਦੇ ਸੰਸਾਰ ਵਿਚ ਆਉਣ ਤੋਂ ਪਹਿਲੇ ਬਣ ਚੁਕੀ ਹੈ ਅਤੇ ਵੇਲੇ ਵੇਲੇ ਸਿਰ ਉਸਦੇ ਸਾਹਮਣੇ ਖੁਲ੍ਹਦੀ ਰਹਿਣੀ ਹੈ। ਇਸ ਲਈ ਉਹ ਦੁਖ ਸੁਖ ਦੀਆਂ ਝਾਕੀਆਂ ਵਿਚੋਂ ਅਡੋਲ ਲੰਘਦਾ ਹੈ ਅਤੇ ਹਰ ਘਟਨਾ ਵਿਚ ਪੂਰੀ ਦਿਲਚਸਪੀ ਲੈਂਦਾ ਅਤੇ ਮਿਲਵਰਤਣ ਕਰਦਾ ਹੈ। ਗੁਰੂ ਗਿਆਨ ਦੇ ਆਸਰੇ ਉਹ ਬਦੀ ਦੀ ਅਸਲੀਅਤ ਨੂੰ ਸਮਝ ਜਾਂਦਾ ਹੈ। ਉਹ ਜਾਣਦਾ ਹੈ ਕਿ ਬਦੀ (ਪਾਪ-ਦੁਖ-ਬੀਮਾਰੀ-ਮੌਤ) ਵਾਸਤਵ ਵਿਚ ਕੁਝ ਨਹੀਂ, ਕੇਵਲ ਅਗਿਆਨੀਆਂ ਨੂੰ ਭਾਸਦੀ, ਸਚ ਲਗਦੀ ਅਤੇ ਡਰਾਂਦੀ ਹੈ। ਜਿਸ ਮਨ ਵਿਚ ਵਾਹਿਗੁਰੂ, ਉਸਦੀ ਯਾਦ ਅਤੇ ਉਸਦੇ ਗੁਣ ਵਸਣ, ਉਸ ਮਨ ਦੀ ਦੁਨੀਆਂ ਵਿਚ ਬਦੀ ਕਿਸੇ ਤਰ੍ਹਾਂ ਵੀ ਨਹੀਂ ਰਹਿ ਸਕਦੀ। ਇਸ ਲਈ ਗੁਰਮੁਖ ਆਪਣੇ ਪਿਤਾ ਵਾਹਿਗੁਰੂ ਨੂੰ ਸਵਾਸ ਗਿਰਾਸ ਯਾਦ ਰਖਦਾ ਹੈ, ਊਠਤ ਬੈਠਤ ਸੋਵਤ ਜਾਗਤ, ਵਾਹਿਗੁਰੂ ਦੇ ਰੰਗ ਵਿਚ ਰਤਿਆ ਰਹਿੰਦਾ ਹੈ।

ਗੁਰਮੁਖ ਇਹ ਜਾਣਦਾ ਹੋਇਆ ਕਿ ਉਸਦੇ ਨਿਬਾਹ ਲਈ ਵਾਹਿਗੁਰੂ ਦੇ ਅਤੁੱਟ ਭੰਡਾਰੇ ਵਿਚੋਂ ਉਸਦੀ ਜ਼ਰੂਰਤ ਅਨੁਸਾਰ

ਉਸਨੂੰ ਸਭ ਕੁਝ ਮਿਲਣਾ ਹੈ। ਐਪਰ ਉਹ ਜਗਤ ਸੇਵਾ ਦੇ ਖ਼ਿਆਲ ਨਾਲ ਕੋਈ ਨਾ ਕੋਈ ਕਾਰ ਵਿਹਾਰ ਜ਼ਰੂਰ ਕਰਦਾ ਹੈ। ਜਿਸ ਕਾਰੋਬਾਰ ਨੂੰ ਗੁਰਮੁਖ ਕਰੇ, ਉਸ ਕਾਰੋਬਾਰ ਰਾਹੀਂ ਜਗਤ ਸੇਵਾ ਕਰਨਾ ਉਸਦਾ ਨਿਸ਼ਾਨਾ ਹੁੰਦਾ ਹੈ।

ਗੁਰਮੁਖ ਨੂੰ ਪਤਾ ਹੁੰਦਾ ਹੈ ਕਿ ਕਾਲ ਵਾਸਤਵ ਵਿਚ ਕੋਈ ਚੀਜ਼ ਨਹੀਂ। ਇਸ ਲਈ ਉਹ ਆਪਣੇ ਜੀਵਨ ਦੇ ਹਰ ਹਿਸੇ ਵਿਚ ਜਵਾਨ ਰਹਿੰਦਾ ਹੈ। ਉਸ ਦੀ ਜਿਸਮਾਨੀ ਅਤੇ ਮਾਨਸਕ ਸ਼ਕਤੀ ਬੁੜ੍ਹਾਪੇ ਵਿਚ ਜਵਾਨਾਂ ਵਾਂਗ ਕੰਮ ਕਰਦੀ ਹੈ। ਉਹ ਆਪਣੀ ਸਭ ਸ਼ਕਤੀ ਆਪਣੇ ਅੰਦਰ ਸਦਾ ਜਵਾਨ ਰਹਿਣ ਵਾਲੇ ਵਾਹਿਗੁਰੂ ਤੋਂ ਸਿਮਰਨ ਦਵਾਰਾ ਪ੍ਰਾਪਤ ਕਰਦਾ ਹੈ। ਇਸ ਲਈ ਸਦਾ ਅਰੋਗ ਤੇ ਜਵਾਨ ਰਹਿੰਦਾ ਹੈ।

ਕਿਉਂਕਿ ਗੁਰਮੁਖ ਸੰਸਾਰ ਯਾਤਰਾ ਨੂੰ ਇਕ ਸਫਰ ਸਮਝਦਾ ਹੈ, ਇਸ ਵਾਸਤੇ ਇਸ ਸਫਰ ਨੂੰ ਵਾਹਿਗੁਰੂ ਜੀ ਦੀਆਂ ਦਾਤਾਂ ਨਾਲ ਸੁਹਾਵਣਾ ਅਤੇ ਦਿਲਚਸਪ ਬਣਾ ਲੈਂਦਾ ਹੈ। ਐਪਰ ਸਫਰ ਦੀਆਂ ਚੀਜ਼ਾਂ ਨੂੰ ਨਾ ਆਪਣੀ ਮਲਕੀਅਤ ਸਮਝਦਾ ਹੈ, ਨਾ ਉਹਨਾਂ ਨਾਲ ਪਿਆਰ ਪਾਂਦਾ ਹੈ। ਵਾਹਿਗੁਰੂ ਨੂੰ ਦਾਤਾਂ ਦਾ ਮਾਲਕ ਜਾਣਦਾ ਹੈ। ਇਸ ਕਰਕੇ ਦਾਤਾਂ ਮਿਲਣ ਉਤੇ ਦਾਤਾਂ ਨੂੰ ਵਰਤਦਾ ਹੈ ਪਰ ਦਾਤਾਂ ਨੂੰ ਚੰਬੜਦਾ ਨਹੀਂ। ਦਾਤਾਂ ਲੈ ਕੇ ਦਾਤੇ ਦਾ ਸ਼ੁਕਰ ਕਰਦਾ ਅਤੇ ਆਪਣੇ ਆਪ ਨੂੰ ਉਨ੍ਹਾਂ ਦਾਤਾਂ ਦੇ ਯੋਗ ਬਨਾਣ ਦਾ ਯਤਨ ਕਰਦਾ ਹੈ।

ਨੇਕੀ ਤੇ ਉਪਕਾਰ ਦਾ ਝੰਡਾ ਝੁਲਾਂਦਾ ਹੋਇਆ ਗੁਰਮੁਖ ਜਦ ਸੰਸਾਰ ਯਾਤਰਾ ਦੇ ਸਫਰ ਨੂੰ ਖਤਮ ਕਰਦਾ ਹੈ ਤਾਂ ਇਕ ਪਰਦੇਸੀ ਦੀ ਤਰ੍ਹਾਂ ਜਿਸ ਨੂੰ ਆਪਣੇ ਵਤਨ ਜਾਣ ਦੀ ਡਾਹਢੀ ਖ਼ੁਸ਼ੀ ਹੁੰਦੀ





ਹੈ, ਉਹ ਇਸ ਸੰਸਾਰ ਨੂੰ ਆਪਣੀ ਖ਼ੁਸ਼ੀ ਨਾਲ, ਆਪਣੇ ਵਾਹਿਗੁਰੂ ਦੇ ਪਾਸ ਜਾਣ ਦੇ ਚਾਅ ਵਿਚ ਤਿਆਗ ਦਿੰਦਾ ਹੈ। ਉਸ ਨੂੰ ਜੀਵਨ ਦਾ ਗਿਆਨ ਹੋ ਚੁਕਿਆ ਹੁੰਦਾ ਹੈ। ਉਹ ਜਾਣਦਾ ਹੈ ਕਿ ਜੀਵਨ ਕਦੀ ਨਹੀਂ ਮਰਦਾ, ਕਦੀ ਨਹੀਂ ਖ਼ਤਮ ਹੁੰਦਾ। ਉਸ ਨੂੰ ਪਤਾ ਹੁੰਦਾ ਹੈ ਕਿ ਨੇਕੀ ਦਾ ਜੀਵਨ ਸਦਾ ਚੜ੍ਹਦੀਆਂ ਕਲਾਂ ਵਿਚ ਖੇਡਦਾ ਹੈ ਅਤੇ ਸੰਸਾਰ ਨੂੰ ਛਡ ਕੇ ਜਿਸ ਵਾਹਿਗੁਰੂ ਪਿਤਾ ਪਾਸ ਉਹ ਜਾ ਰਿਹਾ ਹੈ, ਉਹ ਉਸਦਾ ਮਾਤਾ, ਪਿਤਾ, ਬੰਧਪ, ਭਰਾਤਾ, ਰਾਖਾ ਤੇ ਸਹਾਰਾ ਹੈ। ਗੁਰਮੁਖ ਸੰਸਾਰ ਯਾਤਰਾ ਤੋਂ ਬਾਅਦ ਵਾਹਿਗੁਰੂ ਪਾਸ ਪਹੁੰਚਦਾ ਅਤੇ ਨੇਹਚਲ ਰਾਜ ਕਮਾਂਦਾ ਹੈ :

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥* ਅੰਗ - 687

# ਬਦੀ ਤੇ ਫਤਹਿ

ਬਦੀ ਤੋਂ ਮੁਰਾਦ ਹੈ ਵਾਹਿਗੁਰੂ ਜੀ ਤੋਂ ਸਭ ਕੁਝ ਉਲਟ। ਜੋ ਵੀ ਵਾਹਿਗੁਰੂ ਜੀ ਤੋਂ ਉਲਟ ਹੈ, ਵਾਹਿਗੁਰੂ ਜੀ ਵਰਗਾ ਨਹੀਂ, ਉਹ ਬਦੀ ਹੈ। ਵਾਹਿਗੁਰੂ ਜੀ ਦੇ ਬਣਾਏ ਸਭ ਕਾਨੂੰਨਾਂ ਜਾਂ ਨਿਯਮਾਂ ਜਾਂ ਹੁਕਮਾਂ ਦੀ ਉਲੰਘਣਾ ਕਰਨ ਦਾ ਨਾਮ 'ਪਾਪ' ਹੈ। ਪਾਪ ਕਰਨ ਨਾਲ ਫਿਕਰ, ਚਿੰਤਾ, ਦੁਖ, ਰੋਗ, ਸੰਤਾਪ ਅਤੇ ਮੌਤ ਉਪਜਦੇ ਹਨ। ਸੋ ਬਦੀ ਦਾ ਦੂਸਰਾ ਨਾਮ ਪਾਪ, ਚਿੰਤਾ, ਦੁਖ, ਰੋਗ, ਸੰਤਾਪ ਅਤੇ ਮੌਤ ਆਦਿ ਹੈ।

ਪਾਪ ਆਮ ਤੌਰ ਉਤੇ ਬੜਾ ਮੋਹਣਾ, ਰਸਦਾਇਕ ਤੇ ਖਿਚਵਾਂ ਸਰੂਪ ਧਾਰ ਕੇ ਸਾਨੂੰ ਆਪਣੇ ਵਲ ਪਰੇਰਦਾ ਹੈ। ਜੋ ਪਾਪ ਕਰਨ ਤੋਂ ਆਪਣੇ ਆਪ ਨੂੰ ਬਚਾ ਸਕਦਾ ਹੈ, ਉਹ ਦੁਖ ਰੋਗ, ਚਿੰਤਾ ਫਿਕਰ ਅਤੇ ਮੌਤ ਤੋਂ ਆਪਣੇ ਆਪ ਨੂੰ ਬਚਾ ਸਕਦਾ ਹੈ।

## ਬਦੀ ਉਤੇ ਕਿਵੇਂ ਫਤਹਿ ਪਾਈ ਜਾਵੇ?

ਬਦੀ ਤੋਂ ਬਚਣ ਅਤੇ ਇਸ ਉਤੇ ਫਤਹਿ ਪਾਉਣ ਦੇ ਦੋ ਤਰੀਕੇ ਹਨ। ਪਹਿਲਾ ਤਰੀਕਾ ਤਾਂ ਆਪਣੇ ਆਪ ਨੂੰ ਬਚਾਣਾ ਹੈ। ਇਸ ਤਰੀਕੇ ਅਨੁਸਾਰ ਜਦ ਮਨ ਵਿਚ ਪਾਪ ਦਾ ਖਿਆਲ ਆਵੇ,





ਉਸ ਖਿਆਲ ਦੇ ਅਸਰ ਨੂੰ ਮਨ ਤੇ ਨਾ ਚੜ੍ਹਣ ਦੇਣਾ। ਉਸ ਵੇਲੇ ਮਨ ਵਿਚ ਸੋਹਣੇ, ਚੰਗੇ, ਨੇਕ ਤੇ ਸੁਚੇ ਖਿਆਲ ਪੈਦਾ ਕਰਨੇ, ਗੁਰਬਾਣੀ ਪਿਆਰ ਤੇ ਸਿਦਕ ਨਾਲ ਪੜ੍ਹ ਕੇ ਚੰਗਿਆਂ ਦੀ ਸੋਹਬਤ ਵਿਚ ਬੈਠਣਾ ਅਤੇ ਪੂਰਨ ਇਕਾਗ੍ਰਤਾ ਨਾਲ ਨਾਮ ਜਾਪ ਕਰਨਾ ਹੈ।

ਵਿਚਾਰ ਕੀਤਿਆਂ ਹਰ ਪਾਪ, ਵਾਹਿਗੁਰੂ ਜੀ ਦੇ ਚਲਾਏ ਨਿਯਮਾਂ ਦੀ ਹਰ ਉਲੰਘਣਾ ਹੀ ਹਾਨੀਕਾਰਕ, ਦੁਖਦਾਇਕ ਅਤੇ ਅੰਤ ਸਾਨੂੰ ਤਕਲੀਫ ਦੇਣ ਵਾਲੀ ਪ੍ਰਤੀਤ ਹੋਵੇਗੀ। ਪਾਪ ਇਨਸਾਨ ਦਾ ਸਭ ਤੋਂ ਵਡਾ ਸ਼ਤਰੂ ਤੇ ਦੁਖਾਂ ਦੀ ਜੜ੍ਹ ਹੈ। ਪਾਪ ਨਾਲ ਗੁਰਸਿਖ ਦਾ, ਸੱਚ ਦੇ ਖੋਜੀ ਦਾ ਵੈਰ ਹੈ। ਪਾਪ ਹੀ ਕੁਰਾਹੇ ਪਾਂਦਾ ਹੈ ਅਤੇ ਅਨੇਕ ਤਰੀਕਿਆਂ ਨਾਲ ਇਨਸਾਨ ਨੂੰ ਦੁਖੀ ਕਰਦਾ ਹੈ। ਇਨਸਾਨ ਦੀ ਸਾਰੀ ਤਰੱਕੀ ਹੀ ਪਾਪ ਨੂੰ ਸਮਝਣ ਅਤੇ ਇਸ ਤੋਂ ਬਚਣ ਵਿਚ ਹੈ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਨਾਜਾਇਜ਼ ਵਰਤੋਂ ਹੀ ਪਾਪ ਹੈ ਕਿਉਂਕਿ ਇਹ ਵਾਹਿਗੁਰੂ ਜੀ ਦੇ ਹੁਕਮਾਂ ਦੀ ਉਲੰਘਣਾ ਕਰਾਉਂਦੀ ਹੈ। ਯਾਦ ਰਹੇ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਜਾਇਜ਼ ਵਰਤੋਂ ਮਾੜੀ ਨਹੀਂ, ਕੇਵਲ ਇਸ ਦੀ ਨਾਮੁਨਾਸਿਬ ਜਾਂ ਨਾਜਾਇਜ਼ ਵਰਤੋਂ ਮਾੜੀ ਤੇ ਵਿਵਰਜਤ ਹੈ।

ਪਾਪੀ ਜਾਂ ਮਾੜੇ ਪੁਰਸ਼ ਛੂਤ ਵਾਲੀ ਬੀਮਾਰੀ ਦੀ ਤਰ੍ਹਾਂ ਖ਼ਤਰਨਾਕ ਹੁੰਦੇ ਹਨ, ਸਦਾ ਇਹਨਾਂ ਦੀ ਸੰਗਤ ਤੋਂ ਦੂਰ ਰਹਿਣਾ ਚਾਹੀਦਾ ਹੈ। ਕਮਜ਼ੋਰ ਮਨ ਵਾਲੇ ਆਦਮੀ ਨੂੰ ਮਾੜੇ ਪੁਰਸ਼ ਦੀ ਸੰਗਤ ਉਸੇ ਤਰ੍ਹਾਂ ਖ਼ਤਰਨਾਕ ਹੈ ਜਿਵੇਂ ਹੈਜ਼ਾ ਜਾਂ ਪਲੇਗ।

ਬਦੀ ਉਤੇ ਫਤਹਿ ਪਾਣ ਦੇ ਪਹਿਲੇ ਤਰੀਕੇ ਅਨੁਸਾਰ, ਆਪਣੇ ਆਪ ਨੂੰ ਕਦੀ ਵੀ ਬਦੀ ਤੋਂ ਵਧੇਰੇ ਤਾਕਤਵਾਰ ਨਹੀਂ

ਸਮਝਣਾ ਚਾਹੀਦਾ। ਹਮੇਸ਼ਾ ਹੁਸ਼ਿਆਰ ਤੇ ਚੌਕੰਨਿਆਂ ਰਹਿ ਕੇ ਇਸ ਤੋਂ ਦੂਰ ਰਹਿਣਾ ਚਾਹੀਦਾ ਹੈ।

## ਬਦੀ ਤੇ ਫਤਹਿ ਪਾਣ ਦਾ ਦੂਸਰਾ ਤਰੀਕਾ -

ਗੁਰਬਾਣੀ ਦੀ ਰੌਸ਼ਨੀ ਵਿਚ ਜੀਵਨ ਬਤੀਤ ਕਰਨ ਅਤੇ ਨਾਮ ਜਾਪ ਦੀ ਕਮਾਈ ਨਾਲ ਗੁਰਸਿੱਖ ਦੇ ਮਨ ਦੀ ਕਿਸੇ ਵੇਲੇ ਐਸੀ ਅਵਸਥਾ ਹੋ ਸਕਦੀ ਹੈ ਜਦ ਕਿ ਉਸ ਉਤੇ ਪਾਪ ਜਾਂ ਬਦੀ ਦਾ ਕੋਈ ਹਮਲਾ ਕਾਰਗਰ ਨਾ ਹੋਵੇ। ਜਿਵੇਂ ਅਗ ਬੁਝਾਣ ਵਾਲੇ ਇਕ ਖਾਸ ਕਿਸਮ ਦੇ ਕਪੜੇ ਪਾ ਕੇ ਅੱਗ ਵਿਚ ਚਲੇ ਜਾਂਦੇ ਹਨ ਅਤੇ ਉਹਨਾਂ ਨੂੰ ਅਗ ਸਾੜ ਨਹੀਂ ਸਗਦੀ, ਸਗੋਂ ਉਹ ਪਾਣੀ ਪਾ ਕੇ ਅੱਗ ਨੂੰ ਖ਼ਤਮ ਕਰ ਦੇਂਦੇ ਹਨ, ਉਸੇ ਤਰ੍ਹਾਂ ਗੁਰਮਤਿ ਅਨੁਸਾਰ ਕੀਤੀ ਨਾਮ ਕਮਾਈ ਸਾਡੇ ਮਨ ਜਾਂ ਸਾਡੀ ਸੁਰਤ ਨੂੰ ਵਾਹਿਗੁਰੂ ਜੀ ਦੇ ਚਰਨਾਂ ਨਾਲ ਐਸਾ ਜੋੜ ਸਕਦੀ ਹੈ ਜਿਥੇ ਮਨ ਬਦੀ ਦੇ ਸਾਰੇ ਹਮਲਿਆਂ ਤੋਂ ਉਚਾ ਅਤੇ ਮਹਿਫੂਜ਼ ਹੋ ਜਾਂਦਾ ਹੈ।

ਐਸੀ ਅਵਸਥਾ ਦੇ ਗੁਰਸਿਖ ਫਿਰ ਪਾਪ ਤੇ ਬਦੀ ਤੋਂ ਡਰਦੇ ਨਹੀਂ। ਜਿਵੇਂ ਡਾਕਟਰ ਹੈਜ਼ੇ ਅਤੇ ਪਲੇਗ ਤੋਂ ਨਹੀਂ ਡਰਦੇ, ਸਗੋਂ ਜਿਥੇ ਬੀਮਾਰੀ ਹੋਵੇ ਉਥੇ ਖੁਸ਼ੀ ਨਾਲ ਖ਼ੁਦ ਜਾਂਦੇ ਅਤੇ ਆਪਣੀਆਂ ਕਾਰਗਰ ਤੇ ਅਜ਼ਮਾਈਆਂ ਦਵਾਈਆਂ ਨਾਲ, ਖਤਰਨਾਕ ਬੀਮਾਰੀ ਤੇ ਫਤਹਿ ਪਾ ਲੈਂਦੇ ਹਨ, ਉਸੇ ਤਰ੍ਹਾਂ ਗੁਰਮੁਖ ਨਾਮ ਅਭਿਆਸੀ ਨੂੰ ਕਿਸੇ ਵੇਲੇ ਨਾਮ ਦੀ ਅਕਹਿ ਸ਼ਕਤੀ ਵਰਤਣ ਦਾ ਐਸਾ ਤਜਰਬਾ ਹੋ ਜਾਂਦਾ ਹੈ ਕਿ ਉਹ ਪਾਪ ਜਾਂ ਬਦੀ ਪਾਸ ਖ਼ੁਦ ਚਲ ਕੇ ਜਾਂਦੇ ਹਨ ਅਤੇ ਇਹਨਾਂ ਨੂੰ ਵੰਗਾਰਦੇ ਅਤੇ ਇਹਨਾਂ ਉਤੇ ਸਦਾ ਲਈ ਜਿੱਤ ਪ੍ਰਾਪਤ ਕਰਦੇ ਹਨ।

*ਹਰਿ ਕਾ ਨਾਮੁ ਕੋਟਿ ਲਖ ਬਾਹਾ।*





*ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ।*
*ਗਿਆਨ ਖੜਗੁ ਕਰਿ ਕਿਰਪਾ ਦੀਨਾ*
*ਦੂਤ ਮਾਰੇ ਕਰਿ ਧਾਈ ਹੇ।* *ਅੰਗ - 1072*

ਪਰ ਜਿਵੇਂ ਹਰ ਮਨੁੱਖ ਡਾਕਟਰ ਨਹੀਂ ਹੁੰਦਾ, ਇਸੇ ਤਰ੍ਹਾਂ ਹਰ ਸਿੱਖ ਗੁਰਮੁਖ ਨਹੀਂ ਹੁੰਦਾ। ਜਿਵੇਂ ਹਰ ਮਨੁੱਖ ਨੂੰ ਜੋ ਡਾਕਟਰ ਨਹੀਂ, ਹੈਜ਼ੇ ਜਾਂ ਪਲੇਗ ਤੋਂ ਬਚਣਾ ਅਤੇ ਦੂਰ ਰਹਿਣਾ ਚਾਹੀਦਾ ਹੈ, ਉਸੇ ਤਰ੍ਹਾਂ ਹਰ ਗੁਰਸਿੱਖ ਨੂੰ, ਜੋ ਕਿ ਗੁਰਮੁਖ ਨਾਮ ਅਭਿਆਸੀ ਨਹੀਂ, ਪਾਪ ਤੇ ਬਦੀ ਤੋਂ ਬਚਣਾ ਅਤੇ ਦੂਰ ਰਹਿਣਾ ਚਾਹੀਦਾ ਹੈ। ਜਿਵੇਂ ਹਰ ਇਕ ਮਨੁੱਖ ਵਿਦਿਆ, ਮਿਹਨਤ ਅਤੇ ਉਤਸ਼ਾਹ ਨਾਲ ਡਾਕਟਰ ਬਣ ਸਕਦਾ ਹੈ ਅਤੇ ਬੀਮਾਰਾਂ ਦੇ ਘਰ ਜਾ ਕੇ ਉਹਨਾਂ ਨੂੰ ਬੀਮਾਰੀ ਤੋਂ ਛੁਟਕਾਰਾ ਦਿਲਾ ਸਕਦਾ ਹੈ, ਇਸੇ ਤਰ੍ਹਾਂ ਹਰ ਗੁਰਸਿਖ ਗੁਰਬਾਣੀ ਦੀ ਸੂਝ ਅਨੁਸਾਰ ਲਗਾਤਾਰ ਜੀਵਨ ਬਤੀਤ ਕਰਕੇ ਅਤੇ ਨਾਮ ਦੀ ਕਮਾਈ ਵਿਚ ਪ੍ਰਪੱਕ ਹੋ ਕੇ ਕਿਸੇ ਵੇਲੇ ਦੁਨੀਆਂ ਨੂੰ ਪਾਪ ਤੇ ਬਦੀ ਤੋਂ ਸਦੀਵੀ ਛੁਟਕਾਰਾ ਦਿਲਾ ਸਕਦਾ ਹੈ।

ਜਿਵੇਂ ਬੀਮਾਰੀ ਆਪਣੇ ਆਪ ਵਿਚ ਕੁਝ ਨਹੀਂ ਹੁੰਦੀ, ਕੇਵਲ ਨਫੀ ਸ਼ਕਤੀ ਜਾਂ ਸਿਹਤ ਦੀ ਗੈਰਹਾਜ਼ਰੀ ਦਾ ਨਾਮ ਹੈ, ਇਸੇ ਤਰ੍ਹਾਂ ਪਾਪ ਤੇ ਬਦੀ ਵਾਸਤਵ ਵਿਚ ਕੁਝ ਨਹੀਂ, ਕੇਵਲ ਵਾਹਿਗੁਰੂ ਜੀ ਦੀ ਗੈਰਹਾਜ਼ਰੀ ਵਿਚ ਉਪਜ ਕੇ ਅਗਿਆਨੀ ਤੇ ਬੇਮੁਖ ਨੂੰ ਡਰਾਂਦੇ ਹਨ। ਜਦ ਤਕ ਡਾਕਟਰ ਨਾ ਬਣੋ ਤਦ ਤਕ ਬੀਮਾਰੀ ਤੋਂ ਦੂਰ ਰਹਿ ਕੇ ਬਚੋ, ਜਦ ਤਕ ਗੁਰਮੁਖ ਨਾਮ ਅਭਿਆਸੀ ਨਾ ਬਣੋ, ਪਾਪ ਤੇ ਬਦੀ ਨੂੰ ਖ਼ਤਰਨਾਕ ਸਮਝੋ ਅਤੇ ਇਹਨਾਂ ਤੋਂ ਦੂਰ ਰਹਿ ਕੇ ਬਚੋ।

# ਬਦੀ ਦੀ ਅਸਲੀਅਤ
## Reality Of Evil

ਸੰਸਾਰ ਵਿਚ ਜਦ (evil) ਨੂੰ ਹਰ ਪਾਸੇ ਫੈਲਿਆ ਦੇਖੀਏ ਤਾਂ ਕੁਦਰਤੀ ਖਿਆਲ ਆਉਂਦਾ ਹੈ ਕਿ ਵਾਹਿਗੁਰੂ ਦੀ ਰਚਨਾ ਵਿਚ ਬਦੀ ਕਿਥੋਂ ਪੈਦਾ ਹੋ ਗਈ? ਬਦੀ ਤੋਂ ਸਾਡੀ ਮੁਰਾਦ ਪਾਪ, ਦੁਖ, ਬੀਮਾਰੀ ਅਤੇ ਮੌਤ ਹੈ। ਦੁਨੀਆਂ ਦੀਆਂ ਸਭ ਮਾੜੀਆਂ ਚੀਜ਼ਾਂ ਪਾਪ, ਦੁੱਖ, ਬੀਮਾਰੀ ਅਤੇ ਮੌਤ ਦੇ ਦਾਇਰੇ ਵਿਚ ਆ ਜਾਂਦੀਆਂ ਹਨ। ਪਾਪ ਤੋਂ ਸਾਡੀ ਮੁਰਾਦ ਇਨਸਾਨ ਦੇ ਸਭ ਉਹ ਕੰਮ ਜਿਹੜੇ ਕਿ ਉਹ ਖੁਦਗਰਜ਼ੀ ਵਿਚ, ਇਨਸਾਫ ਤੇ ਸਚਾਈ ਦਾ ਤਿਆਗ ਕਰਕੇ ਕਰਦਾ ਹੈ ਅਤੇ ਦੁਖਾਂ ਤੋਂ ਸਾਡੀ ਮੁਰਾਦ ਉਹ ਸਜ਼ਾਵਾਂ ਹਨ ਜੋ ਇਨਸਾਨ ਨੂੰ ਖੁਦਗਰਜ਼ੀ ਵਿਚ ਇਨਸਾਫ ਤੇ ਸਚਾਈ ਦਾ ਤਿਆਗ ਕੀਤੇ ਸਭ ਕਰਮਾਂ ਦੇ ਫਲ ਦੀ ਸ਼ਕਲ ਵਿਚ ਭੁਗਤਣੀਆਂ ਪੈਂਦੀਆਂ ਹਨ। ਬੀਮਾਰੀ ਤੋਂ ਸਾਡੀ ਮੁਰਾਦ ਤਨ ਤੇ ਮਨ ਦੇ ਸਭ ਰੋਗ ਹਨ। ਦੁਨੀਆਂ ਵਿਚ ਬਦੀ ਅਤੇ ਇਸ ਤੋਂ ਪੈਦਾ ਹੋਣ ਵਾਲੇ ਸਭ ਤਲਖ ਨਤੀਜੇ ਕਿਥੋਂ ਪੈਦਾ ਹੋਏ? ਇਹ ਹੈ ਸਵਾਲ ਜੋ ਇਨਸਾਨ ਦੇ ਮਨ ਅੰਦਰ, ਬਦੀ ਦਾ ਜ਼ੋਰ ਦੇਖ ਕੇ ਕਈ ਵਾਰੀ ਪੈਦਾ ਹੁੰਦਾ ਹੈ। ਆਉ ਜ਼ਰਾ ਗੁਰੂ ਗਰੰਥ ਜੀ ਦੀ ਸਿਖਸ਼ਾ ਦੀ





ਰੌਸ਼ਨੀ ਵਿਚ ਇਸ ਸਵਾਲ ਦਾ ਜਵਾਬ ਲਭਣ ਦੀ ਕੋਸ਼ਿਸ਼ ਕਰੀਏ।

ਗੁਰੂ ਗਰੰਥ ਜੀ ਵਿਚ ਲਿਖਿਆ ਹੈ ਕਿ ਸਾਰੀ ਸੰਸਾਰ ਰਚਨਾ ਵਿਚ ਸਿਵਾਏ ਵਾਹਿਗੁਰੂ ਦੇ ਹੋਰ ਕੋਈ ਹੈ ਹੀ ਨਹੀਂ -

*ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥*
*ਅੰਗ - 349*

ਵਾਹਿਗੁਰੂ ਜੀ ਦਾ ਗੁਣ ਇਹੋ ਹੈ ਕਿ ਉਸ ਤੋਂ ਸਿਵਾ ਜਗਤ ਵਿਚ ਹੋਰ ਕੋਈ ਹੈ ਨਹੀਂ। ਉਸ ਤੋਂ ਸਿਵਾ ਪਿਛੋ ਕਦੀ ਕੋਈ ਹੋਇਆ ਨਹੀਂ ਅਤੇ ਅਗੋ ਨੂੰ ਕਦੀ ਕੋਈ ਹੋ ਸਕਦਾ ਨਹੀਂ -

*ਤੁਝ ਬਿਨੁ ਦੂਜਾ ਕੋਇ ਨਾਹਿ।* *ਅੰਗ - 1181*

*ਤਿਸ ਤੇ ਪਰੈ ਨਾਹੀ ਕਿਛੁ ਕੋਇ।*
*ਸਰਬ ਨਿਰੰਤਰਿ ਏਕੋ ਸੋਇ।* *(ਗੁਰੂ ਅਰਜਨ ਦੇਵ)*

ਵਾਹਿਗੁਰੂ ਤੋਂ ਪਰੇ ਹੋਰ ਕੁਛ ਹੈ ਹੀ ਨਹੀਂ। ਜਗਤ ਰਚਨਾ ਦੇ ਅੰਦਰ ਕੇਵਲ ਇਕ ਵਾਹਿਗੁਰੂ ਹੀ ਰਵਿਆ ਹੋਇਆ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ॥* *ਅੰਗ - 293*

ਵਾਹਿਗੁਰੂ ਹਰ ਥਾਂ ਮੌਜਦੂ ਹੈ, ਸਭ ਚੀਜ਼ਾਂ ਦੇ ਅੰਦਰ ਵੀ ਵਾਹਿਗੁਰੂ ਹੈ ਅਤੇ ਬਾਹਰ ਵੀ ਵਾਹਿਗੁਰੂ ਹੈ। ਹਰ ਸ਼ਖਸ ਦੇ ਦਿਲ ਵਿਚ ਵਾਹਿਗੁਰੂ ਵਿਆਪ ਰਿਹਾ ਹੈ -

*ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥* *ਅੰਗ - 706*

ਵਾਹਿਗੁਰੂ ਖੰਡਾਂ, ਬ੍ਰਹਮੰਡਾਂ, ਪਾਤਾਲ ਆਦਿ ਵਿਚ ਸਭ ਜਗ੍ਹਾ ਰਵਿਆ ਹੋਇਆ (ਮੌਜੂਦ) ਹੈ।

ਗੁਰੂ ਗਰੰਥ ਜੀ ਵਿਚ ਜਿਥੇ ਵਾਹਿਗੁਰੂ ਨੂੰ ਜਗਤ ਰਚਨਾ ਦੇ ਅੰਦਰ ਬਾਹਰ ਜ਼ੱਰੇ ਜ਼ੱਰੇ ਵਿਚ ਰਵਿਆ ਦਸਿਆ ਹੈ, ਉਥੇ ਇਹ

ਵੀ ਲਿਖਿਆ ਹੈ ਕਿ ਵਾਹਿਗੁਰੂ ਬੜਾ ਸੁੰਦਰ, ਬੜਾ ਚੰਗਾ, ਬੜਾ ਕ੍ਰਿਪਾਲੂ, ਕਿਰਪਾ ਦੀ ਖਾਨ, ਸੁਖਾਂ ਦਾ ਸਾਗਰ, ਅਨੰਦ ਰੂਪ, ਅਮਰ, ਅਕਾਲ, ਨਿਰਭਉ, ਨਿਰਵੈਰ, ਸਰਬ ਸ਼ਕਤੀਮਾਨ, ਸਭ ਕਾਰਨਾਂ ਦਾ ਕਰਤਾ, ਬੇਮੁਥਾਜ, ਦੁਨੀਆਂ ਨੂੰ ਪਿਆਰ ਕਰਨ ਵਾਲਾ, ਰਾਖਾ, ਸ਼ੁਭ ਗੁਣਾਂ ਦਾ ਖਜ਼ਾਨਾ, ਬਦਲਾ ਨਾ ਲੈਣ ਵਾਲਾ, ਅਉਗਣਾਂ ਨੂੰ ਚੇਤੇ ਨਾ ਰਖਣ ਵਾਲਾ, ਮਿਠ ਬੋਲੜਾ ਭਗਤ-ਵਛਲ ਹੈ। ਗੁਰੂ ਗਰੰਥ ਜੀ ਵਿਚ ਇਹ ਵੀ ਲਿਖਿਆ ਹੈ ਕਿ ਵਾਹਿਗੁਰੂ ਆਪ ਬੜਾ ਚੰਗਾ ਹੈ ਅਤੇ ਉਹ ਕੰਮ ਵੀ ਅਤਿ ਚੰਗੇ ਕਰਦਾ ਹੈ, ਉਸ ਤੋਂ ਕਿਸੇ ਦਾ ਬੁਰਾ ਨਹੀਂ ਹੋ ਸਕਦਾ।

*ਪਾਰਬ੍ਰਹਮ ਪਰਮੇਸੁਰ ਗੋਬਿੰਦ॥*
*ਕ੍ਰਿਪਾ ਨਿਧਾਨ ਦਇਆਲ ਬਖਸੰਦ॥* ਅੰਗ - 283

*ਅਨਦ ਰੂਪ ਮੰਗਲ ਸਦ ਜਾ ਕੈ॥* ਅੰਗ - 284

*ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ।* ਅੰਗ - 596

*ਸਮਰਥ ਸਰਣਾ ਜੋਗੁ ਸੁਆਮੀ ਕ੍ਰਿਪਾ ਨਿਧਿ ਸੁਖਦਾਤਾ॥*
ਅੰਗ - 578

*ਪ੍ਰਭ ਸਾਚੇ ਕੀ ਸਾਚੀ ਕਾਰ॥* ਅੰਗ - 665

*ਆਪਿ ਭਲਾ ਕਰਤੂਤਿ ਅਤਿ ਨੀਕੀ।* ਅੰਗ - 294

*ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ॥*
ਅੰਗ - 585

*ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ।*
*ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ।*
ਅੰਗ - 847

*ਪੂਰਨ ਪੁਰਖੁ ਨਵਤਨੁ ਨਿਤ ਬਾਲਾ॥*
*ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ॥* ਅੰਗ - 240





*ਜੀਅ ਜੰਤ ਪ੍ਰਤਿਪਾਲਦਾ ਭਾਈ ਨਿਤ ਨਿਤ ਕਰਦਾ ਸਾਰ॥*
ਅੰਗ - 639

*ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੇ ਥਾਉ॥*
ਅੰਗ - 640

*ਹਰਿ ਦਾਸਨ ਸਿਉ ਪ੍ਰੀਤਿ ਹੈ ਹਰਿ ਦਾਸਨ ਕੋ ਮਿਤੁ॥*
ਅੰਗ - 652

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।*
*ਹਉ ਸੰਮਲਿ ਥਕੀ ਜੀ ਓਹੁ ਕਦੇ ਨਾ ਬੋਲੈ ਕਉਰਾ।*
*ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ*
*ਅਉਗਣੁ ਕੋ ਨਾ ਚਿਤਾਰੇ।* ਅੰਗ - 784

*ਆਪਿ ਭਲਾ ਕਰਤੂਤਿ ਅਤਿ ਨੀਕੀ॥* ਅੰਗ - 294

ਗੁਰੂ ਗਰੰਥ ਜੀ ਵਿਚ ਵਾਹਿਗੁਰੂ ਨੂੰ ਕੇਵਲ ਚੰਗਾ ਤੇ ਗੁਣਾਂ ਦੀ ਖਾਣ ਨਹੀਂ ਦਸਿਆ ਸਗੋਂ ਇਹ ਵੀ ਦਸਿਆ ਹੈ ਕਿ ਵਾਹਿਗੁਰੂ ਵਿਚ ਬਦੀ ਜਾਂ ਬੁਰਿਆਈ ਦਾ ਨਾਮ ਨਿਸ਼ਾਨ ਨਹੀਂ। ਗੁਰੂ ਗਰੰਥ ਜੀ ਅਨੁਸਾਰ ਵਾਹਿਗੁਰੂ ਵਿਚ ਮੌਤ ਨਹੀਂ, ਦੁਖ ਦਰਦ ਨਹੀਂ। ਪਾਪ ਸੰਤਾਪ ਨਹੀਂ। ਗੁਰੂ ਗਰੰਥ ਜੀ ਦਾ ਤਾਂ ਇਹ ਫੈਸਲਾ ਹੈ ਕਿ ਵਾਹਿਗੁਰੂ ਵਿਚ ਬਦੀ ਦਾ ਤਾਂ ਕੀ ਹੋਣਾ ਹੈ, ਵਾਹਿਗੁਰੂ ਦਾ ਨਾਮ ਲੈਣ ਵਾਲੇ ਵਿਚ ਬਦੀ ਦਾ ਤੁਖਮ ਨਹੀਂ ਰਹਿੰਦਾ।

*ਪ੍ਰਭ ਦੂਖ ਦਰਦ ਭ੍ਰਮ ਹਰਤਾ ਰਾਮ॥* ਅੰਗ - 578

*ਸਭਿ ਕੈ ਮਧਿ ਸਭਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ॥*
ਅੰਗ - 785

*ਦੂਖ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ।*
*ਤਿਸੁ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ।*
*ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ।*
ਅੰਗ - 44

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥* ਅੰਗ - 819

*ਦੂਖੁ ਦਰਦੁ ਭਰਮੁ ਭਉ ਨਸਿਆ।*
*ਕਰਣਹਾਰੁ ਨਾਨਕ ਮਨਿ ਬਸਿਆ।* ਅੰਗ - 189

*ਨਾਮ ਅਉਖਧੁ ਮੋਕਉ ਸਾਧੂ ਦੀਆ।*
*ਕਿਲਬਿਖ ਕਾਟੇ ਨਿਰਮਲੁ ਥੀਆ।*
*ਅਨਦੁ ਭਇਆ ਨਿਕਸੀ ਸਭ ਪੀਰਾ।*
*ਸਗਲ ਬਿਨਾਸੇ ਦਰਦਾ ਜੋਉ।* ਅੰਗ - 101

*ਰੋਗ ਸੋਗ ਸਭਿ ਦੂਖ ਬਿਨਾਸਹਿ ਉਤਰੇ ਸਗਲ ਕਲੇਸਾ॥*
ਅੰਗ - 531

*ਜਾਕੈ ਹਰਿ ਵਸਿਆ ਮਨ ਮਾਹੀ॥* ਅੰਗ - 193

*ਰੋਗ ਸੋਗ ਦੂਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ॥*
ਅੰਗ - 711

ਜੇਕਰ ਗੁਰੂ ਗਰੰਥ ਜੀ ਦੀ ਸਿਖਸ਼ਾ ਅਨੁਸਾਰ ਵਾਹਿਗੁਰੂ ਹੀ ਵਾਹਿਗੁਰੂ ਸਭ ਪਾਸੇ ਵਿਆਪਕ ਹੈ ਅਤੇ ਵਾਹਿਗੁਰੂ ਸਭ ਚੰਗਿਆਈਆਂ ਤੇ ਗੁਣਾਂ ਦੀ ਖਾਨ ਜਾਂ ਸਾਗਰ ਹੈ ਅਤੇ ਵਾਹਿਗੁਰੂ ਵਿਚ ਪਾਪ, ਦੁਖ, ਬੀਮਾਰੀ ਅਤੇ ਮੌਤ ਦਾ ਨਾਮ ਨਿਸ਼ਾਨ ਨਹੀਂ ਅਤੇ ਵਾਹਿਗੁਰੂ ਪਾਸੋਂ ਸਿਵਾਏ ਨੇਕ ਤੇ ਚੰਗੇ ਕੰਮ ਹੋਣ ਦੇ ਹੋਰ ਕੋਈ ਆਸ ਹੀ ਨਹੀਂ ਕੀਤੀ ਜਾ ਸਕਦੀ ਤਾਂ ਫੇਰ ਬਦੀ ਜਾਂ ਪਾਪ, ਦੁਖ, ਬੀਮਾਰੀ ਤੇ ਮੌਤ ਕਿਥੋਂ ਆਏ ਅਤੇ ਇਹ ਕੀ ਹਨ? ਆਓ, ਗੁਰੂ ਗਰੰਥ ਜੀ ਪਾਸੋਂ ਹੀ ਇਸ ਸਵਾਲ ਦਾ ਜਵਾਬ ਪੁਛੀਏ।

ਸ੍ਰੀ ਗੁਰੂ ਗਰੰਥ ਜੀ ਵਿਚ ਲਿਖਿਆ ਹੈ -

*ਪਰਮੇਸਰੁ ਤੇ ਭੁਲਿਆ ਵਿਆਪਨਿ ਸਭੇ ਰੋਗ।* ਅੰਗ - 135

*ਤਿਨ ਜਮਕਾਲਿ ਨ ਵਿਆਪਈ ਜਿਨ ਸਚੁ ਅੰਮ੍ਰਿਤ ਪੀਵੇ।*
ਅੰਗ - 83





*ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ॥* ਅੰਗ - 813

*ਗੁਰ ਪਰਸਾਦਿ ਵਸੈ ਮਨਿ ਆਇ। ਦੁਖੁ ਅਨੇਰਾ ਵਿਚਹੁ ਜਾਇ।*
ਅੰਗ - 349

*ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ।* ਅੰਗ - 813

*ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ॥*
ਅੰਗ - 574

*ਹਰਿ ਬਿਸਰਤ ਸਦਾ ਖੁਆਰੀ।* ਅੰਗ - 712

*ਮਾਈ ਮਾਇਆ ਛਲੁ॥* ਅੰਗ - 717

ਗੁਰੂ ਗਰੰਥ ਜੀ ਦੇ ਉਕਤ ਮਹਾਂ ਵਾਕਾਂ ਵਿਚ ਇਹ ਦਸਿਆ ਹੈ ਕਿ ਵਾਹਿਗੁਰੂ ਨੂੰ ਭੁਲਣ ਵਾਲੇ ਮਨ ਵਿਚ, ਰੋਗ, ਦੁਖ, ਜਮ, ਮੌਤ ਆਦਿ ਚੀਜ਼ਾਂ ਵਿਆਪਦੀਆਂ ਹਨ। ਉਕਤ ਮਹਾਂਵਾਕਾਂ ਨੂੰ ਚੰਗੀ ਤਰਵਾਂ ਸਮਝਣ ਵਾਸਤੇ ਬੜਾ ਜ਼ਰੂਰੀ ਹੈ ਕਿ ਅਖਰ 'ਵਿਆਪਨ' ਦੇ ਅਰਥ ਸਮਝੇ ਜਾਣ। 'ਵਿਆਪਨ' ਦੇ ਅਰਥ ਹਨ 'ਲਗਨਾ', 'ਪ੍ਰਤੀਤ ਹੋਣਾ'। ਇਸ ਤੋਂ ਇਲਾਵਾ ਅਖਰ 'ਮਾਇਆ' ਦੇ ਅਰਥ ਜਾਨਣੇ ਵੀ ਜ਼ਰੂਰੀ ਹਨ। 'ਮਾਇਆ' ਦੇ ਅਰਥ ਹਨ, ਛਲ, ਧੋਖਾ, ਫਰੇਬ, ਭੁਲੇਖਾ। ਉਹ ਭੁਲੇਖਾ ਜੋ ਜਗਤ ਦੀ ਅਣਹੋਂਦ ਵਿਚ ਹੋਂਦ ਦਿਖਾ ਰਿਹਾ ਹੈ।

ਕਿਉਂਕਿ ਬਦੀ ਮਾਇਆ ਦੀ ਅੰਸ ਹੈ ਅਤੇ 'ਮਾਇਆ' ਖੁਦ ਹੈ ਨਹੀਂ, ਕੇਵਲ ਛਲ ਕਰਕੇ, ਧੋਖੇ ਵਿਚ ਪਰਤੀਤ ਹੁੰਦੀ ਹੈ, ਇਸ ਕਰਕੇ ਬਦੀ ਜਾਂ ਪਾਪ, ਦੁਖ, ਬੀਮਾਰੀ ਅਤੇ ਮੌਤ, ਵਾਸਤਵ ਵਿਚ ਕੋਈ ਸਤ ਚੀਜ਼ਾਂ ਨਹੀਂ। ਇਹ ਅਸਤ ਹੁੰਦੀਆਂ ਹੋਈਆਂ ਅਗਿਆਨੀ ਮਨ ਨੂੰ ਸਤ ਭਾਸਦੀਆਂ ਹਨ।

ਬਦੀ ਦੀ ਅਸਲੀਅਤ ਨੂੰ ਸਮਝਣ ਵਾਸਤੇ ਇਸ ਮਿਸਾਲ

ਨੂੰ ਸਮਝਣਾ ਜ਼ਰੂਰੀ ਹੈ। ਅੰਧੇਰੇ ਵਿਚ ਬੱਚੇ ਨੂੰ 'ਹਊਆ' ਨਜ਼ਰ ਆਉਂਦਾ ਹੈ। ਸਿਆਣੇ ਨੂੰ ਉਸੇ ਅੰਧੇਰੇ ਵਿਚ 'ਹਊਆ' ਨਜ਼ਰ ਨਹੀਂ ਆਉਂਦਾ। ਜਿੰਨਾ ਚਿਰ ਬੱਚੇ ਨੂੰ ਸਮਝ ਨਾ ਆਵੇ, ਉਹ ਅੰਧੇਰੇ ਤੋਂ ਪੈਦਾ ਹੋਏ ਹਊਏ ਨੂੰ ਸਚ ਸਮਝਦਾ, ਉਸ ਤੋਂ ਡਰਦਾ, ਡਰ ਕੇ ਚੀਕਾਂ ਮਾਰਦਾ ਤੇ ਕੰਬਦਾ ਹੈ। ਜਦ ਉਸੇ ਬੱਚੇ ਨੂੰ ਸਮਝ ਆ ਜਾਵੇ ਤਦ ਉਸ ਨੂੰ ਅੰਧੇਰੇ ਵਿਚੋਂ 'ਹਊਆ' ਨਜ਼ਰ ਨਹੀਂ ਆਉਂਦਾ। ਸਿਆਣਿਆਂ ਹੋ ਕੇ ਬੱਚੇ ਨੂੰ ਪਤਾ ਲਗਦਾ ਹੈ ਕਿ ਅੰਧੇਰੇ ਵਿਚ 'ਹਊਏ' ਦੀ ਸ਼ਕਲ ਉਸਨੂੰ ਵਿਆਪਦੀ ਸੀ, ਪਰਤੀਤ ਹੁੰਦੀ ਸੀ। ਅਸਲ ਵਿਚ 'ਹਊਆ' ਹੈ ਨਹੀਂ ਸੀ।

ਜਿਵੇਂ ਅੰਧੇਰੇ ਵਿਚ ਬੱਚੇ ਨੂੰ ਹਊਆ ਪਰਤੀਤ ਹੁੰਦਾ ਹੈ, ਉਸੇ ਤਰ੍ਹਾਂ ਅਗਿਆਨਤਾ ਦੇ ਅੰਧੇਰੇ ਵਿਚ ਜੀਵ ਨੂੰ ਪਾਪ, ਦੁਖ, ਬੀਮਾਰੀ ਤੇ ਮੌਤ ਪ੍ਰਤੀਤ ਹੁੰਦੇ ਹਨ। ਜਿਵੇਂ ਅੰਧੇਰੇ ਵਿਚ ਲੈਂਪ ਜਗਾਣ ਨਾਲ ਅੰਧੇਰਾ ਵੀ ਨਹੀਂ ਰਹਿੰਦਾ ਅਤੇ ਅੰਧੇਰੇ ਤੋਂ ਪੈਦਾ ਹੋਇਆ 'ਹਊਆ' ਵੀ ਨਹੀਂ ਰਹਿੰਦਾ ਉਸੇ ਤਰ੍ਹਾਂ ਅਗਿਆਨਤਾ ਦੇ ਅੰਧੇਰੇ ਵਿਚ ਗੁਰੂ ਗਰੰਥ ਜੀ ਦੀ ਸਿਖਸ਼ਾ ਦੇ ਚਾਨਣ ਹੋਇਆਂ ਅਗਿਆਨਤਾ ਦਾ ਅੰਧੇਰਾ ਵੀ ਨਹੀਂ ਰਹਿੰਦਾ ਅਤੇ ਉਸ ਅੰਧੇਰੇ ਤੋਂ ਪੈਦਾ ਹੋਏ ਪਾਪ, ਬੀਮਾਰੀ, ਦੁਖ ਤੇ ਮੌਤ ਵੀ ਨਹੀਂ ਰਹਿੰਦੇ। ਗੁਰੂ ਗਰੰਥ ਜੀ ਵਿਚ ਗੁਰੂਆਂ, ਮਹਾਤਮਾਂ, ਭਗਤਾਂ ਦੀ ਆਤਮਕ ਖੋਜ ਦਾ ਸਿਟਾ ਇਹ ਹੈ ਕਿ ਇਸ ਦੁਨੀਆਂ ਵਿਚ ਹਕੀਕਤ ਦੀ ਅੱਖ ਨਾਲ ਦੇਖਿਆਂ ਕੇਵਲ ਵਾਹਿਗੁਰੂ ਹੀ ਵਾਹਿਗੁਰੂ ਹੈ, ਅਤੇ ਵਾਹਿਗੁਰੂ ਤੋਂ ਸਿਵਾ ਹੋਰ ਕੋਈ ਚੀਜ਼ ਨਹੀਂ ਦਿਸਦੀ। ਏਥੇ ਇਹ ਦਸਣਾ ਦਿਲਚਸਪੀ ਤੋਂ ਖਾਲੀ ਨਹੀਂ ਹੋਵੇਗਾ ਕਿ ਮੁਸਲਮਾਨਾਂ ਦੀ ਪਵਿਤਰ ਕੁਰਾਨ ਮਜੀਦ ਵਿਚ ਹਜ਼ਰਤ ਮੁਹੰਮਦ ਸਾਹਿਬ ਦਾ ਸਭ ਤੋਂ ਪਹਿਲਾ ਲਿਖਿਆ ਆਤਮਕ ਤਜਰਬਾ ਵੀ ਇਹੋ ਹੈ ਕਿ ਜਗਤ ਰਚਨਾ





ਵਿਚ ਸਿਵਾਏ ਅੱਲਾ ਤਾਲਾ ਦੇ ਹੋਰ ਕੋਈ ਚੀਜ਼ ਹੈ ਹੀ ਨਹੀਂ। ਮੁਸਲਮਾਨਾਂ ਦੇ ਗੁਰ ਮੰਤਰ ਜਾਂ ਕਲਮੇ ਦੇ ਸਭ ਤੋਂ ਪਹਿਲੇ ਅਖਰ ਇਹ ਹਨ -

ਲਾ ਇਲਾਹ ਇਲਿੱਲਾ।

ਭਾਵ ਵਾਹਿਗੁਰੂ ਜਾਂ ਅੱਲਾ ਤੋਂ ਸਿਵਾ ਹੋਰ ਕੁਝ ਹੈ ਹੀ ਨਹੀਂ। ਏਸੇ ਤਰ੍ਹਾਂ ਹਿੰਦੂਆਂ ਦੇ ਰਿਸ਼ੀ ਮੁਨੀਆਂ ਦੇ ਖੋਜ ਦਾ ਸਿਟਾ ਵੀ ਏਹੋ ਹੈ ਕਿ 'ਏਕੋ ਬ੍ਰਹਮ ਦੁਤੀਆਂ ਨਾਸਤੀ' ਸਵਾਏ ਬ੍ਰਹਮ ਦੇ ਹੋਰ ਕੋਈ ਦੂਸਰੀ ਚੀਜ਼ ਹੈ ਨਹੀਂ।

ਜੇਕਰ ਸਭ ਧਰਮਾਂ ਦੀ ਆਤਮਕ ਖੋਜ ਦਾ ਸਿਟਾ ਏਹੋ ਹੈ ਕਿ ਜਗਤ ਵਾਹਿਗੁਰੂ ਤੋਂ ਪੈਦਾ ਹੋਣ ਕਰਕੇ ਵਾਹਿਗੁਰੂ ਰੂਪ ਹੈ ਅਤੇ ਵਾਹਿਗੁਰੂ ਰੂਪ ਹੋਣ ਕਰਕੇ ਇਸ ਵਿਚ ਕਿਸੇ ਐਸੀ ਚੀਜ਼ ਦੇ ਹੋਣ ਦੀ ਗੁੰਜਾਇਸ਼ ਨਹੀਂ ਜੋ ਵਾਹਿਗੁਰੂ ਤੋਂ ਉਲਟ ਹੋਵੇ। ਤਾਂ ਫੇਰ ਪਾਪਾਂ, ਬੀਮਾਰੀ, ਦੁਖ, ਤੇ ਮੌਤ ਦੀ ਅਸਲੀਅਤ ਸਿਵਾਏ ਇਸਦੇ ਹੋਰ ਕੁਝ ਹੋ ਨਹੀਂ ਸਕਦੀ ਕਿ ਇਹ ਚੀਜ਼ਾਂ ਹੈਨ ਤਾਂ ਨਹੀਂ ਪਰ ਜਿਸ ਮਨ ਵਿਚ ਵਾਹਿਗੁਰੂ ਦੀ ਯਾਦ ਨਹੀਂ ਜਾਂ ਜਿਹੜਾ ਮਨ ਵਾਹਿਗੁਰੂ ਦੀ ਗੈਰ-ਹਾਜ਼ਰੀ ਵਿਚ ਰਹਿੰਦਾ ਹੈ ਉਥੇ ਪਾਪ, ਬੀਮਾਰੀ, ਦੁਖ ਤੇ ਮੌਤ ਉਤਨੇ ਚਿਰ ਲਈ ਪੈਦਾ ਹੋ ਕੇ ਸਤ ਭਾਸਦੀਆਂ ਤੇ ਤਕਲੀਫ਼ ਦੇਂਦੀਆਂ ਹਨ ਜਦ ਤਕ ਕਿ ਉਸ ਮਨ ਨੂੰ ਆਪਣੇ ਨਾਲ ਬਿਰਾਜਣ ਵਾਲੇ ਵਾਹਿਗੁਰੂ ਦਾ ਗਿਆਨ ਤੇ ਵਿਸ਼ਵਾਸ ਨਾ ਹੋ ਜਾਵੇ।

*ਜਹ ਜਹ ਮਨ ਤੂੰ ਧਾਵਦਾ ਤਹ ਤਹ ਹਰਿ ਤੇਰੈ ਨਾਲੇ॥*

*ਅੰਗ - 440*

ਗੁਰੂ ਗਰੰਥ ਜੀ ਦੀ ਸਿਖਿਆ ਨੂੰ ਗੁਰੂ ਮੰਨਣ ਵਾਲਾ ਸਿੱਖ

ਇਸ ਸਿਖਿਆ ਨੂੰ ਸਤ ਮੰਨਦਾ ਹੋਇਆ ਪਾਪਾਂ, ਦੁਖ, ਬੀਮਾਰੀ, ਮੌਤ ਦੀ ਅਸਲੀਅਤ ਨੂੰ ਧੂਏਂ ਦੇ ਪਹਾੜ ਦੀ ਤਰ੍ਹਾਂ ਥੋਥਾ ਤੇ ਨਿਰਬਲ ਸਮਝਦਾ ਹੈ ਅਤੇ ਇਹਨਾਂ ਤੋ ਡਰਨ ਦੀ ਬਜਾਏ ਆਪਣੇ ਮਨ ਅੰਦਰ ਵਾਹਿਗੁਰੂ 'ਨਾਮ' ਦਾ ਨਿਵਾਸ ਕਰਕੇ ਇਹਨਾਂ ਲਈ ਆਪਣੇ ਉਤੇ ਹਮਲੇ ਕਰਨ ਦਾ ਮੌਕਾ ਹੀ ਨਹੀਂ ਛਡਦਾ। ਪਾਪਾਂ, ਦੁਖ, ਬੀਮਾਰੀ, ਮੌਤ, ਨਾਮ ਵਿਹੂਣੇ ਜਾਂ ਨਾਮ ਤੋਂ ਸਖਣੇ ਮਨਾਂ ਉਤੇ ਆਪਣੇ ਹਮਲੇ ਕਰ ਸਕਦੇ ਹਨ ਪਰ ਜਿਸ ਮਨ ਵਿਚ 'ਨਾਮ' ਵਸ ਜਾਵੇ ਉਥੇ ਇਨ੍ਹਾਂ ਚੀਜ਼ਾਂ ਦੇ ਖਿਆਲ ਤਕ ਆਉਣ ਦੀ ਗੁੰਜਾਇਸ਼ ਨਹੀਂ ਰਹਿੰਦੀ। ਜਿਸ ਮਨ ਵਿਚ ਪਾਪ, ਬੀਮਾਰੀ, ਦੁਖ ਤੇ ਮੌਤ ਦਾ ਖਿਆਲ ਤਕ ਨਾ ਆਵੇ ਉਸ ਮਨ ਵਿਚ ਇਹਨਾਂ ਨੂੰ ਆਪਣੇ ਬੀਜ ਬੀਜਣ ਦਾ ਮੌਕਾ ਹੀ ਨਹੀਂ ਮਿਲਦਾ। ਗੁਰੂ ਗਰੰਥ ਜੀ ਦੀ ਸਿਖਸ਼ਾ ਦਾ ਤਾਂ ਇਹ ਦਾਹਵਾ ਹੈ ਕਿ ਜਿਸ ਮਨ ਵਿਚ ਪਾਪ, ਬੀਮਾਰੀ, ਦੁਖ ਤੇ ਮੌਤ ਨੇ ਆਪਣਾ ਡੇਰਾ ਜਮਾਇਆ ਹੋਇਆ ਹੋਵੇ ਅਤੇ ਜਿਸ ਮਨ ਨੂੰ ਇਹਨਾਂ ਤੋਂ ਛੁਟਕਾਰਾ ਪਾਣ ਦੀ ਕੋਈ ਆਸ ਉਮੀਦ ਨਾ ਹੋਵੇ, ਉਸ ਮਨ ਵਿਚ ਵਾਹਿਗੁਰੂ ਦੇ ਨਾਮ ਦਾ ਨਿਵਾਸ ਹੋ ਜਾਵੇ ਤਾਂ ਇਹ ਸਭ ਦੁਸ਼ਟ ਉਸ ਮਨ ਨੂੰ ਹਮੇਸ਼ਾਂ ਲਈ ਛਡ ਜਾਂਦੇ ਹਨ।

*ਜਾ ਕਉ ਮੁਸਕਲੁ ਅਤਿ ਬਣੈ ਢੋਈ ਨ ਦੇਇ।*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ।*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ।*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।* *ਅੰਗ - 70*

*ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ।*
*ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ।*
*ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ।*





*ਚਿਤਿ ਆਵੈ ਓਸੁ ਪਾਰਬ੍ਰਹਮ ਤਾ ਨਿਹਚਲੁ ਹੋਵੈ ਰਾਜੁ।*
*ਅੰਗ - 70*

*ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ।*
*ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ।*
*ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ।*
*ਚਿਤਿ ਆਵੈ ਓਸੁ ਪਾਰਬ੍ਰਹਮ ਤਨੁ ਮਨੁ ਸੀਤਲੁ ਹੋਇ।*
*ਕਾਮ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ।*
*ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ।*
*ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ।*
*ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ।*
*ਅੰਗ - 70*

# ਕਈ ਸੰਤ ਮਹਾਤਮਾ ਵੀ ਕਿਉਂ ਬੀਮਾਰ ਹੁੰਦੇ ਹਨ?

ਸਾਥੋਂ ਪੁਛ ਕੀਤੀ ਗਈ ਹੈ ਕਿ ਜਦ ਨਾਮ ਜਪਣ ਨਾਲ ਸਭ ਬੀਮਾਰੀਆਂ ਦੂਰ ਹੁੰਦੀਆਂ ਹਨ ਅਤੇ ਨਾਮ ਸਭ ਬੀਮਾਰੀਆਂ ਦੀ ਦਵਾਈ ਹੈ ਤਾਂ ਫਿਰ ਪਿਛੇ ਹੋਏ ਸਿੱਖਾਂ ਵਿਚ ਕਈ ਸੰਤ ਮਹਾਤਮਾ ਕਿਉਂ ਬੀਮਾਰ ਹੁੰਦੇ ਰਹੇ ਹਨ?

ਇਸ ਸਵਾਲ ਦੀ ਵਿਚਾਰ ਅਸੀਂ ਇਕ ਮਿਸਾਲ ਦੇ ਕੇ ਸ਼ੁਰੂ ਕਰਨੀ ਚਾਹੁੰਦੇ ਹਾਂ। ਯੂਨੀਵਰਸਿਟੀ ਦੀ ਵਿਦਿਆ ਦੀ ਇਕ ਬੜੀ ਡਿਗਰੀ ਐਮ. ਏ. ਦੀ ਹੁੰਦੀ ਹੈ। ਇਹ ਡਿਗਰੀ ਉਸ ਨੂੰ ਮਿਲਦੀ ਹੈ ਜੋ ਹਿਸਟਰੀ, ਇਕਨੌਮਿਕਸ, ਹਿਸਾਬ, ਜੁਗਰਾਫੀਆਂ, ਅੰਗਰੇਜ਼ੀ ਆਦਿ ਕਿਸੇ ਇਕ ਮਜ਼ਮੂਨ ਵਿਚ ਪਾਸ ਹੋ ਜਾਵੇ। ਜਿਹੜਾ ਹਿਸਟਰੀ ਵਿਚ ਪਾਸ ਹੋਵੇ, ਉਸ ਨੂੰ ਵੀ ਐਮ. ਏ. ਆਖਦੇ ਹਨ, ਜਿਹੜਾ ਹਿਸਾਬ ਵਿਚ ਪਾਸ ਹੋਵੇ, ਉਸ ਨੂੰ ਵੀ ਐਮ. ਏ. ਆਖਦੇ ਹਨ ਤੇ ਜਿਹੜਾ ਜੁਗਰਾਫੀਏ ਵਿਚ ਪਾਸ ਹੋਵੇ ਉਸ ਨੂੰ ਵੀ ਐਮ. ਏ. ਆਖਦੇ ਹਨ।

ਜੁਰਾਫੀਏ ਵਿਚ ਪਾਸ ਹੋਏ ਐਮ. ਏ. ਲਈ ਹਿਸਟਰੀ ਜਾਂ ਹਿਸਾਬ ਦਾ ਬਹੁਤਾ ਜਾਨਣਾ ਜ਼ਰੂਰੀ ਨਹੀਂ, ਇਸੇ ਤਰ੍ਹਾਂ ਹਿਸਾਬ





ਵਿਚ ਐਮ. ਏ. ਪਾਸ ਹੋਏ ਲਈ ਇਕਨੌਮਿਕਸ ਦਾ ਬਹੁਤਾ ਜਾਨਣਾ ਜ਼ਰੂਰੀ ਨਹੀਂ। ਹੋ ਸਕਦਾ ਹੈ ਕਿ ਹਿਸਾਬ ਵਿਚ ਐਮ. ਏ. ਪਾਸ ਕਰਨ ਵਾਲੇ ਪੁਰਸ਼ ਨੂੰ ਹਿਸਟਰੀ ਘਟ ਆਉਂਦੀ ਹੋਵੇ, ਜਾਂ ਉਸਦੀ ਅੰਗਰੇਜ਼ੀ ਬੜੀ ਕਮਜ਼ੋਰ ਹੋਵੇ। ਇਸ ਤੋਂ ਸਿਧ ਹੋਇਆ ਕਿ ਡਿਗਰੀ ਐਮ. ਏ. ਦੀ ਮਿਲਦੀ ਹੈ ਪਰ ਹਰ ਇਕ ਐਮ. ਏ. ਲਈ ਜ਼ਰੂਰੀ ਨਹੀਂ ਕਿ ਇਲਮ ਦੇ ਸਾਰੇ ਪਾਸੇ ਹੀ ਇਕੋ ਜਿਹੇ ਜਾਣਦਾ ਹੋਵੇ।

ਸਿੱਖਾਂ ਵਿਚ 'ਸੰਤ' ਇਕ ਐਸੀ ਡਿਗਰੀ ਹੈ ਜੋ ਆਮ ਲੋਕਾਂ ਨਾਲੋਂ ਧਾਰਮਿਕ ਤੌਰ ਤੇ ਉਚੇਰੇ ਜੀਵਨ ਵਾਲੇ ਹਰ ਇਕ ਪੁਰਸ਼ ਨੂੰ ਦਿਤੀ ਜਾਂਦੀ ਹੈ। ਸ੍ਰੀ ਗੁਰੂ ਗਰੰਥ ਸਾਹਿਬ ਗਿਆਨ ਦਾ ਇਕ ਸਾਗਰ ਹੈ, ਜਿਸ ਦੇ ਅਨੇਕ ਪਾਸੇ ਹਨ। ਜੋ ਗੁਰਸਿਖ ਸ੍ਰੀ ਗੁਰੂ ਗਰੰਥ ਸਾਹਿਬ ਦੇ ਉਪਦੇਸ਼ਾਂ ਦੇ ਇਕ ਪਾਸੇ ਨੂੰ ਆਮ ਲੋਕਾਂ ਨਾਲੋਂ ਵਧੇਰੇ ਕਮਾ ਲਵੇ, ਆਮ ਲੋਕ ਉਸ ਨੂੰ ਸੰਤ ਆਖਣ ਲਗ ਜਾਂਦੇ ਹਨ। ਮਿਸਾਲ ਦੇ ਤੌਰ ਤੇ ਅਗਰ ਕੋਈ ਗੁਰਸਿੱਖ ਕੀਰਤਨ ਅਛਾ ਕਰੇ ਤਾਂ ਉਸ ਨੂੰ ਵੀ ਸਾਧ ਸੰਗਤ ਪਰੇਮ ਨਾਲ 'ਸੰਤ' ਆਖਣ ਲਗ ਜਾਂਦੀ ਹੈ। ਜਿਹੜਾ ਗੁਰਸਿਖ ਕਥਾ ਅਛੀ ਕਰੇ ਉਸ ਨੂੰ ਵੀ ਸੰਤ ਆਖਣ ਲਗ ਜਾਂਦੀ ਹੈ। ਜਿਹੜਾ ਸਿੱਖ ਸੇਵਾ ਅਛੀ ਤਰ੍ਹਾਂ ਕਰੇ, ਉਸ ਨੂੰ ਵੀ 'ਸੰਤ' ਆਖਿਆ ਜਾਂਦਾ ਹੈ। ਜਿਹੜਾ ਗੁਰਦਵਾਰੇ ਵਿਚ ਦਿਨ ਰਾਤ ਰਹੇ, ਉਥੋਂ ਦੀ ਸੇਵਾ ਕਰੇ, ਉਸ ਨੂੰ ਵੀ ਸੰਤ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਜਿਹੜਾ ਗੁਰਸਿੱਖ ਗੁਰਬਾਣੀ ਅਤੇ ਨਾਮ ਅਨੁਸਾਰ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਕਰੇ, ਉਸ ਨੂੰ ਵੀ ਦੂਸਰੇ ਸਜਣ ਮਿੱਤਰ ਸੰਤ ਆਖਣ ਲਗ ਜਾਂਦੇ ਹਨ।

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਗੁਰਬਾਣੀ ਵਿਚ ਦਸਿਆ ਹੈ ਕਿ ਨਾਮ ਵਿਚ ਸਭ ਵਡਿਆਈਆਂ ਹਨ ਅਤੇ ਨਾਮ ਜਪਣ ਵਾਲਾ ਜਿਸ ਵਡਿਆਈ ਦਾ ਧਿਆਨ ਧਰ ਕੇ ਨਾਮ ਜਪੇ, ਉਸ

ਵਿਚ ਉਹੋ ਵਡਿਆਈ ਪਰਵੇਸ਼ ਕਰਨ ਲਗ ਜਾਂਦੀ ਹੈ।

*ਸਭੁ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ॥*
*ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ॥*
*ਅੰਗ - 850*

*ਨਿਰਭਉ ਜਪੈ ਸਗਲ ਭਉ ਮਿਟੈ।* *ਅੰਗ - 293*

ਸ੍ਰੀ ਵਾਹਿਗੁਰੂ ਜੀ ਵਿਚ ਸਭ ਵਡਿਆਈਆਂ ਹਨ, ਸਭ ਗੁਣ ਹਨ, ਸਭ ਸਿਫਤਾਂ ਹਨ। ਸ੍ਰੀ ਵਾਹਿਗੁਰੂ ਜੀ ਨੂੰ ਗੁਣਾਂ ਦੀ ਖਾਨ ਕਿਹਾ ਗਿਆ ਹੈ, ਇਸ ਵਾਸਤੇ ਨਾਮ ਜਪਣ ਵਾਲਾ ਸ੍ਰੀ ਵਾਹਿਗੁਰੂ ਜੀ ਦੇ ਜਿਸ ਗੁਣ ਨੂੰ ਸਾਹਮਣੇ ਰਖ ਕੇ ਨਾਮ ਜਪੇ, ਉਸ ਵਿਚ ਉਹੋ ਗੁਣ ਵਿਸ਼ੇਸ਼ ਤੌਰ ਤੇ ਪਰਗਟ ਹੋ ਜਾਂਦਾ ਹੈ। ਜੋ ਸ਼ਖ਼ਸ ਵਾਹਿਗੁਰੂ ਜੀ ਦੇ 'ਅਰੋਗਤਾ' ਦੇ ਗੁਣ ਨੂੰ ਮਨ ਵਿਚ ਰਖ ਕੇ ਜਾਪ ਕਰੇ, ਉਹ ਖੁਦ ਅਰੋਗ ਹੋ ਜਾਵੇਗਾ। ਜੋ ਉਸ ਦੇ 'ਨਿਰਵੈਰ' ਗੁਣ ਨੂੰ ਮਨ ਵਿਚ ਰਖ ਕੇ ਨਾਮ ਜਪੇ, ਉਸ ਵਿਚ ਨਿਰਵੈਰਤਾ ਪੈਦਾ ਹੋਵੇਗੀ ਅਤੇ ਜਿਹੜਾ ਮਨੁੱਖ ਵਾਹਿਗੁਰੂ ਦੇ 'ਨਿਰਵੈਰਤਾ' ਵਾਲੇ ਗੁਣ ਨੂੰ ਮਨ ਸਾਹਮਣੇ ਰਖ ਕੇ ਨਾਮ ਜਪੇ, ਉਹ ਨਿਰਭੈ ਹੋ ਜਾਵੇਗਾ। ਸਾਡੇ ਕਹਿਣ ਦਾ ਮਤਲਬ ਇਹ ਹੈ ਕਿ ਵਾਹਿਗੁਰੂ ਦਾ ਜਿਸ ਭਾਵਨੀ ਨਾਲ ਕੋਈ ਜਾਪ ਕਰੇ ਉਸ ਵਿਚ ਉਹੋ ਹੀ ਭਾਵਨੀ ਪਰਗਟ ਹੋ ਜਾਂਦੀ ਹੈ ਅਤੇ ਜਿਸ ਭਾਵਨੀ ਨੂੰ ਮਨ ਵਿਚ ਨਾ ਰਖਿਆ ਜਾਵੇ, ਉਹ ਭਾਵਨੀ ਪੂਰੇ ਤੌਰ ਤੇ ਪ੍ਰਗਟ ਨਹੀਂ ਹੁੰਦੀ।

ਲੜਾਈ ਦੇ ਸਮੇਂ ਸਾਡੇ ਪਾਸ ਇਕ ਗੁਰਸਿਖ ਆਏ, ਜਿਹਨਾਂ ਦਸਿਆ ਕਿ ਉਹ ਆਪਣੇ ਮੋਰਚੇ ਵਿਚ ਬੈਠ ਕੇ ਦੁਸ਼ਮਣ ਦੀਆਂ ਮੀਂਹ ਵਾਂਗਰ ਵਸਦੀਆਂ ਗੋਲੀਆਂ ਦੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਸ ਮਹਾਂਵਾਕ ਦਾ ਭਰੋਸੇ ਤੇ ਸਿਦਕ ਨਾਲ ਜਾਪ ਕਰਿਆ ਕਰਦੇ ਸਨ।





*ਸੱਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ।*

ਘੋਰ ਯੁਧ ਵਿਚੋਂ ਸਹੀ ਸਲਾਮਤ ਵਾਪਸ ਆਉਣ ਦਾ ਕਾਰਨ ਇਸ ਗੁਰਸਿਖ ਦੇ ਕਹਿਣ ਅਨੁਸਾਰ ਉਪਰਲੇ ਮਹਾਂਵਾਕ ਦਾ ਸਿਦਕ ਨਾਲ ਕੀਤਾ ਜਾਪ ਸੀ। ਦੂਸਰੇ ਅੱਖਰਾਂ ਵਿਚ ਉਹ ਲੜਾਈ ਦੇ ਸਮੇਂ ਵਾਹਿਗੁਰੂ ਜੀ ਦੇ ਰਖਿਆ ਕਰਨ ਵਾਲੇ ਅੰਗ ਨੂੰ ਸਾਹਮਣੇ ਰਖ ਕੇ ਸਿਮਰਨ ਕਰਦਾ ਸੀ ਅਤੇ ਉਸਦੇ ਤਜਰਬੇ ਵਿਚ ਇਸ ਗੁਣ ਦਾ ਜ਼ਹੂਰ ਸਹੀ ਸਲਾਮਤੀ ਦੀ ਸ਼ਕਲ ਵਿਚ ਪ੍ਰਗਟ ਹੋਇਆ।

ਕਈ ਸੰਤ ਆਪਣੀ ਮੁਕਤੀ ਵਾਸਤੇ ਨਾਮ ਜਪਦੇ ਹਨ, ਕਈ ਸੰਤ ਪਰਉਪਕਾਰ ਦੀ ਭਾਵਨੀ ਲੈ ਕੇ ਨਾਮ ਜਪਦੇ ਹਨ, ਕਈ ਸੰਤ ਸਰੀਰ ਨੂੰ ਮਲ ਮੂਤਰ ਥੈਲਾ ਸਮਝ ਕੇ ਅਤੇ ਇਸ ਦੀਆਂ ਬੀਮਾਰੀਆਂ ਤੋਂ ਜੋ ਦੁਖ ਉਪਜਦਾ ਹੈ, ਉਸ ਦੁਖ ਤੋਂ ਸਦਾ ਲਈ ਬਚਣ ਲਈ ਅਤੇ ਸਰੀਰ ਦੀ ਕੈਦ ਵਿਚ ਨਾ ਆਉਣ ਲਈ ਨਾਮ ਜਪਦੇ ਹਨ। ਕਈ ਸੰਤ ਰਿਧੀਆਂ ਸਿਧੀਆਂ ਪਰਾਪਤ ਕਰਨ ਲਈ ਨਾਮ ਜਪਦੇ ਹਨ। ਕਈ ਸੰਤ ਜੜ੍ਹਾਂ ਬੂਟੀਆਂ ਦਵਾਈਆਂ ਵਿਚ ਬੜਾ ਯਕੀਨ ਰਖਦੇ ਹਨ ਅਤੇ ਦਵਾਈਆਂ ਮੁਫ਼ਤ ਦੇ ਕੇ ਲੋਕਾਂ ਦੀ ਸੇਵਾ ਕਰਦੇ ਹਨ ਅਤੇ ਇਸ ਤਰ੍ਹਾਂ ਦੀ ਸੇਵਾ ਦੀ ਭਾਵਨਾ ਰਖ ਕੇ ਨਾਮ ਜਪਦੇ ਹਨ।

ਇਸ ਕਰਕੇ ਹਰ ਸੰਤ ਮਹਾਤਮਾ ਦੇ ਜੀਵਨ ਵਿਚ ਅਸੀਂ ਇਕੋ ਜਿਹੀਆਂ ਸਭ ਵਡਿਆਈਆਂ ਨਹੀਂ ਦੇਖ ਸਕਦੇ, ਜਿਸ ਤਰ੍ਹਾਂ ਐਮ. ਏ. ਦੀ ਡਿਗਰੀ ਵਾਲਾ ਹਰ ਮਨੁੱਖ ਇਲਮ ਦੇ ਸਾਰੇ ਮਜ਼ਮੂਨਾਂ ਦਾ ਮਾਹਿਰ ਨਹੀਂ ਹੋ ਸਕਦਾ, ਇਸੇ ਤਰ੍ਹਾਂ ਹਰ ਇਕ ਚੰਗੇ ਪੁਰਸ਼ ਵਿਚ, ਜਿਸ ਨੂੰ ਕਿ ਦੂਸਰੇ ਸੰਤ ਆਖਦੇ ਹਨ, ਇਕੋ ਜਿਹੇ ਸਾਰੇ ਗੁਣ ਮੌਜੂਦ ਹੋਣੇ ਜ਼ਰੂਰੀ ਨਹੀਂ। ਕਿਸੇ ਸੰਤ ਵਿਚ ਕੋਈ ਗੁਣ ਪ੍ਰਬਲ ਹੁੰਦਾ ਹੈ, ਅਤੇ ਕਿਸੇ ਸੰਤ ਵਿਚ ਕੋਈ ਹੋਰ ਗੁਣ ਪ੍ਰਬਲ ਹੁੰਦਾ ਹੈ।

ਹੋ ਸਕਦਾ ਹੈ ਕਿ ਕੋਈ ਬੜਾ ਮਹਾਤਮਾ ਕਿਸੇ ਸਰੀਰਕ ਰੋਗ ਨਾਲ ਬੀਮਾਰ ਹੋ ਜਾਵੇ, ਇਸ ਦਾ ਇਹ ਅਰਥ ਨਹੀਂ ਲੈਣਾ ਚਾਹੀਦਾ ਕਿ ਨਾਮ ਵਿਚ ਦੁਖ ਦੂਰ ਕਰਨ ਦੀ ਸ਼ਕਤੀ ਨਹੀਂ, ਕਿਉਂਕਿ ਹੋ ਸਕਦਾ ਹੈ ਕਿ ਉਹ ਮਹਾਤਮਾ ਦੁਖ ਸੁਖ ਵਿਚ ਇਕ ਰਸ, ਇਕ ਟਕ, ਸਮਸਤ ਤੇ ਅਡੋਲ ਰਹਿਣ ਦਾ ਅਭਿਆਸ ਕਰ ਰਿਹਾ ਹੋਵੇ।

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥*

*ਅੰਗ - 633*

ਗੁਰਮਤ ਵਿਚ ਨਾਮ ਦੀਆਂ ਦੋ ਸ਼ਕਤੀਆਂ ਦਸੀਆਂ ਹਨ ਅਤੇ ਦੋਹਾਂ ਨੂੰ ਸਤਕਾਰਿਆ ਗਿਆ ਹੈ। ਨਾਮ ਜਪਣ ਵਾਲਾ ਜੇ ਚਾਹੇ ਤਾਂ ਨਾਮ ਦੀ ਸ਼ਕਤੀ ਨਾਲ ਪਾਪ, ਦੁਖ, ਰੋਗ ਅਤੇ ਮੌਤ ਉਸ ਦੇ ਨੇੜੇ ਨਹੀਂ ਆ ਸਕਦੇ, ਪਰ ਜੇ ਨਾਮ ਜਪਣ ਵਾਲਾ ਦੁਖ, ਰੋਗ, ਮੁਸੀਬਤ ਅਤੇ ਮੌਤ ਦੇ ਸਮੇਂ ਨਾਮ ਦੀ ਸ਼ਕਤੀ ਨਾਲ ਅਡੋਲ ਤੇ ਨਿਰਭੈ ਹੋ ਕੇ ਇਨ੍ਹਾਂ ਦੁਰਘਟਨਾਵਾਂ ਵਿਚੋਂ ਲੰਘਣਾ ਚਾਹੇ ਤਾਂ ਨਾਮ ਦੀਆਂ ਦੋਵੇਂ ਸ਼ਕਤੀਆਂ ਨੂੰ ਹੀ ਪਿਛੇ ਵਰਤਦੇ ਆਏ ਹਨ ਅਤੇ ਅਗੇ ਨੂੰ ਵੀ ਵਰਤਦੇ ਰਹਿਣਗੇ।

ਪਿਛੇ ਹੋਏ ਸੰਤਾਂ ਮਹਾਤਮਾ ਜਾਂ ਅਜ ਕਲ ਦੇ ਵੀ ਕਈ ਸੰਤਾਂ ਮਹਾਤਮਾਵਾਂ ਨੂੰ ਬੀਮਾਰ ਦੇਖ ਕੇ ਇਸ ਨਤੀਜੇ ਤੇ ਝਟ ਨਹੀਂ ਪਹੁੰਚਣਾ ਚਾਹੀਦਾ ਕਿ ਨਾਮ ਵਿਚ ਦੁਖ ਭੰਜਨ ਸ਼ਕਤੀ ਨਹੀਂ ਰਹੀ। ਇਸ ਦੇ ਕਈ ਇਕ ਕਾਰਨ ਹੋ ਸਕਦੇ ਹਨ। ਵਰਤਮਾਨ ਸਮੇਂ ਦੇ ਇਕ ਬੜੇ ਪ੍ਰਸਿਧ ਮਹਾਤਮਾ, ਜਿਨ੍ਹਾਂ ਦਾ ਸਿੱਖ ਕੌਮ ਵਿਚ ਅਤੇ ਸਾਡੇ ਦਿਲ ਵਿਚ ਬੜਾ ਸਤਿਕਾਰ ਹੈ, ਇਕ ਵਾਰੀ ਹਰੜ-ਬਹੇੜੇ-





ਆਂਵਲੇ ਦੀ ਬੜੀ ਤਾਰੀਫ ਕਰਦੇ ਸੁਣੇ ਗਏ। ਉਹ ਆਖਦੇ ਸਨ ਕਿ ਹਰੜ-ਬਹੇੜੇ-ਆਂਵਲੇ ਨੂੰ ਵਰਤਨ ਵਾਲਾ ਆਦਮੀ ਬਹੁਤ ਬੀਮਾਰੀਆਂ ਤੋਂ ਬਚਿਆ ਰਹਿੰਦਾ ਹੈ। ਉਂਜ ਭਾਵੇਂ ਇਹ ਸੰਤ ਬੜਾ ਉਚਾ ਜੀਵਨ ਬਤੀਤ ਕਰ ਰਹੇ ਸਨ ਪਰ ਉਨ੍ਹਾਂ ਦੇ ਨਿਸਚੇ ਵਿਚ ਕਿਉਂਕਿ ਬੀਮਾਰੀਆਂ ਨੂੰ ਦਵਾਵਾਂ ਨਾਲ ਰਾਜ਼ੀ ਕਰਨ ਦਾ ਦ੍ਰਿੜ੍ਹ ਵਿਸ਼ਵਾਸ ਸੀ, ਇਸ ਕਰਕੇ ਐਸੇ ਮਹਾਂਪੁਰਸ਼ ਅਗਰ ਬੀਮਾਰ ਹੋ ਜਾਣ ਤਾਂ ਕੋਈ ਹੈਰਾਨੀ ਦੀ ਬਾਤ ਨਹੀਂ। ਇਹ ਵੀ ਹੋ ਸਕਦਾ ਹੈ ਕਿ ਕੋਈ ਸੰਤ ਮਹਾਤਮਾ ਵਾਹਿਗੁਰੂ ਦੇ ਅਰੋਗ ਅੰਗ ਨੂੰ ਸਾਹਮਣੇ ਰਖ ਕੇ ਸਿਮਰਨ ਕਰਦਾ ਹੋਵੇ ਅਤੇ ਆਪਣੇ ਆਪ ਨੂੰ ਸਰੀਰ ਨਾਲੋਂ ਵਖ ਜੋਤ ਮੰਨਦਾ ਹੋਵੇ। ਐਸਾ ਗੁਰਮੁਖ ਵੀ ਬੀਮਾਰ ਹੋ ਸਕਦਾ ਹੈ, ਕਿਉਂਕਿ ਉਸ ਨੂੰ ਕੇਵਲ ਬੀਮਾਰ ਹੋਇਆਂ ਹੀ ਆਪਣੇ ਉਚੇ ਨਿਸਚਿਆਂ ਨੂੰ ਵਰਤੋਂ ਵਿਚ ਲਿਆਉਣ ਦਾ ਮੌਕਾ ਮਿਲ ਸਕਦਾ ਹੈ। ਸਿਹਤ ਵੇਲੇ ਆਪਣੇ ਆਪ ਨੂੰ ਸਰੀਰ ਤੋਂ ਅਲਹਿਦਾ ਜੋਤ ਮੰਨਣਾ ਹੋਰ ਬਾਤ ਹੈ, ਐਪਰ ਬੀਮਾਰੀ ਵਿਚ ਆਪਣੇ ਆਪ ਨੂੰ ਸਰੀਰ ਤੋਂ ਅਲਹਿਦਾ ਜੋਤ ਮੰਨਣਾ ਨਿਰਭੈ ਅਤੇ ਅਡੋਲ ਰਹਿਣਾ ਹੋਰ ਬਾਤ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਨਾਮ ਨੂੰ ਦੁਖ ਭੰਜਨ ਅਤੇ ਸਾਰਿਆਂ ਰੋਗਾਂ ਦਾ ਇਲਾਜ (ਦਾਰੂ) ਦਸਿਆ ਹੈ ਅਤੇ ਗੁਰੂ ਸਾਹਿਬਾਨ ਅਤੇ ਭਾਰਤ ਵਰਸ਼ ਦੇ ਹੋਰ ਸੰਤਾਂ ਮਹਾਤਮਾਂ ਨੇ ਇਸ ਨੂੰ ਆਪਣੇ ਅਤੇ ਹੋਰ ਲੋਕਾਂ ਤੇ ਅਜ਼ਮਾਣ ਤੋਂ ਬਾਅਦ ਲਿਖਿਆ ਹੈ। ਇਸ ਵਾਸਤੇ ਨਾਮ ਦੀ ਤਨ ਅਤੇ ਮਨ ਦੇ ਦੁਖਾਂ ਨੂੰ ਨਵਿਰਤ ਕਰਨ ਦੀ ਸ਼ਕਤੀ ਉਤੇ ਕਦੀ ਸ਼ਕ ਨਹੀਂ ਕਰਨਾ ਚਾਹੀਦਾ।

ਸਿੱਖ ਕੌਮ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਰਗੇ ਗਿਆਨ ਦੇ ਸਾਗਰ ਦੇ ਬਹੁਤ ਪਾਸਿਆਂ ਦੀ ਅਜੇ ਖੋਜ ਨਹੀਂ ਕੀਤੀ। ਅਜੇ ਤਕ

ਸਿੱਖ ਕੌਮ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਮਹਾਨ ਮੁਸੀਬਤਾਂ, ਘਲੂਘਾਰਿਆਂ, ਯੁਧਾਂ ਤੇ ਜੰਗਾਂ ਵਿਚੋਂ ਸਹੀ ਸਲਾਮਤ ਸਾਂਭ ਕੇ ਰਖਿਆ ਹੈ ਅਤੇ ਇਸ ਦੀ ਬਾਹਰ ਦੀ ਪੂਜਾ ਸਤਿਕਾਰ ਕਾਇਮ ਰਖੀ ਹੈ। ਜਿਉਂ ਜਿਉਂ ਸਿੱਖ ਵਿਦਵਾਨਾਂ ਅਤੇ ਸਿਮਰਨ ਅਭਿਆਸੀਆਂ ਨੂੰ ਗੁਰਬਾਣੀ ਦੇ ਅੰਤਰੀਵ ਭਾਵਾਂ ਅਤੇ ਨਾਮ ਦੀ ਸ਼ਕਤੀ ਦਾ ਸਿਮਰਨ ਅਭਿਆਸ ਦੇ ਜ਼ਰੀਏ ਅਸਲ ਅਰਥਾਂ ਵਿਚ ਨਾਮ ਜਪ ਕੇ ਪਤਾ ਲਗਦਾ ਜਾਵੇਗਾ, ਤਿਉਂ ਤਿਉਂ ਸਿਮਰਨ ਅਭਿਆਸੀਆਂ ਦੇ ਰਾਹੀਂ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਤਿਤ ਪਾਵਨ, ਮਨੁੱਖ ਤੋਂ ਦੇਵਤਾ, ਅਤੇ ਜੀਵ ਤੋਂ ਬ੍ਰਹਮ ਬਨਾਣ ਵਾਲੇ ਉਪਦੇਸ਼ ਦੁਨੀਆਂ ਤੇ ਸੂਰਜ ਤੋਂ ਵਧ ਦਮਕਣਗੇ ਅਤੇ ਐਸੇ ਗੁਰਸਿੱਖ ਪੈਦਾ ਹੋਣਗੇ ਜਿਹੜੇ ਆਪਣੇ ਸੰਸਾਰਕ ਜੀਵਨ ਨੂੰ ਹਰ ਪ੍ਰਕਾਰ ਸਫਲ ਕਰਦੇ ਹੋਏ ਅਪਣੇ ਮਨ ਤੇ ਤਨ ਨੂੰ ਅਰੋਗ ਰਖਦੇ ਹੋਏ ਆਪ ਸੰਸਾਰ ਯਾਤਰਾ ਸੰਪੂਰਨ ਕਰਨਗੇ ਅਤੇ ਦੁਖੀ ਤੇ ਲਾਚਾਰ ਦੁਨੀਆਂ ਨੂੰ ਅਰੋਗ, ਨਿਰਵੈਰ, ਤੇ ਨਿਰਭੈ ਜੀਵਨ ਬਤੀਤ ਕਰਨ ਦੀ ਜਾਚ ਦਸਣਗੇ।

***ਸਫਲ ਸਫਲ ਭਈ ਸਫਲ ਜਾਤ੍ਰਾ॥***
***ਆਵਣ ਜਾਣ ਰਹੇ ਮਿਲੇ ਸਾਧਾ॥*** *ਅੰਗ - 687*





# ਅਸੀਂ ਹਰ ਕਿਸਮ ਦੇ ਡਰ ਤੇ ਕਾਬੂ ਪਾ ਸਕਦੇ ਹਾਂ

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਲਿਖਿਆ ਹੈ ਕਿ 'ਡਰਿ ਡਰਿ ਮਰਤੇ ਜਬ ਜਾਨਿਆ ਦੂਰਿ। ਡਰ ਚੂਕਾ ਦੇਖਿਆ ਭਰਪੂਰਿ।' (ਅੰਗ - 186) ਇਸ ਮਹਾਂਵਾਕ ਦੀ ਵਿਚਾਰ ਹਰ ਪਰਕਾਰ ਦੇ ਡਰ ਤੇ ਕਾਬੂ ਪਾਣ ਦੀ ਕੁੰਜੀ ਹੈ। ਕਿਸੇ ਮੁਸ਼ਕਲ ਨੂੰ ਹੱਲ ਕਰਨ ਲਈ ਪਹਿਲਾ ਕਦਮ ਇਹ ਹੈ ਕਿ ਸਾਬਤ ਕੀਤਾ ਜਾਵੇ ਕਿ ਉਸ ਮੁਸ਼ਕਲ ਦੇ ਡਰ ਦੀ ਹਸਤੀ ਕੁਝ ਨਹੀਂ। ਡਰ ਚੰਗੇ ਵਾਹਿਗੁਰੂ ਜੀ ਦੀ ਕਿਸੇ ਸ਼ਕਲ ਵਿਚ ਗੈਰਹਾਜ਼ਰੀ ਦਾ ਨਾਮ ਹੈ। ਐਸਾ ਡਰ ਇਸ ਕਰਕੇ ਮੂਰਖਤਾ ਹੁੰਦਾ ਹੈ ਕਿਉਂਕਿ ਵਾਹਿਗੁਰੂ ਜੀ ਤਾਂ ਸਰਬ ਵਿਆਪਕ ਹਨ। ਡਰ ਤੋਂ ਛੁਟਕਾਰਾ ਪਾਣ ਦਾ ਇਲਾਜ ਵਾਹਿਗੁਰੂ ਜੀ ਦੀ ਹਰ ਵੇਲੇ ਹਾਜ਼ਰੀ ਨੂੰ ਜਾਨਣਾ ਹੈ। ਵਾਹਿਗੁਰੂ ਜੀ ਦੀ ਹਾਜ਼ਰੀ ਵਿਚ ਵਾਹਿਗੁਰੂ ਜੀ ਦੇ ਸਭ ਗੁਣ ਪ੍ਰਕਾਸ਼ ਹੋਣੇ ਜ਼ਰੂਰੀ ਹਨ। ਇਸ ਦਾ ਸਾਨੂੰ ਪਤਾ ਹੋਣਾ ਲਾਜ਼ਮੀ ਹੈ।

ਮਿਸਾਲ ਦੇ ਤੌਰ ਤੇ ਬੀਮਾਰੀ ਦਾ ਡਰ, ਤੰਦਰੁਸਤੀ ਦੀ ਗੈਰ-ਹਾਜ਼ਰੀ ਦੇ ਨਿਸਚੇ ਤੋਂ ਪੈਦਾ ਹੁੰਦਾ ਹੈ। ਆਤਮ-ਸਾਇੰਸ ਦਾ ਵਿਦਿਆਰਥੀ ਜਾਂਣਦਾ ਹੈ ਕਿ ਵਾਹਿਗੁਰੂ ਹਰ ਵਕਤ, ਹਰ ਥਾਂ ਤੇ

ਹਾਜ਼ਰ ਹੈ ਅਤੇ ਉਹ ਹਰ ਥਾਂ ਤੇ ਹਰ ਵੇਲੇ ਤੰਦਰੁਸਤੀ ਪਰਕਾਸ਼ ਰਿਹਾ ਹੈ। ਵਾਹਿਗੁਰੂ ਸਰਬ ਸ਼ਕਤੀਮਾਨ ਹੈ ਅਤੇ ਆਪਣੇ ਤੋਂ ਖਿਲਾਫ ਸਭ ਸ਼ਕਤੀਆਂ ਨੂੰ, ਸਭ ਦੁਖਾਂ ਨੂੰ ਆਪਣੀ ਸਦੀਵੀ ਹਾਜ਼ਰੀ ਨਾਲ ਨਾਸ਼ ਕਰ ਰਿਹਾ ਹੈ। ਪੂਰਨ ਵਾਹਿਗੁਰੂ ਕੇਵਲ ਆਪਣੀ ਸਦੀਵੀ ਹਾਜ਼ਰੀ ਨਾਲ, ਸਭ ਪਰਕਾਰ ਦੀ ਬਦੀ (ਪਾਪ, ਦੁਖ, ਬੀਮਾਰੀ, ਮੌਤ) ਦਾ ਖਾਤਮਾ ਕਰ ਦਿੰਦਾ ਹੈ।

*ਪੂਰਨ ਪੂਰਿ ਰਹਿਆ ਬਿਖੁ ਮਾਰਿ॥ ਅੰਗ - 220*

ਗੁਰਮਤਿ ਅਨੁਸਾਰ ਐਸਾ ਕੋਈ ਅਸਥਾਨ ਨਹੀਂ, ਜਿਥੇ ਵਾਹਿਗੁਰੂ ਨਾ ਹੋਵੇ। ਜਦ ਅਸੀਂ ਵਾਹਿਗੁਰੂ ਜੀ ਦਾ ਨਾਮ ਪਿਆਰ ਨਾਲ, ਤਨ ਮਨ ਦੀ ਇਕਾਗਰਤਾ ਨਾਲ ਜਪੀਏ, ਤਾਂ ਸਾਨੂੰ ਪ੍ਰਤੀਤ ਹੋਵੇਗਾ ਕਿ ਸਾਡੇ ਅੰਦਰ ਤੇ ਬਾਹਰ ਕੇਵਲ ਵਾਹਿਗੁਰੂ ਹੀ ਹੈ। ਇਸ ਕਰਕੇ ਬੀਮਾਰੀ (ਬਦੀ) ਆਦਿ ਦਾ ਡਰ ਆਉਣਾ ਅਸੰਭਵ ਹੈ। ਬੀਮਾਰੀ ਤੋਂ ਡਰਨਾ ਵਾਹਿਗੁਰੂ ਦੀ ਹਾਜ਼ਰੀ ਤੋਂ ਮੁਨਕਰ ਹੋਣਾ ਹੈ। ਡਰਨਾ ਸਾਡੇ ਨਿਸਚੇ ਵਿਚ ਕਿਤੇ ਇਹ ਨੁਕਸ ਸਾਬਤ ਕਰਦਾ ਹੈ ਕਿ ਵਾਹਿਗੁਰੂ ਦੀ ਸਰਬ ਵਿਆਪਕਤਾ ਵਿਚ (ਵਾਹਿਗੁਰੂ ਦੇ ਉਲਟ) ਬਦੀ ਅਤੇ ਵਾਹਿਗੁਰੂ ਇਕੋ ਵੇਲੇ ਇਕੱਠੇ ਵੀ ਰਹਿ ਸਕਦੇ ਹਨ, ਪਰ ਜਿਵੇਂ ਹਨੇਰਾ ਤੇ ਚਾਨਣ, ਅਗ ਤੇ ਪਾਣੀ ਕਦੀ ਇਕੱਠੇ ਨਹੀਂ ਰਹਿ ਸਕਦੇ, ਉਸੇ ਤਰ੍ਹਾਂ ਵਾਹਿਗੁਰੂ ਤੇ ਉਸ ਦੇ ਉਲਟ (ਬਦੀ, ਪਾਪ, ਦੁਖ, ਬੀਮਾਰੀ) ਕਦੇ ਕਿਸੇ ਵੇਲੇ ਇਕੱਠੇ ਨਹੀਂ ਰਹਿ ਸਕਦੇ।

ਕਈ ਮਿੜ੍ਹ ਕਈ ਵਾਰੀ ਥੁੜ ਤੇ ਗਰੀਬੀ ਕਰਕੇ ਆਪਣੇ ਆਪ ਨੂੰ ਮਹਿਫੂਜ਼ ਨਹੀਂ ਸਮਝਦੇ। ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਉਨ੍ਹਾਂ ਦੇ ਜੀਵਨ ਵਿਚ ਸ਼ਾਇਦ ਕੋਈ ਐਸਾ ਮੌਕਾ ਨ ਆ ਜਾਵੇ,





ਜਦ ਕਿ ਦਾਤਾਰ ਤੇ ਪ੍ਰਤਿਪਾਲਕ ਵਾਹਿਗੁਰੂ ਜੀ ਗੈਰਹਾਜ਼ਰ ਹੋ ਜਾਣ, ਪਰ 'ਆਤਮ-ਸਾਇੰਸ' ਦਾ ਵਿਦਿਆਰਥੀ ਜਾਣਦਾ ਹੈ ਕਿ ਵਾਹਿਗੁਰੂ ਜੀ ਸਦਾ ਹਾਜ਼ਰ ਨਾਜ਼ਰ ਹਸਤੀ ਹੈ ਅਤੇ ਸਾਡੀ ਸਹੀ ਸਲਾਮਤੀ, ਸਾਡੇ ਪ੍ਰਾਪਤ ਕੀਤੇ ਪਦਾਰਥਾਂ ਵਿਚ ਨਹੀਂ, ਸਗੋਂ ਵਾਹਿਗੁਰੂ ਜੀ ਦੀ ਮੌਜੂਦਗੀ ਵਿਚ ਹਨ। ਜਦ ਰਚਨਾ ਦਾ ਭੰਡਾਰੀ ਆਪਣੇ ਅਮੁਕ ਭੰਡਾਰ ਵਿਚੋਂ ਆਪਣੇ ਰਚੇ ਜੀਆਂ ਜੰਤਾਂ ਨੂੰ ਹਰ ਵੇਲੇ ਦਾਤਾਂ ਅਤੇ ਸਹਾਰੇ ਬਖਸ਼ ਰਿਹਾ ਹੈ, ਤਾਂ ਇਨਸਾਨ ਉਸ ਦਾ ਪੁੱਤਰ ਹੋਣ ਕਰਕੇ ਵਾਹਿਗੁਰੂ ਜੀ ਦੀਆਂ ਸਭ ਦਾਤਾਂ ਦਾ ਹਕਦਾਰ ਹੈ। ਵਾਹਿਗੁਰੂ ਜੀ ਦੀਆਂ ਦਾਤਾਂ ਥੋੜੀ ਮਿਕਦਾਰ ਵਿਚ ਨਹੀਂ ਹੁੰਦੀਆਂ, ਸਗੋਂ ਬੇਅੰਤ ਤੇ ਬਹੁਤਾਤ ਵਿਚ ਹੁੰਦੀਆਂ ਹਨ। ਵਾਹਿਗੁਰੂ ਜੀ ਦੀਆਂ ਅਮੁਕ ਅਤੇ ਖੁਲ੍ਹੀਆਂ-ਡੁਲ੍ਹੀਆਂ ਦਾਤਾਂ ਦਾ ਧਿਆਨ ਧਰਨਾ ਚਾਹੀਦਾ ਹੈ ਅਤੇ ਇਸ ਯਕੀਨ ਵਿਚ ਰਹਿਣਾ ਚਾਹੀਦਾ ਹੈ ਕਿ ਸਾਡੀ ਹਰ ਇਕ ਜਾਇਜ਼ ਜ਼ਰੂਰਤ ਨੂੰ ਵਾਹਿਗੁਰੂ ਜੀ ਦਾ ਭਰਪੂਰ ਭੰਡਾਰਾ ਪੂਰਿਆਂ ਕਰਨ ਦੇ ਸਮਰਥ ਹੈ ਅਤੇ ਜ਼ਰੂਰ ਕਰੇਗਾ। ਇਸ ਤਰ੍ਹਾਂ ਅਸੀਂ ਆਪਣੇ ਰਿਜ਼ਕ ਦੀ ਚਿੰਤਾ ਨੂੰ ਦੂਰ ਕਰ ਸਕਦੇ ਹਾਂ।

*ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ॥*
*ਅੰਗ - 10*

*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥*
*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥*
*ਅੰਗ - 955*

*ਜਾਚਕੁ ਮੰਗੈ ਦਾਨੁ ਦੇਹਿ ਪਿਆਰਿਆ॥*
*ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ॥*
*ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ॥*
*ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ॥ ਅੰਗ - 320*

ਕਈ ਵਾਰੀ ਕਈ ਲੋਕਾਂ ਨੂੰ ਇਹ ਡਰ ਬੜਾ ਸਤਾਂਦਾ ਹੈ ਕਿ ਸਾਥੋਂ ਗਲਤੀ ਨਾ ਹੋ ਜਾਵੇ। ਉਹ ਕੋਈ ਕੰਮ ਨਹੀਂ ਕਰ ਸਕਦੇ ਕਿ ਕਿਤੇ ਗਲਤੀ ਨਾ ਹੋ ਜਾਵੇ। ਉਹ ਵੇਚਣ ਜਾਂ ਖਰੀਦਣ ਤੋਂ ਝਿਜਕਦੇ ਹਨ, ਕਿਸੇ ਨਵੇਂ ਕੰਮ ਨੂੰ ਹਥ ਪਾਂਦੇ ਝਿਜਕਦੇ ਹਨ, ਕਈ ਸ਼ਾਦੀ ਕਰਨ ਤੋਂ ਝਿਜਕਦੇ ਹਨ ਕਿ ਖਬਰੇ ਉਹਨਾਂ ਦੀ ਪਸੰਦ ਠੀਕ ਨਾ ਨਿਕਲੇ, ਕਈ ਕਿਸੇ ਦੀ ਮਦਦ ਕਰਨ ਜਾਂ ਕਿਸੇ ਨੂੰ ਵਾਹਿਗੁਰੂ ਜੀ ਦੇ ਪਾਸੇ ਲਾਣ ਤੋਂ ਸੰਗਦੇ ਹਨ ਕਿ ਸ਼ਾਇਦ ਕੋਈ ਗਲਤੀ ਨਾ ਹੋ ਜਾਵੇ। ਐਸੇ ਮਿਤਰ ਸਚ ਨਾਲੋਂ ਝੂਠ ਜਾਂ ਗਲਤੀ ਨੂੰ ਵਧੇਰੇ ਸ਼ਕਤੀਮਾਨ ਸਮਝਦੇ ਹਨ। ਇਸ ਦਾ ਇਲਾਜ ਹਰ ਵੇਲੇ ਮਨ ਵਿਚ ਵਾਹਿਗੁਰੂ ਜਾਂ ਸੱਚ ਦੀ ਮੌਜੂਦਗੀ ਅਨੁਭਵ ਕਰਨਾ ਹੈ। ਵਾਹਿਗੁਰੂ ਜੀ ਤੇ ਭਰੋਸਾ ਸਾਨੂੰ ਸਦਾ ਗਲਤੀਆਂ ਕਰਨ ਤੋਂ ਬਚਾਂਦਾ ਹੈ ਅਤੇ ਸਦਾ ਠੀਕ ਕੰਮ ਤੇ ਠੀਕ ਫੈਸਲੇ ਕਰਨ ਵਿਚ ਸਹਾਇਤਾ ਕਰਦਾ ਹੈ। ਜਦ ਅਸੀਂ ਸਰਬ ਸ਼ਕਤੀਮਾਨ ਵਾਹਿਗੁਰੂ ਜੀ ਦੇ ਜਸ ਜਾਂ ਗੁਣ ਗਾਵੀਏ ਤਾਂ ਸਾਨੂੰ ਭਰੋਸੇ ਭਰੀ ਖੁਸ਼ੀ ਨਾਲ ਹਰ ਕੰਮ ਕਰਨ ਦੀ ਜਾਚ ਤੇ ਸ਼ਕਤੀ ਮਿਲਦੀ ਹੈ ਅਤੇ ਗਲਤੀ ਕਰਨ ਦਾ ਡਰ ਦੂਰ ਹੋ ਜਾਂਦਾ ਹੈ।

ਇਕ ਮਿਤਰ ਨੂੰ ਇਹ ਚਿੰਤਾ ਲਗੀ ਰਹਿੰਦੀ ਸੀ ਕਿ ਉਸ ਨੇ ਜਿਸ ਵਿਉਪਾਰੀ ਨਾਲ ਪੰਦਰਾ ਦਿਨਾਂ ਨੂੰ ਮੁਲਾਕਾਤ ਕਰਨੀ ਹੈ, ਉਹ ਮੁਲਾਕਾਤ ਖਬਰੇ ਸਫਲਤਾ ਵਾਲੀ ਹੋਵੇ ਕਿ ਨਾ ਹੋਵੇ। ਖਬਰੇ ਅਗੇ ਪਈ ਗਲਤਫਹਿਮੀ ਹੋਰ ਨਾ ਵਧ ਜਾਵੇ। ਉਸ ਮਿਤਰ ਨੂੰ ਅਚਨਚੇਤ ਇਹ ਖਿਆਲ ਆਇਆ ਕਿ ਜਦ ਉਹ ਵਿਉਪਾਰੀ ਨੂੰ ਮਿਲੇਗਾ, ਤਾਂ ਉਸ ਵੇਲੇ, ਸਦਾ ਦੀ ਤਰ੍ਹਾਂ, ਉਸ ਦਾ ਵਾਹਿਗੁਰੂ ਉਸ ਦੇ ਅੰਗ ਸੰਗ ਹੋਵੇਗਾ ਅਤੇ ਉਸ ਵਿਉਪਾਰੀ ਦੇ ਵੀ ਅੰਗ ਸੰਗ ਹੋਵੇਗਾ, ਫਿਰ ਗ਼ਲਤਫਹਿਮੀ ਕਿਵੇਂ ਵਧ ਸਕੇਗੀ? ਵਾਹਿਗੁਰੂ ਜੀ ਦੋਵਾਂ ਪਾਸਿਆਂ ਤੋਂ ਉਹਨਾਂ ਦੀ ਮੁਲਾਕਾਤ ਸਫਲ ਬਨਾਉਣ





ਵਿਚ ਸਹਾਇਤਾ ਕਰਨਗੇ। ਜਦ ਉਸ ਨੂੰ ਵਾਹਿਗੁਰੂ ਦੀ ਚੰਗਿਆਈ ਅਤੇ ਸਰਬ-ਵਿਆਪਕਤਾ ਤੇ ਯਕੀਨ ਹੋ ਗਿਆ, ਤਾਂ ਉਸਦਾ ਸਾਰਾ ਡਰ ਅਲੋਪ ਹੋ ਗਿਆ ਅਤੇ ਉਹ ਭਰੋਸੇ ਨਾਲ ਉਸ ਦਿਨ ਦੀ ਉਡੀਕ ਕਰਨ ਲਗਾ, ਜਦ ਕਿ ਵਿਉਪਾਰੀ ਨਾਲ ਉਸਦੀ ਮੁਲਾਕਾਤ ਹੋਣੀ ਸੀ। ਜਦ ਉਹ ਦਿਨ ਆਇਆ ਤਾਂ ਉਸਦੀ ਮੁਲਾਕਾਤ ਬੜੀ ਕਾਮਯਾਬ ਅਤੇ ਸੁਹਾਵਣੀ ਨਿਕਲੀ, ਦੋਹੀਂ ਪਾਸੀਂ ਪ੍ਰਸੰਨਤਾ ਭਰਿਆ ਭਰੋਸਾ ਪੈਦਾ ਹੋ ਗਿਆ।

ਮੌਤ ਦਾ ਡਰ ਬਹੁਤ ਲੋਕਾਂ ਨੂੰ ਪਰੇਸ਼ਾਨ ਕਰ ਰਿਹਾ ਹੈ। ਮੌਤ ਦਾ ਡਰ ਇਸ ਗਲਤ ਨਿਸਚੇ ਤੋਂ ਪੈਦਾ ਹੁੰਦਾ ਹੈ ਕਿ ਕੋਈ ਐਸਾ ਸਮਾਂ ਆਵੇਗਾ, ਜਦ ਜੀਵਨ ਨਹੀਂ ਹੋਵੇਗਾ, ਪਰ ਜੀਵਨ ਦਾ ਜੀਵਨ ਵਾਹਿਗੁਰੂ ਜੀ ਸਦੀਵੀ ਤੇ ਸਰਬ ਵਿਆਪਕ ਹਨ ਅਤੇ ਸਾਥੋਂ ਕਿਸੇ ਵਕਤ ਕਿਸੇ ਹਾਲਤ ਵਿਚ ਵੀ ਵਖਰੇ ਨਹੀਂ ਕੀਤੇ ਜਾ ਸਕਦੇ। ਸਾਡਾ ਤੇ ਜਗਤ ਜੀਵਨ ਰੌ ਦਾ ਅਟੁਟ ਤੇ ਸਦੀਵੀ ਰਿਸ਼ਤਾ ਹੈ। ਕੋਈ ਐਸਾ ਸਮਾਂ ਆ ਹੀ ਨਹੀਂ ਸਕਦਾ, ਜਦ ਸਾਡੀ ਜਾਨ ਦੀ ਜਾਨ, ਸਾਡੇ ਪ੍ਰਾਣਾਂ ਦੇ ਪ੍ਰਾਣ, ਸਾਡੇ ਵਾਹਿਗੁਰੂ ਜੀ ਸਾਡੇ ਨਾਲ ਨਾ ਹੋਣ।

*ਨਾ ਵੇਛੋੜਿਆ ਵਿਛੁੜੇ ਸਭ ਮਹਿ ਰਹਿਆ ਸਮਾਇ॥ ਅੰਗ - 220*

*ਪੂਰਨ ਪੁਰਖੁ ਨਵਤਨੁ ਨਿਤ ਬਾਲਾ॥*
*ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ॥ ਅੰਗ - 240*

*ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥*
*ਅੰਗ - 103*

ਵਾਹਿਗੁਰੂ ਜੀਵਨ ਰੂਪ ਹੈ, ਸਦੀਵੀ ਜ਼ਿੰਦਗੀ ਹੈ। ਇਹ ਸਦੀਵੀ ਜ਼ਿੰਦਗੀ ਸਾਡਾ ਅਸਲ ਆਪਾ ਜਾਂ ਮੂਲ ਹੈ। ਅਸੀਂ ਆਪਣੇ 'ਆਪੇ' ਤੋਂ ਜਾਂ 'ਮੂਲ' ਤੋਂ ਕਿਵੇਂ ਜੁਦਾ ਹੋ ਸਕਦੇ ਹਾਂ, ਕਿਵੇਂ ਨਿਖੇੜੇ ਜਾ ਸਕਦੇ ਹਾਂ? ਕੀ ਕੋਈ ਕਿਰਨ ਨੂੰ ਸੂਰਜ ਤੋਂ

ਜਾਂ ਲਹਿਰ ਨੂੰ ਸਮੁੰਦਰ ਤੋਂ ਜੁਦਾ ਕਰ ਸਕਦਾ ਹੈ? ਵਾਹਿਗੁਰੂ ਜਾਂ ਜੀਵਨ ਦੀ ਸਰਬ-ਵਿਆਪਕਤਾ ਦੀ ਅਟੱਲ ਸਚਾਈ ਉੱਤੇ ਹੀ ਗੁਰਬਾਣੀ ਦਾ ਫ਼ੈਸਲਾ ਕਾਇਮ ਹੈ ਕਿ – 'ਮੌਤ ਹੈ ਨਹੀਂ।'

ਮੌਤ ਵਾਹਿਗੁਰੂ (ਜੀਵਨ) ਦੀ ਗੈਰਹਾਜ਼ਰੀ ਦਾ ਨਾਮ ਹੈ, ਪਰ ਵਾਹਿਗੁਰੂ ਜੀ ਗੈਰਹਾਜ਼ਰ ਹੋ ਹੀ ਨਹੀਂ ਸਕਦੇ, ਇਸ ਵਾਸਤੇ ਵਾਹਿਗੁਰੂ ਜੀ ਦੀ ਸਦੀਵੀ ਹਸਤੀ ਵਿਚ ਦ੍ਰਿੜ ਵਿਸ਼ਵਾਸ ਰਖਣ ਵਾਲੇ ਗੁਰਸਿਖ ਦੇ ਮਨ ਵਿਚੋਂ ਮੌਤ ਜਾਂ ਮੌਤ ਦਾ ਡਰ ਸਦਾ ਲਈ ਅਲੋਪ ਹੋ ਜਾਂਦਾ ਹੈ। ਵਾਸਤਵ ਵਿਚ ਜੇਕਰ ਕੋਈ ਚੀਜ਼, ਵਾਹਿਗੁਰੂ ਦੀ ਰਚਨਾ ਵਿਚ ਨਹੀਂ ਬਣਾਈ ਜਾਂ ਰਚੀ ਗਈ ਤਾਂ ਉਹ 'ਮੌਤ' ਹੈ। ਇਸ ਲਈ ਸਾਨੂੰ ਇਹ ਡਰ ਕਦੀ ਨਹੀਂ ਆਉਣਾ ਚਾਹੀਦਾ ਕਿ ਸ਼ਾਇਦ ਕਿਸੇ ਵੇਲੇ ਅਸੀਂ ਨਾ ਰਹੀਏ ਜਾਂ ਹੋਵੀਏ। ਹਸਤੀ ਨੂੰ ਖਤਮ ਕਰਨ ਵਾਲੀ ਕੋਈ ਤਾਕਤ ਹੀ ਪੈਦਾ ਨਹੀਂ ਹੋਈ। ਸਭ ਨੂੰ ਪੈਦਾ ਕਰਨ ਵਾਲਾ ਵਾਹਿਗੁਰੂ (ਜੀਵਨ ਰੂਪ) ਅਤੇ ਉਹ ਸਾਡਾ ਅਸਲਾ 'ਆਪਾ' ਜਾਂ ਮੂਲ ਹੈ। ਫੇਰ ਅਸੀਂ ਕਿਵੇਂ ਮਰ ਜਾਂ ਖਤਮ ਹੋ ਸਕਦੇ ਹਾਂ?

ਅਸੀਂ ਵਾਹਿਗੁਰੂ ਜੀ ਨਾਲ ਆਦਿ ਜੁਗਾਦਿ ਤੋਂ ਇਕੱਠੇ ਜਿਉ ਰਹੇ ਹਾਂ। ਨਾ ਵਾਹਿਗੁਰੂ ਜੀ ਨੂੰ ਮੌਤ ਆ ਸਕਦੀ ਹੈ, ਨਾ ਸਾਨੂੰ ਕਦੀ ਮੌਤ ਦਾ ਖਤਰਾ ਹੋ ਸਕਦਾ ਹੈ।

*ਨਾ ਓਹੁ ਮਰਤਾ ਨਾ ਹਮ ਡਰਿਆ॥*
*ਨਾ ਓਹੁ ਬਿਨਸੈ ਨਾ ਹਮ ਕੜਿਆ॥*
*ਨਾ ਓਹੁ ਨਿਰਧਨੁ ਨਾ ਹਮ ਭੂਖੇ॥*
*ਨਾ ਓਸੁ ਦੂਖੁ ਨ ਹਮ ਕਉ ਦੂਖੇ॥*
*ਅਵਰੁ ਨ ਕੋਊ ਮਾਰਨਵਾਰਾ॥*
*ਜੀਅਉ ਹਮਾਰਾ ਜੀਉ ਦੇਨਹਾਰਾ॥* *ਅੰਗ - 391*
*ਨਾਨਕ ਗੁਰਿ ਖੋਏ ਭ੍ਰਮ ਭੰਗਾ॥*





*ਹਮ ਓਇ ਮਿਲਿ ਹੋਏ ਇਕ ਰੰਗਾ॥* *ਅੰਗ - 391*

'ਆਤਮ-ਸਾਇੰਸ' ਦੇ ਵਿਦਿਆਰਥੀ ਨੂੰ ਪਤਾ ਹੁੰਦਾ ਹੈ ਕਿ ਸਭ ਤਰ੍ਹਾਂ ਦਾ ਡਰ ਵਾਹਿਗੁਰੂ ਦੀ ਗ਼ੈਰਹਾਜ਼ਰੀ ਨੂੰ ਸੰਭਵ ਸਮਝਣਾ ਹੈ, ਪਰ ਇਹ ਬਿਲਕੁਲ ਗਲਤ ਹੈ। ਵਾਹਿਗੁਰੂ ਗ਼ੈਰਹਾਜ਼ਰ ਹੋ ਨਹੀਂ ਸਕਦੇ, ਇਸ ਲਈ ਵਾਹਿਗੁਰੂ ਦੇ ਪਿਆਰੇ ਲਈ ਕਦੀ ਵੀ ਕਿਸੇ ਤੋਂ ਡਰਨ ਦੀ ਗੁੰਜਾਇਸ਼ ਨਹੀਂ।

*ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ॥*
*ਅੰਗ - 206*

# ਗੁਰੂ ਹਰਿਕ੍ਰਿਸ਼ਨ ਜੀ ਦੀ ਬੀਮਾਰੀ

ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਗੱਦੀ ਉਤੇ ਅੱਠਵੇਂ ਗੁਰੂ ਸਨ ਆਪ ਨੂੰ ਪੰਜ ਛੇ ਸਾਲ ਦੀ ਉਮਰ ਵਿਚ ਹੀ ਗੁਰਿਆਈ ਦੀ ਜ਼ਿੰਮੇਵਾਰੀ ਦਿਤੀ ਗਈ ਜਿਹੜੀ ਗੁਰੂ ਅਮਰ ਦਾਸ ਜੀ ਨੂੰ ਕਰੀਬਨ 80 ਸਾਲ ਦੀ ਉਮਰ ਵਿਚ ਮਿਲੀ ਸੀ।

ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰਿਆਈ ਦੀ ਗੱਦੀ ਤੇ ਬੈਠ ਕੇ ਥੋੜੇ ਸਮੇਂ ਅੰਦਰ ਹੀ ਉਹ ਆਤਮਕ ਚਮਤਕਾਰੇ ਤੇ ਕਰਾਮਾਤਾਂ ਦਿਖਾਈਆਂ ਕਿ ਬੜੇ ਬੜੇ ਪੰਡਤ, ਵਿਦਵਾਨ ਤੇ ਸਿਆਣੇ ਦੰਗ ਰਹਿ ਗਏ। ਜਦ ਪੰਜੋਖੜਾ (ਅੰਬਾਲਾ) ਦੇ ਇਕ ਪੰਡਤ ਨੂੰ ਸ਼ਕ ਹੋਇਆ ਕਿ ਗੁਰੂ ਸਾਹਿਬ ਦੀ ਉਮਰ ਬਹੁਤ ਛੋਟੀ ਹੈ, ਇਸ ਵਾਸਤੇ ਇਹਨਾਂ ਦਾ ਆਤਮਕ ਇਲਮ ਵੀ ਛੋਟਾ ਹੋਣਾ ਹੈ ਤਾਂ ਗੁਰੂ ਜੀ ਨੇ ਇਕ ਮਹਾਨ ਮੂਰਖ ਅਨਪੜ੍ਹ ਆਦਮੀ ਦੇ ਸਿਰ ਤੇ ਆਪਣੀ ਸੋਟੀ ਰਖ ਕੇ ਉਸ ਤੋਂ ਗੀਤਾ ਜਿਹੀ ਮੁਸ਼ਕਿਲ ਆਤਮਕ ਪੁਸਤਕ ਦੇ ਅਰਥ ਕਰਵਾਏ।

ਦਿੱਲੀ ਦੇ ਮੁਸਲਮਾਨ ਬਾਦਸ਼ਾਹ ਨੇ ਆਪ ਨੂੰ ਦਿੱਲੀ ਆ ਕੇ ਮਿਲਣ ਵਾਸਤੇ ਸੰਦੇਸ਼ ਭੇਜਿਆ। ਆਪ ਦਿੱਲੀ ਤਾਂ ਆਏ ਪਰ ਬਾਦਸ਼ਾਹ ਨੂੰ ਮਿਲਣ ਤੋਂ ਇਨਕਾਰ ਕਰ ਦਿਤਾ। ਆਪ ਦੇ ਦਿੱਲੀ ਠਹਿਰਣ ਦੇ ਦਿਨਾਂ ਵਿਚ ਹੀ ਦਿੱਲੀ ਵਿਚ ਸੀਤਲਾ ਜਾਂ ਚੀਚਕ





ਦੀ ਬੀਮਾਰੀ ਬੜੇ ਜ਼ੋਰ ਨਾਲ ਫੈਲੀ ਹੋਈ ਸੀ ਅਤੇ ਹਜ਼ਾਰਾਂ ਆਦਮੀ ਇਸ ਬੀਮਾਰੀ ਨਾਲ ਮਰ ਰਹੇ ਹਨ। ਇਤਿਹਾਸ ਵਿਚ ਲਿਖਿਆ ਹੈ ਕਿ ਜਦ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਪਤਾ ਲਗਾ ਤਾਂ ਆਪ ਨੇ ਇਕ ਚੁਬੱਚੇ ਦੇ ਪਾਣੀ ਵਲ ਇਸ਼ਾਰਾ ਕਰਕੇ ਆਖਿਆ ਕਿ ਇਸ ਚੁਬੱਚੇ ਵਿਚੋਂ ਜੋ ਆਦਮੀ ਪਾਣੀ ਪੀਵੇਗਾ ਉਹ ਰਾਜ਼ੀ ਹੋ ਜਾਵੇਗਾ। ਅਨੇਕ ਲੋਕਾਂ ਨੇ ਉਸ ਚੁਬੱਚੇ ਵਿਚੋਂ ਪਾਣੀ ਪੀ ਕੇ ਚੀਚਕ ਜਾਂ ਸੀਤਲਾ ਦੀ ਬੀਮਾਰੀ ਤੋਂ ਆਰਾਮ ਹਾਸਿਲ ਕੀਤਾ। ਇਹ ਚੁਬੱਚਾ ਅਜ ਬੰਗਲਾ ਸਾਹਿਬ, ਗੁਰਦਵਾਰੇ ਦੇ ਨਾਮ ਤੇ ਨਵੀਂ ਦਿੱਲੀ ਵਿਚ ਮੌਜੂਦ ਹੈ।

ਗੁਰੂ ਹਰਿਕ੍ਰਿਸ਼ਨ ਜੀ ਦਾ ਵਡਾ ਭਰਾ ਰਾਮ ਰਾਏ, ਛੋਟੇ ਭਰਾ ਨੂੰ ਗੁਰਿਆਈ ਮਿਲਣ ਕਰਕੇ ਉਹਨਾਂ ਨਾਲ ਈਰਖਾ ਤੇ ਵੈਰ ਰਖਦਾ ਸੀ। ਦਿੱਲੀ ਦੇ ਬਾਦਸ਼ਾਹ ਪਾਸ ਉਸ ਨੇ ਜਾ ਕੇ ਛੋਟੇ ਭਰਾ ਵਿਰੁਧ ਬਹੁਤ ਸਾਰੀਆਂ ਸ਼ਿਕਾਇਤਾਂ ਕੀਤੀਆਂ ਸਨ, ਜਿਸ ਕਰਕੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਬਾਦਸ਼ਾਹ ਵਲੋਂ ਦੀਵਾਨ ਭੇਜ ਕੇ ਬੁਲਾਇਆ ਗਿਆ। ਇਤਿਹਾਸ ਵਿਚ ਲਿਖਿਆ ਹੈ ਕਿ ਉਹਨਾਂ ਦਿਨਾਂ ਵਿਚ ਰਾਮਰਾਏ ਵੀ ਦਿੱਲੀ ਵਿਚ ਸੀ ਅਤੇ ਗੁਰੂ ਜੀ ਦੀ ਹਰ ਪਾਸੇ ਇਜ਼ਤ ਤੇ ਸਤਿਕਾਰ ਹੁੰਦਿਆਂ ਵੇਖ ਕੇ ਦਿਲ ਵਿਚ ਬੜਾ ਸੜਦਾ ਤੇ ਖਾਰ ਖਾਂਦਾ ਸੀ।

ਜਦ ਰਾਮ ਰਾਏ ਨੂੰ ਪਤਾ ਲਗਾ ਕਿ ਗੁਰੂ ਹਰਿਕ੍ਰਿਸ਼ਨ ਜੀ ਦੇ ਵਰ ਨਾਲ ਸੀਤਲਾਂ ਦੇ ਬੀਮਾਰ, ਇਕ ਚੁਬੱਚੇ ਵਿਚੋਂ ਪਾਣੀ ਪੀ ਕੇ ਰਾਜ਼ੀ ਹੋ ਰਹੇ ਹਨ ਤਾਂ ਉਸ ਨੇ ਗੁਰੂ ਜੀ ਦੀ ਇਹ ਵਡਿਆਈ ਨਾ ਸਹਾਰਦਿਆਂ ਸਰਾਪ ਦਿਤਾ ਕਿ ਗੁਰੂ ਜੀ ਦਾ ਅੰਤ ਇਸ ਸੀਤਲਾ ਦੀ ਬੀਮਾਰੀ ਨਾਲ ਹੋਵੇਗਾ। ਇਤਿਹਾਸ ਵਿਚ ਅਗੇ ਲਿਖਿਆ ਹੈ ਕਿ ਜਦ ਗੁਰੂ ਹਰਿਕ੍ਰਿਸ਼ਨ ਜੀ ਨੂੰ ਰਾਮ ਰਾਏ ਦੇ

ਸਰਾਪ ਦਾ ਪਤਾ ਲਗਾ ਤਾਂ ਆਪਣੇ ਵਡੇ ਭਰਾ ਦੇ ਦਿਤੇ ਸਰਾਪ ਨੂੰ ਸਵੀਕਾਰ ਕੀਤਾ ਅਤੇ ਕੁਝ ਦਿਨਾਂ ਮਗਰੋਂ ਸੀਤਲਾ ਜਾਂ ਚੀਚਕ ਦੀ ਬੀਮਾਰੀ ਦੇ ਕਾਰਨ ਸਰੀਰ ਛਡਿਆ।

ਇਸ ਇਤਿਹਾਸਕ ਘਟਨਾ ਤੋਂ ਆਤਮਕ ਖੋਜੀ ਦੇ ਦਿਲ ਵਿਚ ਸ਼ੰਕਾ ਪੈਦਾ ਹੁੰਦਾ ਹੈ ਕਿ ਗੁਰੂ ਹਰਿਕ੍ਰਿਸ਼ਨ ਜੀ ਜੋ ਕਿ ਆਮ ਲੋਕਾਂ ਨੂੰ ਇਕ ਚੁਬੱਚੇ ਦੇ ਪਾਣੀ ਨਾਲ ਜਾਂ ਆਪਣੀ ਆਤਮਕ ਸ਼ਕਤੀ ਨਾਲ ਸੀਤਲਾ ਦੀ ਬੀਮਾਰੀ ਤੋਂ ਆਰਾਮ ਦੇ ਸਕਦੇ ਸਨ ਤਾਂ ਉਹ ਆਪ ਕਿਉਂ ਸੀਤਲਾ ਨਾਲ ਬੀਮਾਰ ਹੋਏ ਅਤੇ ਸਰੀਰ ਛਡਿਆ? ਕੀ ਗੁਰੂ ਸਾਹਿਬ ਆਪਣੇ ਆਪ ਨੂੰ ਰਾਮ ਰਾਏ ਦੇ ਸਰਾਪ ਜਾਂ ਸੀਤਲਾ ਦੀ ਬੀਮਾਰੀ ਤੋਂ ਬਚਾ ਨਹੀਂ ਸੀ ਸਕਦੇ?

ਗੁਰੂ ਗਰੰਥ ਸਾਹਿਬ ਦੀ ਤਾਲੀਮ ਸਾਨੂੰ ਦਸਦੀ ਹੈ ਕਿ ਵਾਹਿਗੁਰੂ ਨਾਲ ਪੂਰਨ ਤੌਰ ਤੇ ਅਭੇਦ ਹੋਏ ਮਹਾਂਪੁਰਸ਼ਾਂ ਨੂੰ ਕਿਸੇ ਪ੍ਰਕਾਰ ਦਾ ਦੁਖ, ਰੋਗ ਸੰਤਾਪ ਸਤਾ ਨਹੀਂ ਸਕਦਾ।

*ਦੂਖ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ ॥*
*ਅੰਗ - 44*

*ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ ॥*
*ਅੰਗ - 249*

*ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ ਉਤਰਿ ਗਇਓ ਸਭੁ ਤਾਪ ॥*
*ਅੰਗ - 500*

ਇਤਿਹਾਸ ਵਿਚ ਗੁਰੂ ਹਰਿਕ੍ਰਿਸ਼ਨ ਜੀ ਦਾ ਜੀਵਨ ਚਰਿਤਰ ਥਾਂ ਥਾਂ ਤੇ ਗਵਾਹੀ ਦੇਂਦਾ ਹੈ ਕਿ ਗੁਰੂ ਜੀ ਦੀ ਉਮਰ ਭਾਵੇਂ ਬਹੁਤ ਥੋੜੀ ਸੀ ਪਰ ਆਤਮਕ ਤੌਰ ਤੇ ਆਪ ਪੂਰਨ ਸਨ। ਗੁਰਿਆਈ ਦੇ ਥੋੜੇ ਸਮੇਂ ਵਿਚ ਹੀ ਆਪ ਨੇ ਉਚੇ ਆਤਮਕ ਅਸੂਲਾਂ ਨੂੰ ਐਸੀ ਸਫਲਤਾ ਨਾਲ ਵਰਤ ਕੇ ਦਿਖਾਇਆ ਕਿ ਬੜੇ-ਬੜੇ ਪੰਡਤ ਤੇ





ਸਿਆਣੇ ਆਪ ਦੇ ਚਰਨਾਂ ਤੇ ਡਿਗੇ ਅਤੇ ਸੇਵਕ ਬਣੇ। ਇਸ ਵਾਸਤੇ ਇਹ ਆਖਣਾ ਯੋਗ ਨਹੀਂ ਹੋਵੇਗਾ ਕਿ ਗੁਰੂ ਸਾਹਿਬ ਦੂਸਰਿਆਂ ਨੂੰ ਤਾਂ ਆਤਮਕ ਸ਼ਕਤੀ ਨਾਲ ਰਾਜ਼ੀ ਕਰ ਸਕਦੇ ਸਨ ਪਰ ਆਪਣੇ ਆਪ ਨੂੰ ਨਹੀਂ ਸੀ ਕਰ ਸਕਦੇ।

ਮਹਾਂਪੁਰਖਾਂ ਵਿਚ ਆਤਮਕ ਸ਼ਕਤੀ ਹੁੰਦੀ ਭਾਵੇਂ ਇਕੋ ਕਿਸਮ ਦੀ ਹੈ ਐਪਰ ਇਸ ਦੇ ਪ੍ਰਗਟ ਹੋਣ ਦੇ ਦੋ ਤਰੀਕੇ ਹਨ। ਦੁਨੀਆਂ ਦੇ ਲੋਕਾਂ ਦਾ ਬੀਮਾਰੀਆਂ, ਤਕਲੀਫਾਂ, ਦੁਖਾਂ ਅਤੇ ਮੌਤ ਸੰਬੰਧੀ ਡਰ ਦੂਰ ਕਰਨ ਹਿਤ ਮਹਾਂਪੁਰਸ਼ ਕਿਸੇ ਵੇਲੇ ਲੋਕਾਂ ਨੂੰ ਆਤਮਕ ਸ਼ਕਤੀ ਨਾਲ ਬੀਮਾਰੀਆਂ ਤੋਂ ਰਾਜ਼ੀ ਕਰਕੇ, ਦੁਖਾਂ ਤਕਲੀਫਾਂ ਤੋਂ ਨਜਾਤ ਦਿਲਾ ਕੇ ਅਤੇ ਮੋਏ ਨੂੰ ਜਿਵਾ ਕੇ ਸਾਬਤ ਕਰਦੇ ਹਨ ਕਿ ਬੀਮਾਰ, ਦੁਖ ਅਤੇ ਮੌਤ ਦਰਅਸਲ ਕੋਈ ਹਸਤੀ ਨਹੀਂ ਰਖਦੀਆਂ, ਐਵੇਂ ਅਗਿਆਨੀ ਪੁਰਸ਼ਾਂ ਨੂੰ ਸਚ ਭਾਸਦੀਆਂ ਤੇ ਭੈਭੀਤ ਕਰਦੀਆਂ ਹਨ, ਵਾਹਿਗੁਰੂ ਦੀ ਸਲਤਨਤ ਵਿਚ ਇਹ ਚੀਜ਼ਾਂ ਹੈਨ ਹੀ ਨਹੀਂ। ਕਿਸੇ ਵੇਲੇ ਉਹ ਆਪ ਦੁਖ, ਤਕਲੀਫ, ਬੀਮਾਰੀ ਅਤੇ ਮੌਤ ਨੂੰ ਹਸ ਕੇ ਤੇ ਅਡੋਲ ਰਹਿ ਕੇ ਕਬੂਲਦੇ ਹੋਏ ਦੁਨੀਆਂ ਦੇ ਲੋਕਾਂ ਨੂੰ ਦਸਦੇ ਹਨ ਕਿ ਜਿਸ ਬੀਮਾਰੀ, ਦੁਖ, ਮੌਤ ਨੂੰ ਬੜੀਆਂ ਡਰਾਵਣੀਆਂ ਚੀਜ਼ਾਂ ਸਮਝਦੇ ਹੋ, ਇਹ ਅਸਲ ਵਿਚ ਐਸੀਆਂ ਨਹੀਂ। ਦੇਖੋ ਅਸੀਂ ਬੀਮਾਰੀਆਂ ਦੁਖਾਂ ਤੇ ਮੌਤ ਵਿਚੋਂ ਖ਼ੁਦ ਲੰਘ ਕੇ ਤੁਹਾਨੂੰ ਦਿਖਾਂਦੇ ਹਾਂ। ਜੇ ਇਹ ਅਸਲ ਵਿਚ ਕੋਈ ਭਿਆਨਕ ਚੀਜ਼ਾਂ ਹੋਣ ਤਾਂ ਸਾਨੂੰ ਡਰਾਨ? ਇਹ ਚੀਜ਼ਾਂ ਕੁਝ ਨਹੀਂ। ਤੁਸੀਂ ਵੀ ਇਹਨਾਂ ਤੋਂ ਨਾ ਡਰੋ।

ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੀ ਆਤਮਕ ਸ਼ਕਤੀ ਨੂੰ ਜਾਂ ਆਪਣੇ ਆਤਮਕ ਗਿਆਨ ਨੂੰ ਲੋਕਾਂ ਦੀ ਅਗਵਾਈ ਅਤੇ ਭਲਾਈ ਵਾਸਤੇ ਦੋ ਤਰ੍ਹਾਂ ਵਰਤਿਆ। ਕਿਸੇ ਵੇਲੇ ਲੋਕਾਂ ਨੂੰ

ਬੀਮਾਰੀਆਂ ਤੋਂ ਰਾਜ਼ੀ ਕਰਕੇ, ਕਿਸੇ ਵੇਲੇ ਖ਼ੁਦ ਬੀਮਾਰੀ ਵਿਚੋਂ ਅਡੋਲ ਤੇ ਖਿੜੇ ਮਥੇ ਲੰਘ ਕੇ। ਰਾਮ ਰਾਏ ਨੇ ਬੀਮਾਰੀ ਜਾਂ ਮੌਤ ਦਾ ਸਰਾਪ ਦੇ ਕੇ ਮਹਾਂਪੁਰਖਾਂ ਨੂੰ ਦੁਖੀ ਜਾਂ ਭੈ-ਭੀਤ ਕਰਨਾ ਚਾਹਿਆ। ਮਹਾਂ ਪੁਰਖ ਨੇ ਬੀਮਾਰੀ ਤੇ ਮੌਤ ਵਿਚੋਂ ਅਡੋਲ ਰਹਿਕੇ ਰਾਮ ਰਾਏ ਅਤੇ ਹੋਰ ਦੁਨੀਆਂ ਨੂੰ ਸਿਧ ਕਰ ਦਿਤਾ ਕਿ ਦੁਖ, ਬੀਮਾਰੀ, ਮੌਤ ਅਗਿਆਨੀ ਪੁਰਸ਼ ਵਾਸਤੇ ਭਾਵੇਂ ਬੜੀਆਂ ਭਿਆਨਕ ਚੀਜ਼ਾਂ ਹਨ ਪਰ ਗੁਰੂ ਨਾਨਕ ਸਾਹਿਬ ਦੀ ਤਾਲੀਮ ਨੂੰ ਸਮਝਣ ਤੇ ਕਮਾਣ ਵਾਲੇ ਪੁਰਸ਼ਾਂ ਵਾਸਤੇ ਕੁਝ ਅਰਥ ਨਹੀਂ ਰਖਦੀਆਂ। ਜਿਵੇਂ ਚੰਦੂ ਗੁਰੂ ਅਰਜਨ ਦੇਵ ਜੀ ਨੂੰ ਤੱਤੇ ਤਵਿਆਂ ਤੇ ਬਿਠਾ ਕੇ ਨਾ ਡਰਾ ਸਕਿਆ, ਉਵੇਂ ਰਾਮ ਰਾਏ ਗੁਰੂ ਹਰਿਕ੍ਰਿਸ਼ਨ ਜੀ ਨੂੰ ਸੀਤਲਾ ਦੀ ਬੀਮਾਰੀ ਜਾਂ ਮੌਤ ਦਾ ਸਰਾਪ ਦੇ ਕੇ ਡਰਾ ਨ ਸਕਿਆ।

ਅਸੀਂ ਇਥੇ ਇਸ ਬਹਿਸ ਵਿਚ ਪੈਣਾ ਨਹੀਂ ਚਾਹੁੰਦੇ ਕਿ ਇਤਿਹਾਸ ਵਿਚ ਗੁਰੂ ਸਾਹਿਬਾਨ ਦੇ ਜੀਵਨ ਚਰਿਤਰਾਂ ਨਾਲ ਲਗਾਈਆਂ ਗਈਆਂ ਕਿਹੜੀਆਂ ਸਾਖੀਆਂ ਦਰੁਸਤ ਹਨ ਅਤੇ ਕਿਹੜੀਆਂ ਮਨਘੜਤ। ਇਹ ਕੰਮ ਇਤਿਹਾਸਕ ਖੋਜੀਆਂ ਦਾ ਹੈ। ਅਗਰ ਕਿਸੇ ਵੇਲੇ ਇਤਿਹਾਸਕ ਖੋਜੀ ਇਹ ਸਿਧ ਭੀ ਕਰ ਲੈਣ ਕਿ ਗੁਰੂ ਇਤਿਹਾਸ ਵਿਚ ਕਈ ਸਾਖੀਆਂ ਮਨਘੜਤ ਜਾਂ ਵਧਾ ਘਟਾ ਕੇ ਲਿਖੀਆਂ ਗਈਆਂ ਹਨ ਤਾਂ ਵੀ ਜੋ ਵਿਚਾਰ ਅਸੀਂ ਕਰ ਰਹੇ ਹਾਂ ਉਸ ਵਿਚ ਕੋਈ ਫਰਕ ਨਹੀਂ ਪਵੇਗਾ। ਇਤਿਹਾਸਕ ਸਾਖੀਆਂ ਗਲਤ, ਵਧਾ ਘਟਾ ਕੇ ਲਿਖੀਆਂ ਜਾਂ ਦਰੁਸਤ ਹੋ ਸਕਦੀਆਂ ਹਨ ਪਰ ਸ੍ਰੀ ਗੁਰੂ ਗਰੰਥ ਜੀ ਉਹੀ ਹਨ ਜਿਹੜੇ ਗੁਰੂ ਅਰਜਨ ਦੇਵ ਜੀ ਵੇਲੇ ਹਨ। ਗੁਰੂ ਗਰੰਥ ਜੀ ਦੀ ਬਾਣੀ ਵਿਚ ਵਾਧਾ ਘਾਟਾ ਨਹੀਂ ਹੋਇਆ। ਇਸ ਲਈ ਜਿਹੜੇ ਅਸੂਲਾਂ ਦਾ, ਜਿਸ ਆਤਮਕ ਸਾਇੰਸ ਦਾ, ਜਿਸ ਬ੍ਰਹਮ ਗਿਆਨ ਦਾ ਪਰਚਾਰ





ਗੁਰੂ ਗਰੰਥ ਜੀ ਰਾਹੀਂ ਗੁਰੂ ਜੀ ਨੇ ਕੀਤਾ ਉਹ ਅਸੂਲ, ਉਹ ਆਤਮਕ ਸਾਇੰਸ, ਉਹ ਬ੍ਰਹਮ ਗਿਆਨ ਸਦੀਵੀ ਸਚਾਈ ਹੈ। ਉਸਦੇ ਸਦੀਵੀ ਸਚਾਈ ਹੋਣ ਦਾ ਕਾਰਨ ਇਹ ਹੈ ਕਿ ਉਸ ਦਾ ਸੰਬੰਧ ਸਚ ਦੇ ਸੋਮੇ, ਵਾਹਿਗੁਰੂ ਅਕਾਲ ਪੁਰਖ ਨਾਲ ਹੈ।

ਗੁਰੂ ਗਰੰਥ ਜੀ ਵਿਚ ਥਾਂ ਥਾਂ ਤੇ ਲਿਖਿਆ ਹੈ ਕਿ ਕਿਉਂਕਿ ਵਾਹਿਗੁਰੂ ਵਿਚ ਬੀਮਾਰੀ ਦਾ ਨਾਮ ਨਿਸ਼ਾਨ ਨਹੀਂ, ਇਸ ਲਈ ਜਿਸ ਆਦਮੀ ਦੇ ਹਿਰਦੇ ਵਿਚ ਵਾਹਿਗੁਰੂ ਦੀ ਯਾਦ ਵਸੇ ਉਸ ਵਿਚ ਵੀ ਰੋਗ, ਚਿੰਤਾ, ਡਰ, ਦੁਖ, ਬੀਮਾਰੀ ਸੰਤਾਪ ਨਹੀਂ ਰਹਿੰਦੇ।

*ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ॥*
*ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ॥*
*ਗਉਣੁ ਕਰੇ ਚਹੁਕੁੰਟ ਕਾ ਘੜੀ ਨਾ ਬੈਸਣੁ ਸੋਇ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ॥*
*ਅੰਗ - 70*

*ਸਰਬ ਕਲਿਆਣ ਸੁਖ ਸਹਜ ਨਿਧਾਨ॥*
*ਜਾਕੈ ਰਿਦੈ ਵਸਹਿ ਭਗਵਾਨ॥* *ਅੰਗ - 195*

*ਸਾਂਤਿ ਭਈ ਗੁਰ ਗੋਬਿਦਿ ਪਾਈ॥ ਤਾਪ ਪਾਪ ਬਿਨਸੇ ਮੇਰੇ ਭਾਈ॥*
*ਰਾਮ ਨਾਮੁ ਨਿਤ ਰਸਨ ਬਖਾਨ॥ ਬਿਨਸੇ ਰੋਗ ਭਏ ਕਲਿਆਨ॥*
*ਅੰਗ - 200*

*ਨੰਨਾ ਨਰਕਿ ਪਰਹਿ ਤੇ ਨਾਹੀ॥*
*ਜਾਕੈ ਮਨਿ ਤਨਿ ਨਾਮੁ ਬਸਾਹੀ॥* *ਅੰਗ - 257*

*ਦੁਖ ਬਿਨਸੇ ਸੁਖ ਕੀਆ ਨਿਵਾਸਾ ਤ੍ਰਿਸਨਾ ਜਲਨਿ ਬੁਝਾਈ॥*
*ਨਾਮੁ ਨਿਧਾਨੁ ਸਤਿਗੁਰੂ ਦ੍ਰਿੜਾਇਆ ਬਿਨਸਿ ਨ ਆਵੈ ਜਾਈ॥*
*ਅੰਗ - 497*

*ਅਉਖਧੁ ਖਾਇਓ ਹਰਿ ਕੋ ਨਾਉ॥ ਸੁਖ ਪਾਏ ਦੁਖ ਬਿਨਸਿਆ ਥਾਉ॥*
*ਅੰਗ - 378*

ਸ੍ਰੀ ਗੁਰੂ ਗਰੰਥ ਜੀ ਦੀ ਸਿਖਿਆ ਅਨੁਸਾਰ ਨਾਮ ਜਪਣ

ਵਾਲੇ ਵਿਚ ਕਿਸੇ ਵੇਲੇ ਨਾਮੀ ਦੇ ਗੁਣ ਪਰਗਟ ਹੋ ਜਾਂਦੇ ਹਨ, ਉਹ ਨਾਮੀ ਦਾ ਰੂਪ ਹੋ ਜਾਂਦਾ ਹੈ - ਨਾਮੀ ਵਾਂਗਰ ਅਡੋਲ, ਸੁਖ, ਨਿਰਭਉ, ਨਿਰਵੈਰ, ਅਰੋਗ ਤੇ ਅਕਾਲ।

ਗੁਰੂ ਹਰਿਕ੍ਰਿਸ਼ਨ ਜੀ ਭਾਵੇਂ ਸਰੀਰਕ ਤੌਰ ਤੇ ਬਾਲ ਅਵਸਥਾ ਵਿਚ ਸਨ ਪਰ ਬਾਬਾ ਅਟਲ ਜੀ ਵਾਂਗਰ ਆਪ ਆਤਮਾ ਦੇ ਸੂਝ, ਆਤਮਾ ਦੇ ਅਸੂਲਾਂ ਤੋਂ ਪੂਰਨ ਜਾਣੂ ਅਤੇ ਪਰਮਾਤਮਾ ਨਾਲ ਅਭੇਦ ਸਨ। ਇਸ ਕਰਕੇ ਬੀਮਾਰੀ ਤੋਂ ਰਹਿਤ ਸਨ। ਦੂਸਰਿਆਂ ਆਦਮੀਆਂ ਨੂੰ ਬੀਮਾਰੀ ਤੋਂ ਛੁਟਕਾਰਾ ਦੇ ਸਕਦੇ ਸਨ ਅਤੇ ਖੁਦ ਆਪਣੀ ਮਰਜ਼ੀ ਅਨੁਸਾਰ ਬੀਮਾਰੀ ਨੂੰ ਆਪਣੇ ਤੋਂ ਪਰੇ ਵੀ ਰਖ ਸਕਦੇ ਸਨ ਅਤੇ ਬੀਮਾਰੀ ਨੂੰ ਸਵੀਕਾਰ ਕਰਦੇ ਹੋਏ, ਬੀਮਾਰੀ ਦੇ ਦੁਖ ਤੋਂ ਅਲੇਪ ਵੀ ਰਹਿ ਸਕਦੇ ਸਨ। ਜਿਵੇਂ ਮੁਰਗਾਬੀ ਪਾਣੀ ਵਿਚ ਰਹਿ ਕੇ ਪਾਣੀ ਤੋਂ ਅਲੇਪ ਰਹਿ ਸਕਦੀ ਹੈ, ਇਸੇ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਜੀ ਬੀਮਾਰੀ ਵਿਚ ਬੀਮਾਰੀ ਤੋਂ ਨਿਰਲੇਪ ਰਹਿ ਸਕਦੇ ਸਨ। ਆਪ ਰਾਮ ਰਾਏ ਦੇ ਸਰਾਪ ਤੋਂ ਬਚਣ ਦੀ ਸ਼ਕਤੀ ਰਖਦੇ ਸਨ ਅਤੇ ਰਾਮ ਰਾਏ ਦੇ ਸਰਾਪ ਨੂੰ ਸਵੀਕਾਰ ਕਰਕੇ ਉਸ ਸਰਾਪ ਦੇ ਭੈ ਅਤੇ ਦੁਖ ਤੋਂ ਅਲੇਪ ਵੀ ਰਹਿ ਸਕਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਸ ਬਚਨ 'ਖਾਲਸੇ ਮਹਿ ਹਉ ਕਰਉ ਨਿਵਾਸ' ਦੇ ਅਸਲ ਅਰਥ ਨਾ ਅਜੇ ਬਹੁਤ ਸਿੱਖਾਂ ਨੂੰ ਤੇ ਨਾ ਦੁਨੀਆਂ ਨੂੰ ਪਤਾ ਲਗੇ ਹਨ। ਇਸ ਮਹਾਂਵਾਕ ਦੇ ਅਰਥ ਦੁਨੀਆਂ ਤੇ ਉਸ ਦਿਨ ਰੋਸ਼ਨ ਹੋਣਗੇ ਜਦ ਗੁਰੂ ਕੇ ਸਿੱਖ ਦੁਨੀਆਂ ਨੂੰ ਆਪਣੇ ਜੀਵਨ ਦੁਆਰਾ, ਆਪਣੇ ਅਮਲਾਂ ਦਵਾਰਾ ਉਹ ਕੁਝ ਪਰਤਖ ਕਰਕੇ ਦਸਣਗੇ ਜੋ ਕੁਝ ਗੁਰੂ ਗਰੰਥ ਜੀ ਵਿਚ ਨਾਮ ਜਪਣ ਵਾਲਿਆਂ ਸੰਬੰਧੀ ਲਿਖਿਆ ਹੈ।

*ਜੋ ਮਿਲਿਆ ਹਰਿ ਦੀਬਾਣ ਸਿਉ*





*ਸੋ ਸਭਨੀ ਦੀਬਾਣੀ ਮਿਲਿਆ॥*
*ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ*
*ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ॥* ਅੰਗ - 87

*ਤਾਕਾ ਦਰਸੁ ਪਾਈਐ ਵਡਭਾਗੀ॥*
*ਜਾਕੀ ਰਾਮ ਨਾਮਿ ਲਿਵ ਲਾਗੀ॥*
*ਜਾਕੈ ਹਰਿ ਵਸਿਆ ਮਨ ਮਾਹੀ॥*
*ਤਾਕਉ ਦੁਖੁ ਸੁਪਨੈ ਭੀ ਨਾਹੀ॥*
*ਸਰਬ ਨਿਧਾਨ ਰਾਖੇ ਜਨ ਮਾਹਿ॥*
*ਤਾਕੈ ਸੰਗਿ ਕਿਲਵਿਖ ਦੁਖ ਜਾਹਿ॥*
*ਜਨ ਕੀ ਮਹਿਮਾ ਕਥੀ ਨਾ ਜਾਇ॥*
*ਪਾਰਬ੍ਰਹਮੁ ਜਨੁ ਰਹਿਆ ਸਮਾਇ॥*
*ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ॥*
*ਦਾਸ ਕੀ ਧੂਰਿ ਨਾਨਕ ਕਉ ਦੀਜੈ॥* ਅੰਗ - 193

*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥*
*ਪ੍ਰਗਟ ਪਾਹਾਰਾ ਜਾਪਦਾ ਸਭਿ ਲੋਕ ਸੁਣੰਦੇ॥* ਅੰਗ - 306

*ਹਰਿ ਮੇਰਾ ਸਾਥੀ ਸੰਗਿ ਸਖਾਈ॥*
*ਦੁਖਿ ਸੁਖਿ ਸਿਮਰੀ ਤਹ ਮਉਜੂਦੁ*
*ਜਮ ਬਪੁਰਾ ਮੋਕਉ ਕਹਾ ਡਰਾਈ॥* ਅੰਗ - 375

*ਜਾ ਕਾ ਅੰਗੁ ਦਇਆਲ ਪ੍ਰਭ ਤਾਕੇ ਸਭ ਦਾਸ॥* ਅੰਗ - 808

# ਵਾਹਿਗੁਰੂ ਸਰਬ ਵਿਆਪੀ ਹੈ

ਸਰਬ ਵਿਆਪੀ ਦਾ ਮਤਲਬ ਇਹ ਹੈ ਕਿ ਵਾਹਿਗੁਰੂ ਹਰ ਵੇਲੇ, ਹਰ ਥਾਂ ਤੇ ਸਾਡੇ ਅੰਦਰ ਬਾਹਰ, ਸਾਡੇ ਅੰਗ ਸੰਗ ਮੌਜੂਦ ਹੈ। ਅਸੀਂ ਸੌਂਵੀਏਂ, ਜਾਗੀਏ, ਖਾਵੀਏ, ਪੀਵੀਏ, ਆਈਏ ਜਾਂ ਕਿਤੇ ਜਾਈਏ, ਘਰ ਹੋਈਏ ਜਾਂ ਬਾਹਿਰ, ਵਾਹਿਗੁਰੂ ਜੀ ਸਾਡੇ ਨਾਲ ਹੁੰਦੇ ਹਨ।

ਸਰਬ ਵਿਆਪੀ ਦਾ ਮਤਲਬ ਇਹ ਹੈ ਕਿ ਨਾ ਵਾਹਿਗੁਰੂ ਜੀ ਸਾਥੋਂ ਤੇ ਨਾ ਅਸੀਂ ਵਾਹਿਗੁਰੂ ਤੋਂ ਕਦੀ ਵਿਛੜੇ ਹਾਂ ਅਤੇ ਨਾ ਵਿਛੜ ਸਕਦੇ ਹਾਂ। ਜਿਵੇਂ ਪਾਣੀ ਤੋਂ ਬੁਲਬੁਲਾ ਜਾਂ ਲਹਿਰ ਕਦੀ ਵਿਛੜ ਨਹੀਂ ਸਕਦੇ, ਉਸੇ ਤਰ੍ਹਾਂ ਅਸੀਂ ਵਾਹਿਗੁਰੂ ਤੋਂ ਕਦੀ ਵਿਛੜ ਜਾਂ ਵਖਰੇ ਨਹੀਂ ਹੋ ਸਕਦੇ। ਜੇਕਰ ਪਾਣੀ ਹੋਵੇ ਤਾਂ ਹੀ ਬੁਲਬੁਲਾ ਜਾਂ ਲਹਿਰ ਪੈਦਾ ਹੋ ਸਕਦੇ ਹਨ, ਜੇਕਰ ਵਾਹਿਗੁਰੂ ਹੋਵੇ ਤਾਂ ਹੀ ਅਸੀਂ ਹੋ ਸਕਦੇ ਹਾਂ। ਜਿਥੇ ਬੁਲਬੁਲਾ ਜਾਂ ਲਹਿਰ ਹੈ, ਉਥੇ ਪਾਣੀ ਦਾ ਹੋਣਾ ਜ਼ਰੂਰੀ ਹੈ, ਇਸੇ ਤਰ੍ਹਾਂ ਜਿਥੇ ਅਸੀਂ ਹੋਈਏ, ਉਥੇ ਵਾਹਿਗੁਰੂ ਦਾ ਹੋਣਾ ਜ਼ਰੂਰੀ ਹੈ। ਕਾਰਨ ਅਤੇ ਕਾਰਜ ਕਦੀ ਇਕ ਦੂਜੇ ਤੋਂ ਵਖਰੇ ਨਹੀਂ ਕੀਤੇ ਜਾ ਸਕਦੇ। ਵਾਹਿਗੁਰੂ ਜੀ ਸਾਡੇ ਕਾਰਨ ਹਨ ਅਤੇ ਅਸੀਂ ਵਾਹਿਗੁਰੂ ਕਾਰਨ ਤੋਂ ਪੈਦਾ ਹੋਣ ਕਰਕੇ





ਵਾਹਿਗੁਰੂ ਜੀ ਦੇ ਕਾਰਜ ਹਾਂ, ਏਸੇ ਲਈ ਗੁਰਬਾਣੀ ਵਿਚ ਲਿਖਿਆ ਹੈ -

*ਤੂੰ ਸਭਨੀ ਥਾਈਂ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥*
*ਅੰਗ - 438*

ਜਿਥੇ ਸਾਡਾ ਸਰੀਰ ਹੋਵੇ, ਉਥੇ ਵੀ ਵਾਹਿਗੁਰੂ ਜੀ ਹਨ ਅਤੇ ਜਿਥੇ ਸਾਡਾ ਮਨ ਹੋਵੇ ਜਾਂ ਜਿਥੇ ਸਾਡੇ ਮਨ ਦੀ ਪਹੁੰਚ ਹੋਵੇ, ਉਥੇ ਵਾਹਿਗੁਰੂ ਦਾ ਹੋਣਾ ਜ਼ਰੂਰੀ ਹੈ। ਜੇਕਰ ਸਰੀਰ ਕਰਕੇ ਅਸੀਂ ਦਿੱਲੀ ਵਿਚ ਹਾਂ ਤਾਂ ਦਿੱਲੀ ਵਿਚ ਵੀ ਵਾਹਿਗੁਰੂ ਸਾਡੇ ਨਾਲ ਹੈ ਅਤੇ ਜੇਕਰ ਮਨ ਕਰਕੇ ਅਸੀਂ ਦਿੱਲੀ ਤੋਂ ਅੰਮ੍ਰਿਤਸਰ ਪਹੁੰਚਦੇ ਹਾਂ ਅਤੇ ਉਥੇ ਖ਼ਿਆਲ ਵਿਚ ਹੀ ਦਰਬਾਰ ਸਾਹਿਬ ਦੇ ਦਰਸ਼ਨ ਕਰਦੇ ਹਾਂ, ਤਾਂ ਉਥੇ ਵੀ ਸਾਡੇ ਖ਼ਿਆਲ ਦੇ ਨਾਲ ਨਾਲ ਵਾਹਿਗੁਰੂ ਜੀ ਹਨ, ਤਾਂ ਹੀ ਸਾਡਾ ਮਨ ਉਡਾਰੀ ਲਾ ਕੇ ਦਿੱਲੀ ਤੋਂ ਅੰਮ੍ਰਿਤਸਰ ਪਹੁੰਚ ਸਕਿਆ ਹੈ। ਜਿਵੇਂ ਇੰਜਨ ਤੇ ਗਡੀਆਂ ਦਿੱਲੀ ਸਟੇਸ਼ਨ ਤੇ ਵੀ ਇਸ ਕਰਕੇ ਹਨ ਕਿ ਉਹਨਾਂ ਦੇ ਹੇਠਾਂ ਰੇਲ ਦੀ ਲਾਈਨ ਹੈ ਅਤੇ ਅੰਮ੍ਰਿਤਸਰ ਵੀ ਉਹ ਇੰਜਨ ਤੇ ਗਡੀਆਂ ਇਸੇ ਕਰਕੇ ਪਹੁੰਚ ਸਕਦੀਆਂ ਹਨ, ਕਿਉਂਕਿ ਦਿੱਲੀ ਤੋਂ ਅੰਮ੍ਰਿਤਸਰ ਤਕ ਇਹਨਾਂ ਗਡੀਆਂ ਤੇ ਇੰਜਨ ਹੇਠ ਰੇਲ ਦੀ ਪਟੜੀ ਹੈ। ਸਾਡੇ ਖ਼ਿਆਲ ਦੀ ਉਡਾਰੀ ਵਾਸਤੇ ਵੀ ਜ਼ਰੂਰੀ ਹੈ ਕਿ ਇਸ ਦੇ ਹੇਠਾਂ ਜਾਂ ਪਿਛੇ ਵਾਹਿਗੁਰੂ ਜੀ ਹੋਣ।

ਸਰਬ ਵਿਆਪੀ ਹੋਣ ਵਾਸਤੇ ਜ਼ਰੂਰੀ ਹੈ ਕਿ ਵਾਹਿਗੁਰੂ ਸਦਾ ਸਲਾਮਤ ਜਾਂ ਸਦੀਵੀ ਹੋਵੇ। ਜੇਕਰ ਵਾਹਿਗੁਰੂ ਕਿਸੇ ਵੇਲੇ ਹੋਵੇ ਤੇ ਕਿਸੇ ਵੇਲੇ ਨਾ ਹੋਵੇ, ਤਾਂ ਜਦ ਉਹ ਨਾ ਹੋਵੇ ਤਾਂ ਉਸ ਵੇਲੇ ਸਰਬ ਵਿਆਪੀ ਨਹੀਂ ਹੋ ਸਕਦਾ। ਵਾਹਿਗੁਰੂ ਸਰਬ ਵਿਆਪੀ ਹੋਣ ਕਰਕੇ ਸਦਾ ਸਲਾਮਤ ਹੈ, ਆਦਿ ਜੁਗਾਦਿ ਵਾਹਿਗੁਰੂ ਹੈ, ਹੈ ਵੀ

ਵਾਹਿਗੁਰੂ ਅਤੇ ਹੋਸੀ ਵੀ ਵਾਹਿਗੁਰੂ। ਇਹ ਗਲ ਤਦ ਹੀ ਹੋ ਸਕਦੀ ਹੈ, ਜੇਕਰ ਵਾਹਿਗੁਰੂ ਸਰਬ, ਵਿਆਪੀ ਅਤੇ ਨਾਲ ਹੀ ਸਦਾ ਸਲਾਮਤ ਹੋਵੇ। ਜੇਕਰ ਵਾਹਿਗੁਰੂ ਜੀ ਸਦਾ ਸਲਾਮਤ ਤੇ ਸਰਬ ਵਿਆਪੀ ਹਨ। ਜਿਵੇਂ ਬਰਫ ਜਿਥੇ ਵੀ ਹੋਵੇ, ਉਥੇ ਹੀ ਠੰਡ ਹੋਵੇਗੀ। ਠੰਡ ਜਾਂ ਸਰਦੀ ਨੂੰ ਬਰਫ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ, ਏਸੇ ਤਰ੍ਹਾਂ ਵਾਹਿਗੁਰੂ ਜੀ ਤੋਂ ਵੀ ਉਸਦੇ ਗੁਣਾਂ ਨੂੰ - ਸਰਬ ਸ਼ਕਤੀਮਾਨਤਾ, ਸਰਬ ਗਿਆਤਾ, ਸਰਬ ਵਿਆਪਕਤਾ, ਸਦਾ ਸਲਾਮਤ, ਅਨੰਦ ਰੂਪ, ਨਿਰਭੈ, ਨਿਰਵੈਰ ਆਦਿ - ਨਿਖੇੜਿਆ ਨਹੀਂ ਜਾ ਸਕਦਾ। ਇਸ ਲਈ ਵਾਹਿਗੁਰੂ ਆਪਣੇ ਸਰਬ ਗੁਣਾਂ ਸਮੇਤ ਸਰਬ ਵਿਆਪੀ ਹਨ।

ਗੁਰਬਾਣੀ ਵਿਚ ਲਿਖਿਆ ਹੈ ਕਿ ਵਾਹਿਗੁਰੂ ਜੀ ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ -

*ਤੁਝ ਬਿਨੁ ਦੂਜਾ ਨਾਹੀ ਕੋਇ॥*
*ਤੂ ਕਰਤਾਰੁ ਕਰਹਿ ਸੋ ਹੋਇ॥* *ਅੰਗ - 736*

ਏਥੋਂ ਸਾਬਤ ਹੁੰਦਾ ਹੈ ਕਿ ਵਾਹਿਗੁਰੂ ਜੀ ਆਪਣੇ ਗੁਣਾਂ ਸਮੇਤ ਸਰਬ ਵਿਆਪੀ ਹਨ ਅਤੇ ਵਾਹਿਗੁਰੂ ਜੀ ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ।

ਜੇਕਰ ਇਹ ਠੀਕ ਹੈ ਤਾਂ ਬਦੀ, ਪਾਪ, ਦੁਖ, ਬੀਮਾਰੀ, ਮੌਤ ਜੋ ਕਿ ਵਾਹਿਗੁਰੂ ਜੀ ਤੋਂ ਉਲਟ ਹਨ - ਵਾਹਿਗੁਰੂ ਜੀ ਦੀ ਸਰਬ ਵਿਆਪਕਤਾ ਵਿਚ ਨਹੀਂ ਹਨ। ਵਾਹਿਗੁਰੂ ਜੀ ਹੁਣ, ਇਸ ਵੇਲੇ ਸਰਬ ਵਿਆਪਕ ਹਨ, ਇਸ ਲਈ ਬਦੀ, ਪਾਪ, ਦੁਖ, ਬੀਮਾਰੀ, ਮੌਤ - ਇਸ ਵੇਲੇ, ਹੁਣ, ਨਹੀਂ ਹਨ। ਬਦੀ ਨੂੰ ਜਿੱਤਣ ਜਾਂ ਨੇਸਤ ਕਰਨ ਦੀ ਇਸ ਲਈ ਲੋੜ ਨਹੀਂ ਕਿਉਂਕਿ ਇਹ ਤਾਂ ਸਹੇ ਦੇ ਸਿੰਗਾਂ ਵਾਂਗ ਕਦੀ ਹੋਣੀ ਹੀ ਨਹੀਂ ਅਤੇ ਨਾ ਹੀ ਹੁਣ ਹੈ।





ਬਦੀ ਫੇਰ ਕੀ ਹੈ? ਕਿਉਂ ਉਤਪੰਨ ਹੁੰਦੀ ਅਤੇ ਕਿਸ ਤਰ੍ਹਾਂ ਨੇਸਤ ਜਾਂ ਬਰਬਾਦ ਹੋ ਜਾਂਦੀ ਹੈ? ਬਦੀ ਇਕ ਬੇਮੁਖ ਜਾਂ ਮਨਮੁਖ ਇਨਸਾਨ ਦੇ ਦਿਮਾਗ ਦਾ ਭਲੇਖਾ ਹੈ? ਇਹ ਵਾਹਿਗੁਰੂ ਜੀ ਦੀ ਗੈਰਹਾਜ਼ਰੀ ਵਿਚ ਮਨਮੁਖ ਦੇ ਦਿਮਾਗ ਵਿਚੋਂ ਪੈਦਾ ਹੁੰਦੀ ਅਤੇ ਉਸ ਨੂੰ ਡਰਾਂਦੀ ਜਾਂ ਦੁਖ ਦੇਂਦੀ ਹੈ। ਕਿਉਂਕਿ ਇਹ ਵਾਸਤਵ ਵਿਚ ਰਚੀ ਨਹੀਂ ਗਈ, ਇਸ ਕਰਕੇ ਜਦ ਵੀ ਤੇ ਜਿਥੇ ਵੀ ਵਾਹਿਗੁਰੂ ਜੀ ਦੀ ਸਰਬ ਸ਼ਕਤੀਮਾਨਤਾ ਅਤੇ ਸਰਬ ਵਿਆਪਕਤਾ ਜਾਂ ਸਰਬ ਭਰਪੂਰਤਾ ਨੂੰ ਚੰਗੀ ਤਰ੍ਹਾਂ ਸਮਝਿਆ ਤੇ ਦੇਖਿਆ ਜਾਵੇ, ਉਥੇ ਹੀ ਤੇ ਉਦੋਂ ਹੀ ਬਦੀ - ਪਾਪ, ਦੁਖ, ਬੀਮਾਰੀ, ਮੌਤ ਖੁਦ-ਬਖੁਦ ਅਲੋਪ ਹੋ ਜਾਂਦੀ ਹੈ। ਬਦੀ ਦੇ ਉਲਟ ਵਾਹਿਗੁਰੂ ਜੀ ਦੇ ਸਰਬ ਗੁਣ ਹਰ ਵਕਤ ਪ੍ਰਕਾਸ਼ਵਾਨ ਹਨ। ਇਹ ਗੁਣ ਸਰਬ ਵਿਆਪਕ, ਹਾਜ਼ਰਾ ਹਜ਼ੂਰ ਤੇ ਸਰਬ ਥਾਵਾਂ ਤੇ ਭਰਪੂਰ ਹਨ।

ਇਸ ਅਟੱਲ ਸਚਾਈ ਨੂੰ ਜਿਤਨੀ ਛੇਤੀ ਸਮਝ ਲਈਏ ਅਤੇ ਰੋਜ਼ਾਨਾ ਜੀਵਨ ਵਿਚ ਵਰਤੀਏ, ਉਤਨੀ ਛੇਤੀ ਹੀ ਅਸੀਂ ਆਪਣੀ ਦੁਨੀਆਂ ਦੁੱਖਾਂ ਤੋਂ ਰਹਿਤ ਅਤੇ ਸੁਖਾਂ ਨਾਲ ਭਰਪੂਰ ਬਣਾ ਸਕਦੇ ਹਾਂ। ਇਸ ਸਚਾਈ ਨੂੰ ਜਾਨਣ ਵਾਲੇ ਦੀ ਦੁਨੀਆਂ ਵਿਚ ਬਦੀ ਅਲੋਪ ਹੋ ਜਾਵੇਗੀ ਅਤੇ ਵਾਹਿਗੁਰੂ ਜੀ, ਜੋ ਕਿ ਗੁਣ-ਨਿਧ ਜਾਂ ਗੁਣਾਂ ਦੀ ਖਾਨ ਹਨ, ਆਪਣੀਆਂ ਸਭ ਬਰਕਤਾਂ ਸਮੇਤ ਪਰਗਟ ਹੋ ਜਾਣਗੇ।

# ਜੀਵਨ

ਜੀਉਂਦੇ ਤੋਂ ਜੀਵਨ ਹੀ ਪੈਦਾ ਹੋ ਸਕਦਾ ਹੈ, ਮੌਤ ਨਹੀਂ। ਜੀਵਨ ਪਾਸ ਮੌਤ ਨਹੀਂ, ਇਸ ਲਈ ਉਹ ਮੌਤ ਕਿਵੇਂ ਪੈਦਾ ਕਰੇ? ਜਿਸ ਪਾਸ ਜੋ ਚੀਜ਼ ਹੈ ਹੀ ਨਹੀਂ, ਜਿਸ ਨੂੰ ਵਜੂਦ ਵਿਚ ਨਹੀਂ ਲਿਆਂਦਾ ਜਾ ਸਕਦਾ, ਇਸ ਕਰਕੇ ਜੀਉਂਦਾ ਜਾਗਦੇ, ਸਦਾ ਸਲਾਮਤ ਵਾਹਿਗੁਰੂ ਜੀ ਦੇ ਬਣਾਏ ਹੋਏ ਜਗਤ ਦੀ ਨੁਕਰ-ਨੁਕਰ ਵਿਚ ਨਜ਼ਰ ਮਾਰਿਆਂ, ਜਗਤ ਰਚਨਾ ਦੀ ਹਰ ਚੀਜ਼ ਨੂੰ ਅੰਦਰੋਂ ਬਾਹਰੋਂ ਦੇਖਿਆਂ, ਸਿਵਾਏ ਜੀਵਨ ਦੇ ਹੋਰ ਕੁਝ ਨਜ਼ਰ ਨਹੀਂ ਆਉਂਦਾ।

ਜੀਉਂਦੇ ਜਾਗਦੇ ਵਾਹਿਗੁਰੂ ਤੋਂ ਪੈਦਾਂ ਹੋਏ ਜੀਉਂਦੇ ਜਾਗਦੇ ਜਗਤ ਵਿਚ ਜੀਵਨ ਦੀਆਂ ਅਨੇਕ ਸ਼ਕਲਾਂ ਜਾਂ ਹਾਲਤਾਂ ਦਿਸਦੀਆਂ ਹਨ। ਲੋਹੇ ਤੋਂ ਲੈ ਕੇ ਮਨੁੱਖ ਤਕ ਜੀਵਨ ਦੀਆਂ ਅਨੇਕ ਸ਼ਕਲਾਂ ਜਾਂ ਹਾਲਤਾਂ ਦੇ ਦਰਸ਼ਨ ਹੁੰਦੇ ਹਨ। ਲੋਹਾ, ਪੱਥਰ, ਲਕੜੀ ਸਭ ਜੀਵਨ ਦੀਆਂ ਹਾਲਤਾਂ ਹਨ। ਜੇਕਰ ਇਹਨਾਂ ਦੇ ਅੰਦਰ ਲੁਕੀ ਸਚਾਈ ਨੂੰ ਵਿਗਿਆਨਕ ਅੱਖਾਂ ਨਾਲ ਵੇਖੀਏ, ਤਾਂ ਇਹਨਾਂ ਦੇ ਜ਼ੱਰੇ ਜ਼ੱਰੇ ਵਿਚ ਚੋਬੀਸ ਘੰਟੇ ਕੰਮ ਕਰ ਰਹੇ ਕਾਰਖਾਨੇ ਮੌਜੂਦ ਦਿਸਣਗੇ, ਜਿਨ੍ਹਾਂ ਨੂੰ ਜੀਵਨ ਚਲਾ ਰਿਹਾ ਹੈ।





ਇਸ ਤੋਂ ਅਗੇ ਦਰਖਤ, ਸਬਜ਼ੀਆਂ, ਫਲ-ਫੁਲ ਜੀਵਨ ਦੀ ਇਕ ਉਹ ਹਾਲਤ ਪੇਸ਼ ਕਰਦੇ ਹਨ, ਜਿਸ ਨੂੰ ਇਨਸਾਨ ਕੁਝ ਜਲਦੀ ਸਮਝ ਸਕਦਾ ਹੈ। ਦਰਖਤ ਪੈਦਾ ਹੁੰਦੇ, ਵਡੇ ਹੁੰਦੇ, ਬੜੇ ਸਾਇਦਾਰ ਦਰਖਤ ਬਣਦੇ ਅਤੇ ਕੁਝ ਅਰਸੇ ਬਾਅਦ ਕਮਜ਼ੋਰ ਹੋ ਕੇ ਫਿਰ ਧਰਤੀ ਤੇ ਡਿਗਦੇ ਦਿਸ ਸਕਦੇ ਹਨ, ਇਸੇ ਤਰ੍ਹਾਂ ਸਬਜ਼ੀਆਂ, ਫਲ-ਫੁਲ ਪੈਦਾ ਹੋ ਕੇ ਵਧਦੇ ਫੁਲਦੇ ਅਤੇ ਜੀਵਨ ਨੂੰ ਹਰਕਤ ਵਿਚ ਲਿਆ ਕੇ ਸਾਡੇ ਉਤੇ ਜ਼ਿੰਦਗੀ ਦੇ ਖਿਆਲ ਨੂੰ ਸਪਸ਼ਟ ਕਰਦੇ ਹਨ।

ਇਸ ਤੋਂ ਅਗੇ ਜੀਵਨ ਐਸੀ ਹਿਲਜੁਲ ਭਰੀ ਸ਼ਕਲ ਵਿਚ ਆਪਣੇ ਆਪ ਨੂੰ ਜ਼ਾਹਿਰ ਕਰਦਾ ਹੈ ਕਿ ਉਸ ਦਾ ਪਛਾਨਣਾ ਕੋਈ ਮੁਸ਼ਕਿਲ ਨਹੀਂ ਰਹਿੰਦਾ। ਚਿੜੀਆਂ ਦਾ ਉਡਣਾ, ਹਰਨਾਂ ਦਾ ਚੁੰਗੀਆਂ ਮਾਰ ਕੇ ਦੌੜਨਾ, ਮੋਰਾਂ ਦਾ ਪੈਲਾਂ ਪਾ ਕੇ ਨੱਚਣਾ, ਬੁਲਬੁਲ ਤੇ ਪਪੀਹੇ ਦਾ ਗਾਣਾ, ਪਾਣੀ ਵਿਚ ਰਹਿਣ ਵਾਲੇ ਅਨੇਕਾਂ ਜਾਨਵਰਾਂ ਦਾ ਮਿਲਜੁਲ ਕੇ ਜੀਵਨ ਬਤੀਤ ਕਰਨਾ, ਜੀਵਨ ਦਾ ਐਸਾ ਨਜ਼ਾਰਾ ਹੈ, ਜਿਸ ਨੂੰ ਵੇਖ ਕੇ ਇਨਸਾਨ ਵਾਹ ਵਾਹ ਕਰ ਉਠਦਾ ਹੈ।

ਇਸ ਤੋਂ ਅਗੇ ਇਨਸਾਨ ਦਾ ਆਪਣਾ ਜੀਵਨ ਹੈ, ਜਿਸ ਦਾ ਤਮਾਸ਼ਾ ਹਰ ਵਕਤ ਵੇਖ ਵੇਖ ਕੇ ਇਨਸਾਨ ਨਹੀਂ ਰੱਜਦਾ। ਮਨੁੱਖ ਵਿਚ ਵੀ ਜੀਵਨ ਦੀਆਂ ਅਨੇਕ ਹਾਲਤਾਂ ਵਖੋ ਵਖਰੇ ਨਜ਼ਾਰੇ ਪੇਸ਼ ਕਰ ਰਹੀਆਂ ਹਨ। ਇਕ ਮੂੜ੍ਹ ਮਨੁੱਖ ਤੋਂ ਲੈ ਕੇ ਇਕ ਸਾਇੰਸਦਾਨ, ਚਿਤ੍ਰਕਾਰ, ਕਵੀ ਜਾਂ ਸਿਮਰਨ ਅਭਿਆਸੀ ਤਕ ਜੀਵਨ ਅਨੇਕ ਅਵਸਥਾ ਵਿਚ ਖੇਡ ਰਿਹਾ ਹੈ।

ਜਿਥੇ ਸਾਨੂੰ ਐਸਾ ਪਰਤੀਤ ਹੁੰਦਾ ਹੈ ਕਿ ਜੀਵਨ ਖਤਮ ਹੋ

ਗਿਆ ਹੈ, ਉਥੇ ਵਾਸਤਵ ਵਿਚ ਜੀਵਨ ਦਾ ਅੰਤ ਨਹੀਂ ਹੁੰਦਾ। ਜਦ ਇਕ ਬੀਜ ਤੋਂ ਦਰਖਤ ਅਨੇਕਾਂ ਬੀਜ ਪੈਦਾ ਕਰਕੇ ਜ਼ਮੀਨ ਤੇ ਡਿਗ ਪੈਂਦਾ ਹੈ ਤੇ ਕੁਝ ਅਰਸੇ ਤੋਂ ਬਾਅਦ ਉਸ ਦੀ ਲਕੜੀ ਜਲਾਏ ਜਾਣ ਦੇ ਬਾਅਦ ਸਵਾਹ ਬਣ ਕੇ ਫੇਰ ਜ਼ਮੀਨ ਦਾ ਹਿੱਸਾ ਬਣ ਜਾਂਦੀ ਹੈ ਜਾਂ ਜਦ ਚਿੜੀਆਂ, ਕਾਂ, ਸ਼ੇਰ ਜਾਂ ਹਾਥੀ ਕੁਝ ਚਿਰ ਹਰਕਤ ਵਾਲਾ ਜੀਵਨ ਬਤੀਤ ਕਰਨ ਦੇ ਬਾਅਦ ਫਿਰ ਮਿੱਟੀ ਵਿਚ ਮਿੱਟੀ ਹੋ ਜਾਂਦੇ ਹਨ ਜਾਂ ਜਦ ਆਦਮੀ ਜੰਮ ਕੇ ਜਵਾਨ ਹੋਣ ਮਗਰੋਂ ਬੁਢਾ ਹੋ ਕੇ, ਫਿਰ ਧਰਤੀ ਵਿਚ ਜਾ ਮਿਲਦਾ ਹੈ ਤਾਂ ਆਮ ਤੌਰ ਤੇ ਇਹ ਸਮਝਿਆ ਜਾਂਦਾ ਹੈ ਕਿ ਸਭ ਜੀਵਨ ਤੋਂ ਬਾਅਦ ਮਰ ਗਏ ਹਨ ਅਤੇ ਮੌਤ ਨੂੰ ਜੀਵਨ ਦੇ ਉਲਟ, ਜੀਵਨ ਤੋਂ ਸਖਣਾ, ਜਿੰਦਹੀਨ ਸਮਝਿਆ ਜਾਂਦਾ ਹੈ। ਇਹ ਗਲ ਅਗਿਆਨਤਾ ਭਰਿਆ ਝੂਠ ਹੈ। ਜਿਉਂਦੇ ਜਾਗਦੇ ਵਾਹਿਗੁਰੂ ਤੋਂ ਪੈਦਾ ਹੋਣ ਵਾਲੇ ਜਗਤ ਵਿਚ ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ? ਜੀਵਨ ਤੋਂ ਮੌਤ ਪੈਦਾ ਹੋ ਸਕਣੀ ਅਸੰਭਵ ਹੈ। ਤੁਸੀਂ ਇਸ ਕੱਚੇ ਅੰਬ ਨੂੰ ਤੋੜ ਕੇ ਆਪਣੀ ਮੇਜ਼ ਤੇ ਰਖ ਦੇਵੋ। ਅਗਿਆਨੀ ਸਮਝੇਗਾ ਕਿ ਅੰਬ ਦਰਖਤ ਨਾਲੋਂ ਟੁਟ ਕੇ ਮਰ ਗਿਆ ਹੈ, ਪਰ ਇਹ ਉਸਦਾ ਭੁਲੇਖਾ ਹੈ। ਵਾਸਤਵ ਵਿਚ ਉਸ ਕੱਚੇ ਅੰਬ ਵਿਚ ਦਿਨ-ਰਾਤ ਜੀਵਨ ਵਖੋ ਵਖਰੀਆਂ ਹਾਲਤਾਂ ਪੈਦਾ ਕਰ ਰਿਹਾ ਹੈ। ਪਹਿਲਾਂ ਕੁਝ ਨਜ਼ਰ ਨਹੀਂ ਆਉਂਦਾ। ਕੁਝ ਦਿਨਾਂ ਮਗਰੋਂ ਉਸ ਕੱਚੇ ਅੰਬ ਦਾ ਰੰਗ ਸਬਜ਼ ਤੋਂ ਪੀਲਾ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਹੌਲੀ ਹੌਲੀ ਸਾਵੇ ਰੰਗ ਦੀ ਥਾਂ ਪੀਲਾ ਰੰਗ ਆਣ ਮਲਦਾ ਹੈ। ਜਿਥੇ ਕੱਚਾ ਅੰਬ ਸਖਤ ਤੇ ਖੱਟਾ ਸੀ, ਉਥੇ ਉਹੋ ਅੰਬ ਮਿਠਾ, ਨਰਮ ਤੇ ਸੁਗੰਧੀ ਭਰਿਆ ਬਣ ਜਾਂਦਾ ਹੈ। ਜੇਕਰ ਇਸ ਅੰਬ ਨੂੰ ਉਸ ਵੇਲੇ ਬੰਦਾ ਖਾ ਵਲੇ, ਤਾਂ ਇਹ ਉਸ ਅੰਦਰ ਜਾ ਕੇ ਉਸਦੇ





ਅੰਦਰ ਜੀਵਨ ਦੀਆਂ ਵਖੋ ਵਖ ਹਾਲਤਾਂ ਦਾ ਹਿਸਾ ਬਣ ਜਾਂਦਾ ਹੈ, ਪਰ ਜੇਕਰ ਇਸ ਨੂੰ ਨਾ ਖਾਧਾ ਜਾਵੇ, ਤਾਂ ਕੁਝ ਦਿਨਾਂ ਮਗਰੋਂ ਇਸ ਦੇ ਅੰਦਰ ਦਾ ਜੀਵਨ ਪਲਟਾ ਖਾ ਕੇ ਕੀੜਿਆਂ ਦੀ ਸ਼ਕਲ ਧਾਰਨ ਕਰ ਲੈਂਦਾ ਹੈ। ਇਸੇ ਤਰ੍ਹਾਂ ਪੰਛੀਆਂ, ਜਾਨਵਰਾਂ ਤੇ ਇਨਸਾਨ ਦਾ ਹਾਲ ਹੈ। ਇਨ੍ਹਾਂ ਦਾ ਅੰਦਰਲਾ ਜੀਵਨ ਵੀ ਰੰਗ ਵਟਾਂਦਾ ਹੈ, ਪਰ ਆਪ ਨਾ ਕਦੇ ਮੁਕਦਾ ਹੈ, ਨਾ ਕਦੇ ਥਕਦਾ ਹੈ ਤੇ ਨਾ ਕਦੇ ਅੱਕਦਾ ਹੈ।

ਜੀਵਨ ਦੇ ਇਥੋਂ ਤਕ ਦਰਸ਼ਨ ਤਾਂ ਆਮ ਆਦਮੀ ਕਰ ਸਕਦਾ ਹੈ, ਪਰ ਇਸ ਤੋਂ ਅਗੇ ਜੀਵਨ ਇਤਨਾ ਸ਼ੂਖਸ਼ਮ ਹੋ ਜਾਂਦਾ ਹੈ ਕਿ ਆਮ ਅੱਖਾਂ ਨਾਲ ਨਹੀਂ ਦਿਸਦਾ, ਉਸ ਨੂੰ ਵੇਖਣ ਲਈ ਸਾਧਾਰਨ ਅੱਖਾਂ ਬੰਦ ਕਰਨੀਆਂ ਪੈਂਦੀਆਂ ਹਨ ਅਤੇ ਅਨੁਭਵ ਦੇ ਨੇਤਰ ਖੋਲ੍ਹਣੇ ਪੈਂਦੇ ਹਨ।

ਅਨੁਭਵ ਦੇ ਨੇਤਰ ਉਹ ਹਨ, ਜਿਹੜੇ ਅਦ੍ਰਿਸ਼ਟ ਚੀਜ਼ਾਂ ਦਾ ਸਾਨੂੰ ਗਿਆਨ ਦੇਂਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਦ੍ਰਿਸ਼ਟ ਸ਼ਕਤੀਆਂ ਹਨ। ਸਾਡੀਆਂ ਸਾਧਾਰਨ ਅੱਖਾਂ ਇਹਨਾਂ ਨੂੰ ਨਹੀਂ ਦੇਖ ਸਕਦੀਆਂ, ਪਰ ਜਦ ਇਹ ਸਾਡੇ ਵਲ ਆਂਦੇ ਹਨ ਤਾਂ ਸਾਨੂੰ ਮਲੂਮ ਹੋ ਜਾਂਦਾ ਹੈ ਕਿ ਹੁਣ ਸਾਡੇ ਅੰਦਰ ਲੋਭ ਆਇਆ ਹੈ ਜਾਂ ਮੋਹ ਆਇਆ ਹੈ। ਜਿਹੜਾ ਸਾਨੂੰ ਇਹ ਪਤਾ ਦੇਂਦਾ ਹੈ ਕਿ ਸਾਡੇ ਅੰਦਰ ਹੁਣ ਹੰਕਾਰ ਆਇਆ ਹੈ ਜਾਂ ਤਰਸ ਆਇਆ ਹੈ ਜਾਂ ਨਫ਼ਰਤ ਆਈ ਹੈ, ਉਸ ਨੂੰ ਹੀ ਅਨੁਭਵ ਦਾ ਨੇਤਰ ਕਿਹਾ ਜਾਂਦਾ ਹੈ। ਜਦ ਇਸ ਨੂੰ ਨਾਮ ਸਿਮਰਨ ਦੀ ਜੁਗਤੀ ਨਾਲ ਕਾਫੀ ਸਿਖਾ ਦੇਈਏ ਤਾਂ ਇਹ ਅਨੁਭਵ ਦੇ ਨੇਤਰ ਆਪਣੇ ਅੰਦਰ, ਆਪਣੇ ਆਪੇ ਜਾਂ ਅਸਲ ਜੀਵਨ ਨੂੰ ਦੇਖਣ ਲਗ ਪੈਂਦੇ ਹਨ। ਆਪਣਾ

ਆਪਾ ਪਹਿਲੇ ਸਰੀਰ ਅੰਦਰ, ਪਰ ਸਰੀਰ ਤੋਂ ਰਹਿਤ, ਨਿਰੋਲ ਜੀਵਨ ਦੀ ਸ਼ਕਲ ਵਿਚ ਦਿਸਦਾ ਹੈ। ਇਹ ਸਾਡੇ ਇਕਾਗਰ ਹੋਏ ਅਨੁਭਵ ਨੂੰ ਦਿਖਾਈ ਦੇਂਦਾ ਹੈ। ਇਥੇ ਜੀਵਨ ਸੰਬੰਧੀ ਸਾਡਾ ਇਕ ਨਵਾਂ ਅਤੇ ਅਜੀਬ ਦ੍ਰਿਸ਼ਟੀਕੋਣ ਪੈਦਾ ਹੁੰਦਾ ਹੈ। ਇਸ ਤੋਂ ਪਹਿਲੇ ਅਸੀਂ ਜੀਵਨ ਨੂੰ ਰੂਪ, ਰੇਖ, ਰੰਗ ਵਿਚ ਮਿਲਿਆ-ਜੁਲਿਆ ਦੇਖਣ ਦੇ ਆਦੀ ਸੀ, ਪਰ ਹੁਣ ਸਾਨੂੰ ਜੀਵਨ, ਰੂਪ, ਰੇਖ ਰੰਗ ਤੋਂ ਅਲਹਿਦਾ ਨਿਰੋਲ ਜੀਵਨ ਨਜ਼ਰ ਆਉਂਦਾ ਹੈ। ਇਹ ਜੀਵਨ ਨੂੰ ਆਪਣੀ ਨਿਰੋਲ ਅਤੇ ਖਾਲਸ ਅਵਸਥਾ ਵਿਚ ਕਿਸ ਤਰ੍ਹਾਂ ਦੇਖੀਦਾ ਹੈ। ਕਈ ਜੋਗੀਆਂ ਜਾਂ ਸਿਮਰਨ ਅਭਿਆਸੀਆਂ ਨੇ ਅਨੁਭਵ ਦੇ ਨੇਤਰਾਂ ਨੂੰ ਹੀ ਸੁਰਤ ਜਾਂ ਤੀਖਣ ਬੁਧੀ ਆਖਿਆ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਸਿਮਰਨ ਜਾਂ ਜੋਗ ਸਾਡੇ ਅਨੁਭਵ, ਸੁਰਤ ਜਾਂ ਬੁਧੀ ਨੂੰ ਆਪਣੀ ਅਸਲੀਅਤ ਦਿਖਾ ਦੇਂਦਾ ਹੈ ਜੋ ਕਿ ਨਿਰੋਲ ਜੀਵਨ ਜਾਂ ਖਾਲਸ ਜੀਵਨ ਹੈ।

ਜੀਵਨ ਦੀ ਇਸ ਹਾਲਤ ਜਾਂ ਅਵਸਥਾ ਨੂੰ ਮਾਨਣ ਵਾਲਾ ਫਿਰ ਜਿਉਂਦੇ ਰਹਿਣ ਲਈ ਰੂਪ, ਰੇਖ, ਰੰਗ ਜਾਂ ਸਰੀਰਾਂ ਦਾ ਮੁਥਾਜ ਨਹੀਂ ਰਹਿੰਦਾ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਸਰੀਰ ਨਹੀਂ ਜਿਉਂਦੇ ਬਲਕਿ ਉਹਨਾਂ ਵਿਚ ਜੀਵਨ ਹੀ ਜੀਉਂਦਾ ਹੈ, ਅਤੇ ਉਹ ਜੀਵਨ ਸਰੀਰਾਂ ਤੋਂ ਆਜ਼ਾਦ ਹੋ ਕੇ ਵੀ ਉਸੇ ਤਰ੍ਹਾਂ ਸਦਾ ਸਲਾਮਤ ਰਹਿੰਦਾ ਹੈ ਜਿਵੇਂ ਕਿ ਸਰੀਰਾਂ ਵਿਚ ਰਹਿ ਕੇ। ਇਸ ਅਵਸਥਾ ਦੇ ਅਭਿਆਸੀ ਨੂੰ ਮੌਤ (Cessation or dis-continuation of life) ਦਾ ਉਕਾ ਹੀ ਡਰ ਨਹੀਂ ਰਹਿੰਦਾ, ਉਸ ਨੂੰ ਯਕੀਨ ਹੋ ਜਾਂਦਾ ਹੈ ਕਿ ਜੋ ਕੋਈ ਚੀਜ਼ ਜਗਤ ਰਚਨਾ ਵਿਚ ਨਹੀਂ ਬਣੀ ਤਾਂ ਉਹ ਮੌਤ (cessation of life) ਹੈ।





ਜਦ ਨਿਰੋਲ ਜੀਵਨ ਵਿਚ ਸਦੀਵੀ ਸੁਖ, ਖੇੜਾ ਅਤੇ ਮਹਾਂ ਆਨੰਦ ਪ੍ਰਤੀਤ ਹੋਣ ਲਗ ਜਾਵੇ ਅਤੇ ਨਾਲ ਹੀ ਇਹ ਵੀ ਪਤਾ ਲਗ ਜਾਵੇ ਕਿ ਇਹਨਾਂ ਦੇ ਵਿਰੋਧੀ ਦੁਖ, ਰੋਗ ਅਤੇ ਮੌਤ ਦਾ ਉਥੇ ਨਾ ਨਾਮ ਨਿਸ਼ਾਨ ਹੈ ਤੇ ਨਾ ਹੋ ਸਕਦਾ ਹੈ, ਤਾਂ ਇਸ ਨੂੰ ਮਾਨਣ ਵਾਲਾ ਮਹਿਸੂਸ ਕਰਦਾ ਹੈ ਕਿ ਉਹ ਥੋੜੀ ਦੇਰ ਦੇ ਦੁਖਦਾਈ ਸਫਰ ਬਾਅਦ ਆਪਣੇ ਅਸਲ ਘਰ ਵਾਪਸ ਆਇਆ ਹੈ। ਗੁਰਬਾਣੀ ਵਿਚ ਇਸ ਘਰ ਨੂੰ ਨਿਜ ਘਰ ਆਖਿਆ ਹੈ। ਨਿਜ ਘਰ ਦੇ ਅਰਥ ਆਪਣਾ ਅਸਲੀ ਘਰ ਹੈ।

*ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨਾ ਹੋਇਗੋ ਫੇਰਾ॥*
*ਅੰਗ - 205*

'ਫੇਰਾ' ਤੋਂ ਮੁਰਾਦ ਰੂਪ, ਰੇਖ, ਰੰਗ ਦੀ ਰਚਨਾ ਵਿਚ ਵਾਪਸ ਆਉਣਾ ਹੈ। ਜਿਵੇਂ ਛਤ ਤੇ ਚੜ੍ਹ ਕੇ ਜੇਕਰ ਫੇਰ ਹੇਠਾਂ ਨਾ ਆਉਣਾ ਹੋਵੇ ਤਾਂ ਪੌੜੀਆਂ ਫਜ਼ੂਲ ਤੇ ਬੇਕਾਰ ਹੋ ਜਾਂਦੀਆਂ ਹਨ। ਤਿਵੇਂ ਨਿਰੋਲ ਜੀਵਨ ਨਾਲ ਮਿਲ ਕੇ ਫੇਰ ਕਿਸੇ ਕਿਸਮ ਦਾ ਸਰੀਰ ਧਾਰਨ ਦੀ ਇਛਿਆ ਨਹੀਂ ਰਹਿੰਦੀ, ਕਿਉਂਕਿ ਜੀਵਨ ਨਾਲ ਜੁੜ ਕੇ ਉਹ ਸਦੀਵੀ ਤੇ ਮਹਾਂ ਅਨੰਦ ਪਰਤੀਤ ਹੁੰਦਾ ਹੈ ਕਿ ਵਾਪਸ ਮੁੜਨ ਦੀ ਇਛਿਆ ਸਦਾ ਲਈ ਅਲੋਪ ਹੋ ਜਾਂਦੀ ਹੈ। ਇਸ ਅਵਸਥਾ ਨੂੰ ਹੀ ਗੁਰਬਾਣੀ ਵਿਚ 'ਨਿਰਵਾਨ ਪਦ', 'ਨਿਰਭੈ ਪਦ', 'ਚੌਥਾ ਪਦ', 'ਤੁਰੀਆਂ ਪਦ' ਆਦਿ ਕਰਕੇ ਲਿਖਿਆ ਹੈ। ਇਸੇ ਅਵਸਥਾ ਨੂੰ ਸਚ ਦੀ ਪਰਾਪਤੀ ਜਾਂ ਵਾਹਿਗੁਰੂ ਜੀ ਦਾ ਮਿਲਾਪ ਵੀ ਦਸਿਆ ਹੈ।

ਜੀਵਨ ਦੇ ਇਸ ਤੋਂ ਅਗੇ ਭੀ ਇਕ ਦਰਸ਼ਨ ਹਨ ਜਾਂ ਇੰਝ ਕਹੋ, ਇਸ ਤੋਂ ਅਗੇ ਵੀ ਜੀਵਨ ਦੀ ਇਕ ਹਾਲਤ ਜਾਂ ਅਵਸਥਾ ਹੈ, ਜਿਸ ਨੂੰ ਬਿਆਨ ਕਰਨ ਲਗਿਆਂ ਗੁਰਬਾਣੀ ਪਾਰ ਜਾਂ 'ਪਰਮ'

ਦਾ ਅਖਰ ਵਰਤਦੀ ਹੈ। ਉਸ ਅਵਸਥਾ ਦੇ ਤਜਰਬੇ ਤੋਂ ਅਗੇ ਇਸ ਲਈ ਹੋਰ ਕੁਝ ਨਹੀਂ ਕਿ ਉਥੇ ਪਹੁੰਚਕੇ ਇਛਿਆ ਦੇ ਖੰਭ ਜਾਂ ਪਰ ਨਹੀਂ ਰਹਿੰਦੇ, ਜਾਂ ਇਛਿਆ ਹੀ ਨਹੀਂ ਰਹਿੰਦੀ। ਇਸ ਅਵਸਥਾ ਨੂੰ ਪਾਰਬ੍ਰਹਮ ਦੀ, ਪਰਮ ਈਸ਼ਵਰ ਦੀ, ਪਰਮ ਆਤਮਾ ਦੀ, ਪ੍ਰਾਪਤੀ ਆਖਦੇ ਹਨ। ਜੀਵਨ ਦੀ ਇਸ ਅਵਸਥਾ ਦੇ ਅਭਿਆਸੀ ਨੂੰ ਇਹ ਨਿਸਚਾ ਹੋ ਜਾਂਦਾ ਹੈ ਕਿ ਉਹ ਕਦੀ ਆਪਣੀ ਅਸਲੀਅਤ ਤੋਂ ਨਾ ਵਿਛੜਿਆ ਹੈ, ਨਾ ਵਿਛੜ ਸਕਦਾ ਹੈ ਤੇ ਨਾ ਵਿਛੜੇਗਾ।

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥* *ਅੰਗ - 846*





# ਬੀਮਾਰੀ ਤੇ ਉਸਦਾ ਇਲਾਜ ਸਭ ਸੁਪਨੇ ਵਿਚ ਹੀ ਹੁੰਦਾ ਹੈ

'ਸਰਬ ਰੋਗ ਕਾ ਅਉਖਦੁ ਨਾਮੁ' ਦੀ ਡੂੰਘੀ ਤੇ ਅਟੱਲ ਸਚਾਈ ਨੂੰ ਸਮਝਣ ਅਤੇ ਇਸ ਤੋਂ ਪੂਰਾ ਲਾਭ ਉਠਾਉਣ ਵਾਸਤੇ ਜ਼ਰੂਰੀ ਹੈ ਕਿ ਸਰਬ ਜਗਤ ਰਚਨਾ ਨੂੰ ਖਿਆਲੀ (mental) ਅਤੇ ਸੁਫਨੇ ਦੀ ਬਣੀ ਹੋਈ ਸਮਝਿਆ ਤੇ ਜਾਣਿਆ ਜਾਵੇ।

ਵਾਹਿਗੁਰੂ ਜੀ ਆਤਮਾ ਜਾਂ ਸਪਿਰਟ (spirit) ਹੋਣ ਕਰਕੇ ਵਾਹਿਗੁਰੂ ਜੀ ਤੋਂ ਉਪਜਿਆ ਜਗਤ ਆਤਮਕ ਜਾਂ (spiritual) ਹੀ ਹੋ ਸਕਦਾ ਹੈ।

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀਂ ਜਾਣੀਐ॥*
*ਅੰਗ - 846*

ਕਿਉਂਕਿ ਜਗਤ ਪਸਾਰਾ ਕੇਵਲ ਆਤਮ ਪਸਾਰਾ ਜਾਂ ਖਿਆਲੀ ਜਾਂ ਸੁਪਨੇ ਵਾਂਗ ਹੈ, ਇਸ ਕਰਕੇ ਇਸ ਵਿਚ ਸਭ ਘਟਨਵਾਂ ਜੋ ਭਾਸਦੀਆਂ ਜਾਂ ਨਜ਼ਰ ਆਉਂਦੀਆਂ ਹਨ, ਉਹ ਸਭ ਖਿਆਲੀ ਜਾਂ ਆਤਮਕ ਜਾਂ ਸੁਫਨੇ ਵਾਂਗ ਹੁੰਦੀਆਂ ਹਨ।

ਇਸ ਲਈ ਜਗਤ ਵਿਚ ਜੋ ਮਨ ਤੇ ਤਨ ਦੀਆਂ ਅਨੇਕ ਬੀਮਾਰੀਆਂ ਹਨ, ਉਹ ਸਭ ਖਿਆਲੀ ਹਨ ਅਤੇ ਜਗਤ ਰਚਨਾ ਦੇ ਸੁਪਨੇ ਦਾ ਹੀ ਅੰਗ ਹਨ। ਇਹਨਾਂ ਦੀ ਅਸਲੀਅਤ ਉਹੋ ਹੀ ਹੈ ਜਿਹੜੀ ਕਿ ਹਰ ਸੁਪਨੇ ਦੀ ਹੁੰਦੀ ਹੈ। ਜਿਸ ਤਰ੍ਹਾਂ ਹਰ ਸੁਪਨੇ ਦੀ ਅਸਲੀਅਤ ਕੁਝ ਨਹੀਂ ਹੁੰਦੀ, ਇਸ ਤਰ੍ਹਾਂ ਜਗਤ ਰਚਨਾ ਦੇ ਸੁਪਨੇ ਦੀ ਵੀ ਅਸਲੀਅਤ ਕੁਝ ਨਹੀਂ। ਸੁਪਨਾ ਜਦ ਤਕ ਆਉਂਦਾ ਰਹੇ, ਸਚ ਭਾਸਦਾ ਹੈ, ਪਰ ਜਦ ਸੁਪਨਾ ਬੰਦ ਹੋ ਜਾਵੇ ਜਾਂ ਸਾਡੀ ਅੱਖ ਖੁਲ੍ਹ ਜਾਵੇ ਤਾਂ ਸਾਰਾ ਸੁਪਨਾ ਇਕ ਨਿਰਮੂਲ ਤੇ ਸਚਾਈ-ਹੀਨ ਘਟਨਾ ਹੋ ਜਾਂਦੀ ਹੈ। ਏਸੇ ਤਰ੍ਹਾਂ ਇਸਦੀ ਅਗਿਆਨਤਾ ਦੀ ਨੀਂਦ ਤੋਂ ਅੱਖ ਖੁਲ੍ਹ ਜਾਵੇ, ਉਸ ਲਈ ਸਾਰੀ ਜਗਤ ਰਚਨਾ ਇਕ ਨਿਰਮੂਲ, ਸਚਾਈ-ਹੀਨ ਜਾਂ ਅਸਲੀਅਤ-ਹੀਨ ਘਟਨਾ ਬਣ ਕੇ ਹੌਲੀ-ਹੌਲੀ ਅਲੋਪ ਹੋ ਜਾਂਦੀ ਹੈ ਅਤੇ ਆਪਣੇ ਨਿਜ ਘਰ ਜਾਂ ਆਤਮ ਪਦ ਵਿਚ ਜਾਗ ਆ ਜਾਂਦੀ ਹੈ।

ਸੁਪਨੇ ਵਿਚ ਜੇ ਕੋਈ ਸ਼ਿਕਾਰੀ ਬਣ ਜਾਵੇ ਅਤੇ ਆਪਣੇ ਸਾਹਮਣੇ ਘਣੇ ਜੰਗਲ ਵਿਚ ਇਕ ਸ਼ੇਰ ਦੇਖੇ ਤਾਂ ਉਸ ਸ਼ੇਰ ਨੂੰ ਮਾਰਨ ਦੇ ਦੋ ਤਰੀਕੇ ਹੋ ਸਕਦੇ ਹਨ। ਇਕ ਤਰੀਕਾ ਤਾਂ ਇਹ ਕਿ ਉਸ ਸੁਪਨੇ ਵਿਚ ਬਣੇ ਸ਼ਿਕਾਰੀ ਨੂੰ ਸੁਪਨੇ ਅੰਦਰ ਹੀ ਇਕ ਬੰਦੂਕ ਮਿਲ ਜਾਵੇ ਅਤੇ ਉਹ ਸਪੁਨੇ ਦਾ ਸ਼ਿਕਾਰੀ ਸੁਪਨੇ ਦੀ ਬੰਦੂਕ ਨਾਲ ਸੁਪਨੇ ਦੇ ਸ਼ੇਰ ਨੂੰ ਮਾਰ ਦੇਵੇ। ਦੂਜਾ ਤਰੀਕਾ ਇਹ ਹੋ ਸਕਦਾ ਹੈ ਕਿ ਜਿਸ ਨੂੰ ਸੁਪਨਾ ਆ ਰਿਹਾ ਹੈ, ਉਸ ਨੂੰ ਹਲੂਣਾ ਦੇ ਕੇ ਜਗਾ ਦਿਤਾ ਜਾਵੇ। ਉਸ ਦੇ ਜਾਗਣ ਉਤੇ ਨਾ ਸੁਪਨਾ ਰਹੇਗਾ ਨਾ ਸੁਪਨੇ ਦਾ ਸ਼ਿਕਾਰੀ ਤੇ ਨਾ ਸ਼ੇਰ ਨੂੰ ਮਾਰਨ ਦੀ ਲੋੜ ਹੀ।

ਇਸੇ ਤਰ੍ਹਾਂ ਜਗਤ ਰਚਨਾ ਦੇ ਸੁਪਨੇ ਵਿਚ ਜੋ ਬੀਮਾਰ ਹੋ





ਜਾਂਦਾ ਹੈ, ਉਸਦੀ ਬੀਮਾਰੀ ਹਟਾਣ ਦੇ ਵੀ ਦੋ ਤਰੀਕੇ ਹਨ। ਇਕ ਤਾਂ ਸੁਪਨੇ ਦੇ ਬੀਮਾਰ ਨੂੰ ਸੁਪਨੇ ਵਿਚ ਹੀ ਦਵਾ ਖਵਾ ਦੇਵੇ ਤਾਕਿ ਉਸਦੀ ਬੀਮਾਰੀ ਸੁਪਨੇ ਵਿਚ ਹੀ ਰਾਜ਼ੀ ਹੋ ਜਾਵੇ। ਬੀਮਾਰੀ ਨੂੰ ਦੂਰ ਕਰਨ ਦਾ ਦੂਸਰਾ ਤਰੀਕਾ ਇਹ ਹੋ ਸਕਦਾ ਹੈ ਕਿ ਸੁਪਨੇ ਵਿਚ ਹੋਏ ਬੀਮਾਰ ਨੂੰ ਗਿਆਨ ਦਾ ਹਲੂਣਾ ਦੇ ਕੇ ਸੁਪਨੇ ਤੋਂ ਜਗਾ ਦੇਵੇ। ਜਦ ਉਸਦੀ ਅੱਖ ਖੁਲ੍ਹ ਜਾਵੇਗੀ ਤਾਂ ਨਾ ਉਸਦੇ ਸੁਪਨੇ ਦੀ ਬੀਮਾਰੀ ਰਹੇਗੀ ਅਤੇ ਨਾ ਉਸ ਬੀਮਾਰੀ ਨੂੰ ਦਵਾ ਦੇ ਕੇ ਰਾਜ਼ੀ ਕਰਨ ਦੀ ਲੋੜ ਰਹੇਗੀ। ਗਿਆਨ ਦੇ ਹਲੂਣੇ ਤੋਂ ਮੁਰਾਦ ਉਸ ਆਦਮੀ ਨੂੰ ਜੀਵਨ ਦੀ ਅਸਲੀਅਤ ਤੋਂ (ਕਿ ਇਹ ਤੇ ਇਕ ਸੁਪਨਾ ਹੈ) ਜਾਣੂ ਕਰਾ ਦੇਵੇ ਅਤੇ ਸੁਪਨੇ ਦੀ ਅਸਲੀਅਤ (ਕਿ ਇਹ ਕੁਝ ਵੀ ਨਹੀਂ) ਦਾ ਯਕੀਨ ਦਵਾ ਦੇਵੇ।

ਗਿਆਨ ਦੀ ਦਰਿੜਤਾ ਜਿਸ ਨਿਸਬਤ ਵਿਚ ਹੋਵੇਗੀ, ਉਸੇ ਨਿਸਬਤ ਵਿਚ ਸੁਪਨੇ ਤੋਂ ਜਾਗ ਖੁਲ੍ਹੇਗੀ ਅਤੇ ਉਸੇ ਨਿਸਬਤ ਵਿਚ ਸੁਪਨੇ ਦੀ ਬੀਮਾਰੀ ਦੇ ਇਲਾਜ ਦੀ ਲੋੜ ਨਹੀਂ ਰਹੇਗੀ।

ਜਿਹੜਾ ਸੁਪਨੇ ਦੇ ਜਗਤ ਨੂੰ ਸਚ ਮੰਨਦਾ ਹੈ ਅਤੇ ਆਪਣੇ ਸਰੀਰ ਨੂੰ ਆਪਣਾ ਆਪ ਜਾਣਦਾ ਹੈ, ਉਸ ਵਾਸਤੇ ਸਰੀਰ ਤੇ ਆਪਣੀ ਬੀਮਾਰੀ ਵੀ ਇਕ ਸਚਾਈ ਹੀ ਬਣ ਜਾਂਦੀ ਹੈ ਅਤੇ ਉਹ 'ਸਰਬ ਰੋਗ ਕਾ ਅਉਖਦੁ ਨਾਮੁ' ਦੀ ਮਹਾਨ ਸਚਾਈ ਤੋਂ ਅਮਲੀ ਤੌਰ ਤੇ ਲਾਭ ਨਹੀਂ ਉਠਾ ਸਕਦਾ। ਇਹ ਮਹਾਨ ਸਚਾਈ, ਉਹ ਸਚਾਈ ਹੈ ਜਿਹੜੀ ਕੇਵਲ ਉਦੋਂ ਹੀ ਸਮਝ ਆਉਂਦੀ ਹੈ ਜਦੋਂ ਸਾਨੂੰ ਇਹ ਯਕੀਨ ਆ ਜਾਵੇ ਕਿ ਜਗਤ ਰਚਨਾ ਕੇਵਲ ਸੁਪਨਾ ਹੈ, ਇਸ ਵਿਚ ਅਸੀਂ ਸਰੀਰ ਨਹੀਂ, ਸਗੋਂ ਸਰੀਰ ਵਿਚ ਰਹਿਣ ਵਾਲੇ ਹਾਂ, ਜੋ ਸੁਪਨੇ ਦੇ ਜਗਤ ਦੀਆਂ ਸਭ ਖਿਆਲੀ ਘਟਨਾਵਾਂ

ਰੋਜ਼ ਰੋਜ਼ ਹਰ ਵੇਲੇ ਦੇਖਦੇ ਹਾਂ।

ਜਿਸ ਨੂੰ ਗੁਰਬਾਣੀ ਦੇ ਇਸ ਮਹਾਂਵਾਕ ਦੀ ਸਚਾਈ ਤੇ ਯਕੀਨ ਆ ਜਾਵੇ -

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰੁ ॥* *ਅੰਗ - 808*

ਉਸ ਨੂੰ ਹੀ ਇਸ ਮਹਾਂ ਵਾਕ ਦੀ ਸਚਾਈ ਦਾ ਯਕੀਨ ਆ ਸਕਦਾ ਹੈ -

*ਸਰਬ ਰੋਗ ਕਾ ਅਉਖਦੁ ਨਾਮੁ ॥* *ਅੰਗ - 274*





# ਸਰਬ ਵਿਆਪਕਤਾ ਦਾ ਮਤਲਬ

ਵਾਹਿਗੁਰੂ ਜੀ ਸਰਬ ਵਿਆਪਕ, ਸਰਬ ਸ਼ਕਤੀਮਾਨ ਅਤੇ ਸਰਬ ਗਿਆਤਾ ਹਨ। ਸਰਬ ਵਿਆਪਕ ਦਾ ਮਤਲਬ ਹੈ ਹਰ ਵੇਲੇ, ਹੁਣ, ਐਸ ਵੇਲੇ ਵਾਹਿਗੁਰੂ ਜੀ ਹਾਜ਼ਰਾ ਹਜ਼ੂਰ ਹਨ। ਇਸਦਾ ਇਹ ਮਤਲਬ ਹੈ ਕਿ ਵਾਹਿਗੁਰੂ ਜੀ ਦੇ ਸਰਬ ਗੁਣ-ਪ੍ਰੇਮ, ਪ੍ਰਤਿਪਾਲਣਾ ਕਰਨਾ, ਮਾਤਾ ਪਿਤਾ ਵਾਲਾ ਪਿਆਰ, ਨਿਰਭੈਤਾ, ਚੰਗਿਆਈ ਆਦਿ ਆਦਿ - ਵੀ ਸਰਬ ਵਿਆਪਕ ਹਨ। ਇਸ ਦਾ ਇਹ ਵੀ ਮਤਲਬ ਹੈ ਕਿ ਜੋ ਕੁਝ ਵਾਹਿਗੁਰੂ ਜੀ ਵਿਚ ਨਹੀਂ, ਉਸ ਦੀ ਇਸ ਵੇਲੇ ਅਤੇ ਕਦੀ ਵੀ ਕੋਈ ਹਸਤੀ ਨਹੀਂ। ਵਾਹਿਗੁਰੂ ਜੀ ਵਿਚ - ਬਦੀ, ਪਾਪ, ਦੁਖ, ਬੀਮਾਰੀ, ਮੌਤ ਨਹੀਂ, ਇਸ ਕਰਕੇ ਇਹ ਸਭ ਮਾੜੀਆਂ ਚੀਜ਼ਾਂ ਹੁਣ ਵੀ ਨਹੀਂ, ਪਿਛੇ ਵੀ ਕਦੀ ਨਹੀਂ ਸਨ ਅਤੇ ਅਗੇ ਨੂੰ ਵੀ ਇਹਨਾਂ ਦੀ ਕੋਈ ਹਸਤੀ ਨਹੀਂ ਹੋਵੇਗੀ। ਜੇਕਰ ਵਾਹਿਗੁਰੂ ਜੀ ਸਦਾ ਤੋਂ ਸਰਬ-ਵਿਆਪਕ ਹਨ ਅਤੇ ਜੋ ਵਾਹਿਗੁਰੂ ਵਿਚ ਨਹੀਂ, ਉਹ ਸਦਾ ਤੋਂ ਹੀ ਨਹੀਂ ਹੈ।

ਵਾਹਿਗੁਰੂ ਜੀ ਸਰਬ ਸ਼ਕਤੀਮਾਨ ਵੀ, ਹੁਣ ਇਸ ਵੇਲੇ ਹਨ। ਸਰਬ ਸ਼ਕਤੀਮਾਨਤਾ ਵਾਹਿਗੁਰੂ ਜੀ ਦਾ ਗੁਣ ਹੈ, ਇਸ ਕਰਕੇ ਸਰਬ ਸ਼ਕਤੀਮਾਨਤਾ ਵੀ ਵਾਹਿਗੁਰੂ ਜੀ ਦੇ ਨਾਲ ਹੀ ਸਰਬ-ਵਿਆਪਕ ਹੈ, ਹੁਣ ਇਸ ਵੇਲੇ ਵੀ ਹੈ। ਅਗਰ ਵਾਹਿਗੁਰੂ ਜੀ ਸਰਬ

ਸ਼ਕਤੀਮਾਨ ਹਨ, ਤਾਂ ਉਹਨਾਂ ਦੇ ਉਲਟ ਬਦੀ - ਦੁਖ, ਪਾਪ, ਬੀਮਾਰੀ, ਮੌਤ, ਨਿਰਬਲ, ਕਮਜ਼ੋਰ ਤੇ ਨਿਹੱਥੀਆਂ ਹਨ।

ਵਾਹਿਗੁਰੂ ਜੀ ਚੰਗੇ ਹੀ ਚੰਗੇ ਹਨ, ਇਸ ਲਈ ਚੰਗਿਆਈ, ਨੇਕੀ ਅਤੇ ਭਲਾਈ ਵੀ ਵਾਹਿਗੁਰੂ ਜੀ ਦੇ ਨਾਲ ਸਰਬ-ਵਿਆਪੀ ਹਨ - ਇਸ ਵੇਲੇ ਅਤੇ ਹੁਣ ਹਨ। ਜੇਕਰ ਨੇਕੀ ਤੇ ਚੰਗਿਆਈ (ਵਾਹਿਗੁਰੂ ਜੀ ਦੇ ਗੁਣ) ਸਰਬ-ਵਿਆਪੀ ਹੋਣ ਕਰਕੇ, ਇਸ ਵੇਲੇ ਹੁਣ ਮੌਜੂਦ ਹਨ ਤਾਂ ਬਦੀ, ਪਾਪ, ਦੁਖ, ਬੀਮਾਰੀ ਮੌਤ - ਜੋ ਕਿ ਚੰਗਿਆਈ ਦਾ ਉਲਟ ਹਨ, ਉਹ ਹੁਣ, ਇਸ ਵੇਲੇ ਗੈਰਹਾਜ਼ਰ ਹਨ। ਦੋ ਵਿਰੋਧੀ ਚੀਜ਼ਾਂ ਇਕੋ ਵੇਲੇ ਇਕੱਠੀਆਂ ਨਹੀਂ ਰਹਿ ਸਕਦੀਆਂ। ਚਾਨਣ ਤੇ ਹਨੇਰਾ ਇਕੱਠੇ ਨਹੀਂ ਰਹਿ ਸਕਦੇ, ਗਰਮੀ ਤੇ ਸਰਦੀ ਦੋਵੇਂ ਇਕੋ ਵੇਲੇ ਇਕੱਠੀਆਂ ਨਹੀਂ ਰਹਿ ਸਕਦੀਆਂ, ਇਸ ਕਰਕੇ ਚੰਗਿਆਈ ਤੇ ਬਦੀ ਇਕੱਠੀਆਂ ਨਹੀਂ ਰਹਿ ਸਕਦੀਆਂ, ਕਿਉਂਕਿ ਚੰਗਿਆਈ ਸਰਬ-ਵਿਆਪੀ ਵਾਹਿਗੁਰੂ ਜੀ ਦਾ ਗੁਣ ਇਸ ਵੇਲੇ, ਹੁਣ ਮੌਜੂਦ ਹੈ, ਇਸੇ ਲਈ ਚੰਗਿਆਈ ਦੇ ਉਲਟ ਬਦੀ ਸਰਬ-ਵਿਆਪੀ ਵਾਹਿਗੁਰੂ ਜੀ ਵਿਚ ਨਾ ਹੋਣ ਕਰਕੇ, ਇਸ ਵੇਲੇ, ਹੁਣ ਗੈਰਹਾਜ਼ਰ ਹੈ।

*ਪੂਰਨ ਪੂਰਿ ਰਹਿਆ ਬਿਖੁ ਮਾਰਿ॥* *ਅੰਗ - 220*

ਵਾਹਿਗੁਰੂ ਜੀ ਸਰਬ-ਸ਼ਕਤੀਮਾਨ ਹਨ, ਇਸ ਲਈ ਉਹਨਾਂ ਦੀ ਸਰਬ ਸ਼ਕਤੀਮਾਨਤਾ ਵੀ ਉਹਨਾਂ ਦਾ ਗੁਣ ਹੋਣ ਕਰਕੇ ਉਹਨਾਂ ਦੇ ਨਾਲ ਸਰਬ-ਵਿਆਪਕ ਹੈ। ਵਾਹਿਗੁਰੂ ਜੀ ਦਾ ਗੁਣ ਸਰਬ ਸ਼ਕਤੀਮਾਨਤਾ, ਸਰਬ-ਵਿਆਪਕ ਹੋਣ ਕਰਕੇ ਜ਼ਰੂਰੀ ਹੈ ਕਿ ਵਾਹਿਗੁਰੂ ਜੀ ਦੇ ਉਲਟ ਬਦੀ - ਹਾਦਸੇ, ਭੂਚਾਲ, ਡਰ, ਫਿਕਰ, ਚਿੰਤਾ ਆਦਿ ਵਿਚ ਕੋਈ ਸ਼ਕਤੀ ਨਾ ਹੋਵੇ। ਵਾਹਿਗੁਰੂ ਜੀ ਜੇਕਰ ਸਰਬ ਸ਼ਕਤੀਮਾਨ ਹਨ, ਤਾਂ ਜ਼ਰੂਰੀ ਹੈ ਕਿ ਵਾਹਿਗੁਰੂ ਜੀ ਦੇ ਉਲਟ ਸਭ ਵਿਰੋਧੀ ਤਾਕਤਾਂ ਵਾਹਿਗੁਰੂ ਜੀ ਦੇ ਮੁਕਾਬਲੇ ਵਿਚ





ਕਮਜ਼ੋਰ, ਜਿੰਦਹੀਨ ਤੇ ਨਾਕਾਰੀਆਂ ਹੋਣ। ਵਾਹਿਗੁਰੂ ਜੀ ਦਾ ਸਰਬ-ਗਿਆਤਾ ਦਾ ਗੁਣ ਵੀ ਸਰਬ-ਵਿਆਪੀ - ਇਸ ਵੇਲੇ ਹੁਣ ਹੈ। ਵਾਹਿਗੁਰੂ ਜੀ ਨੂੰ ਕੇਵਲ ਚੰਗਿਆਈ ਤੇ ਨੇਕੀ ਦਾ ਹੀ ਪਤਾ ਹੈ ਅਤੇ ਆਪਣੇ ਤੋਂ ਉਤਪੰਨ ਹੋਈ ਚੰਗੀ ਤੇ ਪੂਰਨ ਜਗਤ ਰਚਨਾ ਦਾ ਪ੍ਰਬੰਧ ਚੰਗੀ ਤਰ੍ਹਾਂ ਚਲਾ ਰਹੇ ਹਨ। ਵਾਹਿਗੁਰੂ ਜੀ ਨੂੰ ਬਦੀ (ਪਾਪ, ਦੁਖ, ਬੀਮਾਰੀ, ਮੌਤ) ਦਾ ਪਤਾ ਤਕ ਨਹੀਂ। ਵਾਹਿਗੁਰੂ ਜੀ ਤੋਂ ਉਲਟ ਜੋ ਬਦੀ ਹੈ, ਉਸ ਦਾ ਵਾਹਿਗੁਰੂ ਜੀ ਨੂੰ ਗਿਆਨ ਹੀ ਨਹੀਂ। ਇਹ ਕੇਵਲ ਉਥੇ ਹੋ ਸਕਦੀਆਂ ਹਨ, ਜਿਥੇ ਵਾਹਿਗੁਰੂ ਜੀ ਨਾ ਹੋਣ। ਇਹ ਕੇਵਲ ਉਸ ਮਨ ਵਿਚ ਫਰਜ਼ੀ ਤੌਰ ਤੇ ਨਿਵਾਸ ਕਰ ਸਕਦੀਆਂ ਹਨ ਜਿਸ ਮਨ ਵਿਚੋਂ ਵਾਹਿਗੁਰੂ ਜੀ ਗੈਰਹਾਜ਼ਰ ਹੋਣ। ਜਿਹੜਾ ਇਨਸਾਨ ਵਾਹਿਗੁਰੂ ਜੀ ਨੂੰ ਗੈਰਹਾਜ਼ਰ ਸਮਝ ਕੇ ਉਸ ਦੀ ਗੈਰਹਾਜ਼ਰੀ ਵਿਚ ਜੀਉਂਦਾ ਹੈ, ਉਸਦੇ ਜੀਵਨ ਵਿਚ, ਉਸਦੀ ਦੁਨੀਆਂ ਵਿਚ ਬਦੀ ਅਤੇ ਇਸ ਦਾ ਪ੍ਰਵਾਹ, ਭਾਸਦਾ, ਡਰਾਂਦਾ ਤੇ ਹਮਲੇ ਉਦੋਂ ਤਕ ਕਰਦਾ ਰਹਿੰਦਾ ਹੈ, ਜਦ ਤਕ ਕਿ ਉਸ ਇਨਸਾਨ ਨੂੰ ਵਾਹਿਗੁਰੂ ਜੀ ਦੀ ਸਰਬ-ਵਿਆਪਕਤਾ ਦਾ ਗਿਆਨ ਨਾ ਹੋ ਜਾਵੇ।

*ਹਰਿ ਬਿਸਰਤ ਸਦਾ ਖੁਆਰੀ॥* *ਅੰਗ - 711*

*ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ॥*
*ਕੋਟਿ ਅਨੰਦੁ ਜਹ ਹਰਿ ਗੁਨ ਗਾਹੀ॥* *ਅੰਗ - 197*
*ਹਰਿ ਬਿਸਰਿਐ ਦੁਖ ਰੋਗ ਘਨੇਰੇ॥* *ਅੰਗ - 186*
*ਦੂਖੁ ਰੋਗੁ ਸੋਗੁ ਬਿਸਰੈ ਜਬ ਨਾਮੁ॥*

# ਸਰੀਰਕ ਆਯੂ

**ਜੀਵਨ ਦੀ ਅਸਲੀਅਤ ਦਾ ਗਿਆਨ ਇਨਸਾਨ ਦੀ ਸਰੀਰਕ ਆਯੂ ਨੂੰ ਲੰਮੀ ਤੇ ਸ਼ਕਤੀਵਾਨ ਬਣਾਉਂਦਾ ਹੈ।**

ਇਨਸਾਨ ਦਾ ਜੋ ਇਹ ਨਿਸਚਾ ਹੈ ਕਿ ਮੌਤ ਦਾ ਆਉਣਾ ਯਕੀਨੀ ਹੈ ਅਤੇ ਇਸ ਵਾਸਤੇ ਜਿਉਂ ਜਿਉਂ ਸਰੀਰ ਬਿਰਧ ਹੁੰਦਾ ਜਾਵੇ, ਤਿਉਂ ਤਿਉਂ ਉਹ ਮੌਤ ਦੇ ਨੇੜੇ ਪਹੁੰਚਦਾ ਜਾਂਦਾ ਹੈ। ਇਹ ਨਿਸਚਾ ਕੇਵਲ ਮਨ ਦਾ ਨਿਸਚਾ ਹੈ - ਸਚ ਜਾਂ ਵਿਗਿਆਨਕ ਸਚਾਈ ਨਹੀਂ। ਇਹ ਮਨ ਦੇ ਹੋਰ ਗਲਤ ਨਿਸਚਿਆਂ ਵਾਂਗ ਹੀ ਗਲਤ ਤੇ ਸਚਾਈ ਤੋਂ ਦੂਰ ਹੈ।

ਸਰਬ ਧਰਮ ਗਰੰਥਾਂ ਅਨੁਸਾਰ, ਸਰੀਰ ਵਿਚ ਰਹਿਣ ਵਾਲਾ ਜੀਵ ਅਮਰ ਹੈ, ਉਹ ਕਦੀ ਨਹੀਂ ਮਰਦਾ। ਇਹ ਕੇਵਲ ਸਰੀਰ ਬਦਲਦਾ ਹੈ ਅਤੇ ਅਨੇਕ ਸਰੀਰ ਬਦਲ ਸਕਦਾ ਹੈ। ਜਿਸ ਜੀਵ ਨੂੰ ਪਤਾ ਹੋਵੇ ਕਿ ਉਹ ਅਮਰ ਹੈ, ਕਦੀ ਨਹੀਂ ਮਰ ਸਕਦਾ, ਉਹ ਇਸ ਗਿਆਨ ਦੇ ਆਸਰੇ ਆਪਣੇ ਪੰਜ ਭੂਤਕ ਸਰੀਰ ਦੀ ਉਮਰ ਵੀ ਜਿਤਨੀ ਚਾਹੇ ਲੰਮੀ ਕਰ ਸਕਦਾ ਹੈ।

ਆਮ ਤੌਰ ਤੇ ਸਾਡਾ ਸਰੀਰ ਸਾਡੇ ਖਿਆਲਾਂ ਨੂੰ ਕਬੂਲਦਾ ਅਤੇ ਉਸੇ ਤਰ੍ਹਾਂ ਦਾ ਬਣਦਾ ਰਹਿੰਦਾ ਹੈ, ਜੈਸੇ ਅਸੀਂ ਇਸ ਨੂੰ





ਖਿਆਲ (auto suggestions) ਦਿੰਦੇ ਰਹੀਏ। ਜਦ ਆਦਮੀ ਸੱਠ ਜਾਂ ਸੱਤਰ ਸਾਲ ਦਾ ਹੋ ਜਾਵੇ ਤਾਂ ਉਹ ਸੋਚਣ ਲਗ ਜਾਂਦਾ ਹੈ ਕਿ ਉਹ ਕਾਫੀ ਉਮਰ ਵਾਲਾ ਹੋ ਗਿਆ ਹੈ, ਉਸ ਤੇ ਹੁਣ ਬੁਢੇਪਾ ਆ ਗਿਆ ਹੈ ਅਤੇ ਉਸ ਨੂੰ ਹੁਣ ਸਰੀਰ ਤਿਆਗਣਾ ਪਵੇਗਾ। ਐਸੇ ਖਿਆਲ ਸਰੀਰ ਨੂੰ ਬੁਢਿਆਂ, ਬੀਮਾਰ ਤੇ ਨਿਰਬਲ ਬਣਾਉਣ ਵਿਚ ਸਹਾਈ ਹੁੰਦੇ ਹਨ। ਸੱਤਰ ਸਾਲ ਤੋਂ ਉਤੇ ਉਮਰ ਹੋ ਜਾਵੇ ਤਾਂ ਦੁਨੀਆਂ ਵੀ ਇਹੋ ਸਮਝਣ ਤੇ ਆਖਣ ਲਗ ਜਾਂਦੀ ਹੈ ਕਿ ਹੁਣ ਬੁਢੇਪੇ ਦਾ, ਕਮਜ਼ੋਰੀ ਦਾ, ਬੀਮਾਰੀ ਦਾ ਆਉਣਾ ਜ਼ਰੂਰੀ ਹੈ ਅਤੇ ਇਕ ਦਿਨ ਮੌਤ ਦਾ ਆਉਣਾ ਵੀ ਲਾਜ਼ਮੀ ਹੈ। ਪਰ ਇਸ ਸਾਰੀ ਘਟਨਾ ਦੇ ਅੰਦਰ ਸਾਡੇ ਮਨ ਦੇ ਨਿਸਚੇ ਤੇ ਵਿਸ਼ਵਾਸ ਕੰਮ ਕਰਦੇ ਹਨ।

ਭਾਰਤਵਰਸ਼ ਵਿਚ ਰਿਸ਼ੀ ਮਾਰਕੰਡੇ ਵਰਗੇ ਬਹੁਤ ਮਹਾਤਮਾ ਹਜ਼ਾਰ ਹਜ਼ਾਰ ਸਾਲ ਦੀ ਸਰੀਰਕ ਆਯੂ ਭੋਗਦੇ ਰਹੇ ਹਨ। ਉਹਨਾਂ ਨੂੰ ਆਪਣੇ ਅਮਰ ਹੋਣ ਦਾ ਅਤੇ ਆਪਣੇ ਨਿਸਚਿਆਂ ਜਾਂ ਖਿਆਲਾਂ ਦੇ ਅਸਰ ਹੇਠ ਆਪਣੇ ਸਰੀਰ ਦੇ ਹੋਣ ਦਾ ਪੱਕਾ ਗਿਆਨ ਸੀ। ਉਨ੍ਹਾਂ ਨੂੰ ਇਹ ਪਤਾ ਹੁੰਦਾ ਸੀ ਕਿ ਸਰੀਰ, ਮਨ ਤੇ ਮਨ ਦੇ ਨਿਸਚਿਆਂ ਦਾ ਹੀ ਜੋੜ (sum total) ਹੈ ਅਤੇ ਸਰੀਰ ਨੂੰ ਸਦਾ ਆਪਣੇ ਕਾਬੂ ਵਿਚ ਰਖਦਾ ਹੈ ਅਤੇ ਆਪਣੀ ਮਰਜ਼ੀ ਅਨੁਸਾਰ ਢਾਲਦਾ ਰਹਿੰਦਾ ਹੈ। ਉਹ ਆਪ ਸਮੇਂ ਤੋਂ ਪਰੇ ਹੁੰਦੇ ਸੀ, ਇਸ ਕਰਕੇ ਆਪਣੇ ਸਰੀਰਾਂ ਨੂੰ ਸਮੇਂ ਜਾਂ (age) ਦਾ ਖਿਆਲ ਹੀ ਨਹੀਂ ਸੀ ਦਿੰਦੇ। ਨਤੀਜਾ ਇਹ ਹੁੰਦਾ ਸੀ ਕਿ ਉਹਨਾਂ ਦਾ ਸਰੀਰ ਹਜ਼ਾਰਾਂ ਸਾਲ ਕਾਇਮ ਤੇ ਅਰੋਗ ਰਹਿ ਸਕਦਾ ਸੀ।

ਸ੍ਰੀਮਾਨ ਸਰਦਾਰ ਲਹਿਣਾ ਸਿੰਘ ਜੀ ਨੂੰ ਜਦ ਇਸ ਸਚਾਈ ਦਾ ਗਿਆਨ ਅਤੇ ਯਕੀਨ ਹੋ ਗਿਆ ਤਾਂ ਸੱਤਰ ਬਹੱਤਰ ਸਾਲ ਦੀ ਉਮਰ ਵਿਚ ਦੋ ਵਡੀਆਂ ਪਾਣੀ ਦੀਆਂ ਭਰੀਆਂ ਬਾਲਟੀਆਂ

ਅਪਣੇ ਦੋਹਾਂ ਹੱਥਾਂ ਵਿਚ ਫੜ ਕੇ ਅਪਣੇ ਲਾਹੌਰ ਵਾਲੇ ਮਕਾਨ ਦੀਆਂ ਦੋ ਛੱਤਾਂ ਚੜ੍ਹ ਜਾਂਦੇ ਸਨ ਅਤੇ ਆਖਦੇ ਹੁੰਦੇ ਸੀ ਕਿ ਗੁਰਸਿੱਖ ਜੋ ਗੁਰਬਾਣੀ ਨੂੰ ਸਮਝ ਕੇ ਜੀਵਨ ਵਿਚ ਕਮਾਂਦਾ ਹੈ, ਉਸ ਦੇ ਸਰੀਰ ਦੀ ਆਯੂ ਭਾਵੇਂ ਸੈਂਕੜੇ ਸਾਲ ਦੀ ਹੋ ਜਾਵੇ, ਪਰ ਉਸ ਦੀ ਹਿੰਮਤ, ਸ਼ਕਤੀ ਤੇ ਸਿਹਤ ਸਦਾ ਪੰਝੀ ਸਾਲ ਦੇ ਜਵਾਨ ਜਿਤਨੀ ਰਹੇਗੀ। ਉਹ ਕਦੀ ਬੁਢਾ ਨਹੀਂ ਹੋਵੇਗਾ। ਗੁਰਬਾਣੀ ਦਾ ਇਹ ਫੈਸਲਾ ਕਿ 'ਗੁਰਮੁਖ ਬੁਢੇ ਕਦੇ ਨਾਹੀ ਜਿਨਾ ਅੰਤਰ ਸੁਰਤ ਗਿਆਨ' ਇਕ ਅਟੱਲ ਸਚਾਈ ਹੈ। ਇਸ ਮਹਾਂਵਾਕ ਵਿਚ 'ਕਦੇ ਨਾਹੀ' ਦੇ ਦੋ ਅਖਰਾਂ ਨੂੰ ਸਦਾ ਸਮਝਣਾ ਤੇ ਯਾਦ ਰਖਣਾ ਚਾਹੀਦਾ ਹੈ। ਗੁਰਮੁਖ ਉਹ ਹੁੰਦੇ ਹਨ ਜਿਹੜੇ ਅਪਣੇ ਮਨ ਜਾਂ ਸੁਰਤ ਦਾ ਮੂੰਹ ਸਦਾ ਗੁਰੂ ਵਲ ਰਖਦੇ ਹਨ, ਜਿਹੜਾ ਗੁਰੂ ਦੀ ਮਤ ਜਾਂ ਗੁਰੂ ਦੇ ਨਿਸਚਿਆਂ ਨੂੰ ਸੌ ਫੀਸਦੀ ਅਪਣੇ ਨਿਸਚੇ ਬਣਾ ਲੈਂਦੇ ਹਨ। ਐਸੇ ਗੁਰਮੁਖ ਸਦਾ ਜਵਾਨ ਰਹਿੰਦੇ ਹਨ, ਕਿਉਂਕਿ ਉਹਨਾਂ ਦੀ ਸੁਰਤ ਵਾਹਿਗੁਰੂ ਜੀ ਨਾਲ ਅਭੇਦ ਹੋ ਕੇ ਸਦਾ ਜਵਾਨ ਹੋ ਗਈ ਹੁੰਦੀ ਹੈ। ਸੁਰਤ ਨੂੰ ਜਦ ਗਿਆਨ ਹੋ ਜਾਵੇ ਕਿ ਉਹ ਵਹਿਗੁਰੂ ਜੀ ਦਾ ਰੂਪ ਹੈ, ਵਾਹਿਗੁਰੂ ਜੀ ਵਾਂਗ ਅਕਾਲ ਤੇ ਅਟੱਲ ਹੈ ਤਾਂ ਫਿਰ ਉਹ ਸਦਾ ਜਵਾਨ ਰਹਿੰਦੀ ਹੈ, ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦੀ ਹੈ, ਉਹ ਚਾਹੇ ਤਾਂ ਅਨੇਕ ਸਰੀਰ ਬਦਲ ਸਕਦੀ ਹੈ, ਪਰ ਅਪਣੇ ਆਪ ਵਿਚ ਸਦਾ ਸਲਾਮਤ ਤੇ ਤਦਬੀਲੀ ਜਾਂ ਕਾਲ ਤੋਂ ਰਹਿਤ ਹੈ।

ਸਦਾ ਜਵਾਨ ਤੇ ਮੌਤ ਤੋਂ ਰਹਿਤ ਹੋਣ ਲਈ, ਅਠੇ ਪਹਿਰ ਸਾਡੀ ਸੁਰਤ ਜਾਂ ਮਨ ਲਈ ਅਪਣੀ ਅਸਲੀਅਤ ਦੇ ਗਿਆਨ ਨਾਲ ਭਰਪੂਰ ਰਹਿਣਾ ਲਾਜ਼ਮੀ ਹੈ। ਸਾਡੀ ਅਸਲੀਅਤ ਦਾ ਗਿਆਨ ਇਹ ਹੈ ਕਿ ਸਾਡਾ ਮਨ ਜਾਂ ਸਾਡੀ ਸੁਰਤ ਵਾਹਿਗੁਰੂ ਜੀ ਦਾ ਰੂਪ ਹੈ। ਜਿਵੇਂ ਬੁਲਬੁਲਾ ਜਾਂ ਪਾਣੀ ਦੀ ਲਹਿਰ ਪਾਣੀ ਦਾ





ਰੂਪ ਹੁੰਦਾ ਹੈ, ਪਾਣੀ ਹੀ ਹੁੰਦੀ ਹੈ, ਇਸੇ ਤਰ੍ਹਾਂ ਸਾਡਾ ਮਨ ਜਾਂ ਸਾਡੀ ਸੁਰਤ ਵਾਹਿਗੁਰੂ ਜੀ ਦਾ ਰੂਪ ਹੈ -

*ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ॥*
*ਨਾਮੁ ਬਿਸਾਰਿ ਸਹਹਿ ਜਮ ਦੂਖ॥* *ਅੰਗ - 226*

ਮਨ ਆਦਿ ਜੁਗਾਦਿ ਤੋਂ ਹਰੀ ਦਾ ਰੂਪ ਹੈ, ਇਸ ਨੇ ਹੁਣ ਨਹੀਂ ਬਣਨਾ। ਇਸ ਨੂੰ ਇਹ ਭੁਲ ਗਿਆ ਹੈ ਕਿ ਇਹ ਹਰੀ ਦਾ ਰੂਪ ਹੈ। ਨਾਮ ਜਪਣ ਨਾਲ ਮਨ ਨੂੰ ਆਪਣੀ ਅਸਲੀਅਤ, ਜੋ ਕਿ ਨਾਮੀ ਜਾਂ ਵਾਹਿਗੁਰੂ ਜੀ ਹੈ, ਯਾਦ ਆਉਣ ਲਗ ਪੈਂਦੀ ਹੈ ਅਤੇ ਯਾਦ ਆ ਆ ਕੇ ਹੌਲੀ ਹੌਲੀ ਇਹ ਆਪਣੇ ਅਸਲ ਸਰੂਪ ਨੂੰ ਪਰਵਾਨ ਲੈਂਦਾ ਹੈ ਅਤੇ ਵਾਹਿਗੁਰੂ ਰੂਪ ਹੋ ਜਾਂਦਾ ਹੈ।

ਜਿਸ ਮਨੁੱਖ ਨੂੰ ਆਪਣੀ ਅਸਲੀਅਤ ਦਾ ਗਿਆਨ ਹੋ ਜਾਵੇ ਅਤੇ ਇਸ ਗਿਆਨ ਦੀ ਹਰ ਵੇਲੇ ਕਮਾਈ ਕਰਨ ਲਗ ਜਾਵੇ, ਜਾਂ ਇਸ ਗਿਆਨ ਅਨੁਸਾਰ ਜੀਵਨ ਬਤੀਤ ਕਰਨ ਲਗ ਜਾਵੇ, ਜਾਂ ਆਦਮੀ ਆਪਣੇ ਸਰੀਰ ਵਲ (ਜੋ ਕਿ ਜੜ੍ਹ ਵਸਤੂ ਹੈ) ਤੱਕਣ ਦੀ ਬਜਾਏ ਸਦਾ ਆਪਣੇ ਅੰਦਰ ਬਿਰਾਜ ਰਹੇ ਵਾਹਿਗੁਰੂ ਜੀ ਵਲ ਤੱਕਦਾ ਰਹੇ ਤਾਂ ਉਹ ਸਦਾ ਜਵਾਨ, ਸਦਾ ਸਲਾਮਤ ਅਤੇ ਕਾਲ-ਰਹਿਤ ਹੋ ਜਾਂਦਾ ਹੈ।

# ਉਨਤੀ ਦਾ ਰੁਖ

ਸਾਇੰਸ ਨੇ ਹਰ ਪਾਸੇ ਬੜੀ ਉਨਤੀ ਕੀਤੀ ਹੈ। ਰੇਲਾਂ, ਮੋਟਰਾਂ, ਰੇਡੀਓ, ਸਿਨੇਮੇ ਟੈਲੀਵੀਜਨ; ਸਮੁੰਦਰ ਦੀਆਂ ਡੂੰਘਾਈਆਂ ਵਿਚ ਪਹੁੰਚਣ ਵਾਸਤੇ ਡੁਬਕਣੀਆਂ ਅਤੇ ਅਸਮਾਨਾਂ ਵਿਚ ਉਡਣ ਲਈ ਹਵਾਈ ਜਹਾਜ਼ ਆਦਿ ਸਾਇੰਸ ਦੀਆਂ ਕਾਢਾਂ ਮਨੁੱਖੀ ਜੀਵਨ ਨੂੰ ਸੁਖੀ ਤੇ ਆਰਾਮਦੇਹ ਬਨਾਣ ਦੀਆਂ ਬੜੀਆਂ ਜ਼ਬਰਦਸਤ ਕੋਸ਼ਿਸ਼ਾਂ ਹਨ।

ਸਾਇੰਸ ਦੀਆਂ ਵਰਤਮਾਨ ਸਭ ਕਾਢਾਂ ਇਨਸਾਨ ਦੇ ਅੰਦਰ ਲੁਕੀਆਂ ਖਾਹਿਸ਼ਾਂ ਨੂੰ ਜ਼ਾਹਿਰ ਕਰਦੀਆਂ ਹਨ। ਇਹ ਸਭ ਕਾਢਾਂ ਇਨਸਾਨ ਦੀਆਂ ਜ਼ਰੂਰਤਾਂ ਨੂੰ ਮੁਖ ਰਖ ਕੇ ਸਾਇੰਸਦਾਨਾਂ ਨੇ ਬੜੀ ਖੋਜ ਦੇ ਬਾਅਦ ਪ੍ਰਾਪਤ ਕੀਤੀਆਂ ਹਨ। ਇਨਸਾਨ ਪੈਦਲ ਤੁਰ ਕੇ, ਜਿਸ ਥਾਂ ਤੇ ਮਹੀਨਿਆਂ ਵਿਚ ਪਹੁੰਚ ਸਕਦਾ ਸੀ, ਉਥੇ ਹੁਣ ਹਵਾਈ ਜਹਾਜ਼ਾਂ ਰਾਹੀਂ ਘੰਟਿਆਂ ਵਿਚ ਪਹੁੰਚਦਾ ਹੈ। ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਇਨਸਾਨ ਦੂਰ ਤੋਂ ਦੂਰ ਦੇ ਸਫਰ ਨੂੰ ਘਟ ਤੋਂ ਘਟ ਸਮੇਂ ਵਿਚ ਤੈਅ ਕਰਨਾ ਪਸੰਦ ਕਰਦਾ ਹੈ। ਇਹ ਚਾਹੁੰਦਾ ਹੈ ਕਿ ਫਾਸਲੇ ਦੀਆਂ ਹਦਾਂ ਇਸ ਦੇ ਸਾਹਮਣੇ ਅਲੋਪ ਹੋ ਜਾਣ ਅਤੇ ਇਹ ਚੰਨ ਸਤਾਰਿਆਂ ਤਕ ਜਲਦੀ ਤੋਂ ਜਲਦੀ ਪਹੁੰਚ ਸਕੇ।





ਰੇਡੀਓ ਤੇ ਟੈਲੀਫੋਨ ਦੀਆਂ ਕਾਢਾਂ ਜ਼ਾਹਿਰ ਕਰਦੀਆਂ ਹਨ ਕਿ ਇਨਸਾਨ ਦੇ ਅੰਦਰ ਇਹ ਖਾਹਿਸ਼ ਹੈ ਕਿ ਉਹ ਸਾਰੇ ਜਗਤ ਦੇ ਸੰਗੀਤ, ਖਬਰਾਂ ਅਤੇ ਅਵਾਜ਼ਾਂ ਨੂੰ ਘਰ ਬੈਠਾ ਹੀ ਸੁਣ ਸਕੇ। ਸਿਨਮੇ ਤੇ ਟੈਲੀਵੀਜ਼ਨ ਦੀ ਕਾਢ ਸਾਬਤ ਕਰਦੀ ਹੈ ਕਿ ਇਨਸਾਨ ਪੈਦਲ ਦੂਰ ਦਰਾਜ਼ ਜਾ ਕੇ ਤਮਾਸ਼ੇ ਦੇਖਣ ਦੀ ਬਜਾਏ ਘਰ ਬੈਠ ਕੇ ਸੋਹਣੇ ਸੋਹਣੇ ਤਮਾਸ਼ੇ ਵੇਖਣੇ ਚਾਹੁੰਦਾ ਹੈ। ਇਨਸਾਨ ਇਹ ਚਾਹੁੰਦਾ ਹੈ ਕਿ ਉਸ ਦੇ ਸਭ ਦੁਸ਼ਮਣ ਜਾਂ ਮਰ ਜਾਣ ਜਾਂ ਉਸਦੇ ਅਧੀਨ ਹੋ ਜਾਣ ਅਤੇ ਉਸ ਨੇ ਆਪਣੀ ਇਸ ਖਾਹਿਸ਼ ਨੂੰ ਪੂਰਿਆਂ ਕਰਨ ਲਈ ਐਟਮ ਬੰਬ ਅਤੇ ਹਾਈਡਰੋਜਨ ਬੰਬ ਤਿਆਰ ਕੀਤੇ ਹਨ ਅਤੇ ਐਸੀਆਂ ਤੋਪਾਂ ਬਣਾਈਆਂ ਹਨ, ਜੋ ਹਜ਼ਾਰਾਂ ਮੀਲਾਂ ਤੇ ਬੈਠੇ ਵੈਰੀ ਨੂੰ ਮਿੰਟਾਂ ਸਕਿੰਟਾਂ ਵਿਚ ਬਰਬਾਦ ਕਰ ਸਕਦੀਆਂ ਹਨ।

ਸਾਇੰਸ ਦੀਆਂ ਉਕਤ ਕਾਢਾਂ ਇਨਸਾਨ ਦੇ ਅੰਦਰ ਦੀਆਂ ਖਾਹਿਸ਼ਾਂ ਸੰਬੰਧੀ ਇਕ ਬੜਾ ਅਜੀਬ ਨਿਯਮ ਜਾਂ ਅਸੂਲ ਪਰਗਟ ਕਰਦੀਆਂ ਹਨ। ਉਹ ਅਸੂਲ ਇਹ ਹੈ ਕਿ ਇਨਸਾਨ ਆਪਣੇ ਸੁਖਾਂ ਦੀ ਪੂਰਤੀ ਲਈ ਘਟ ਤੋਂ ਘਟ ਸਮਾਂ ਵਰਤਣਾ ਚਾਹੁੰਦਾ ਹੈ। ਦੂਜੇ ਅੱਖਰਾਂ ਵਿਚ ਇਨਸਾਨ ਚਾਹੁੰਦਾ ਹੈ ਕਿ ਉਸ ਨੂੰ ਮੂੰਹ ਮੰਗੇ ਸੁਖ ਬਗੈਰ ਇੰਤਜ਼ਾਰ ਦੇ, ਬਗੈਰ ਉਡੀਕਣ ਦੇ, ਫੌਰਨ ਮਿਲ ਜਾਣ। ਇਨਸਾਨ ਸੁਖਾਂ ਦਾ ਆਸ਼ਕ ਹੈ ਅਤੇ ਚਾਹੁੰਦਾ ਹੈ ਕਿ ਇਸ ਨੂੰ ਸਭ ਪ੍ਰਕਾਰ ਦੇ ਸੁਖ ਫੌਰਨ ਮਿਲਣ ਅਤੇ ਮਿਲ ਕੇ ਸਦਾ ਲਈ ਇਸ ਦੇ ਪਾਸ ਰਹਿਣ। ਇਨਸਾਨੀ ਜੀਵਨ ਦੀ ਸਾਰੀ ਕੋਸ਼ਿਸ਼ ਦੇਰ ਨਾਲ ਮਿਲਣ ਵਾਲੇ ਸੁਖਾਂ ਨੂੰ ਜਲਦੀ ਤੋਂ ਜਲਦੀ ਪ੍ਰਾਪਤ ਕਰਨ ਦੀ ਹੈ। ਇਹ ਸੁਖਾਂ ਨੂੰ ਉਡੀਕਣਾ ਨਹੀਂ ਚਾਹੁੰਦਾ, ਬਲਕਿ ਚਾਹੁੰਦਾ ਹੈ ਕਿ ਸੁਖਾਂ ਦੀ ਖਾਹਿਸ਼ ਪੈਦਾ ਹੁੰਦਿਆਂ ਹੀ ਸੁਖਾਂ ਦੀ ਪਰਾਪਤੀ

ਹੋਵੇ ਅਤੇ ਇਸ ਨੂੰ ਆਪਣੀਆਂ ਖੋਜਾਂ ਅਤੇ ਕੋਸ਼ਿਸ਼ਾਂ ਦੀ ਸਫਲਤਾ ਸਮਝਦਾ ਹੈ।

ਸੁਖ ਭਾਵੇਂ ਜਿਸਮਾਨੀ ਹੋਣ, ਭਾਵੇਂ ਮਾਨਸਕ, ਇਹਨਾਂ ਨੂੰ ਭੋਗਦਾ ਇਨਸਾਨ ਦਾ ਮਨ ਹੀ ਹੈ। ਠੰਢਾ ਪਾਣੀ ਭਾਵੇਂ ਬੁਲਾਂ ਅਤੇ ਜੀਭ ਨੂੰ ਠੰਢਿਆਂ ਕਰਦਾ ਹੈ, ਪਰ ਇਸ ਠੰਢਕ ਨੂੰ ਮਹਿਸੂਸ ਕੇਵਲ ਇਨਸਾਨ ਦਾ ਮਨ ਹੀ ਕਰਦਾ ਹੈ। ਇਸ ਲਈ ਸਭ ਸੁਖ ਇਨਸਾਨ ਦੇ ਮਨ ਨਾਲ ਸੰਬੰਧ ਰਖਦੇ ਹਨ ਅਤੇ ਮਨ ਅੰਦਰ ਸੀਤਲਤਾ, ਸੁਆਦ ਤੇ ਅਨੰਦ ਪੈਦਾ ਕਰਦੇ ਹਨ। ਇਨਸਾਨ ਦੇ ਕਿਆਸ ਵਿਚ ਜਿਤਨੇ ਵੀ ਸੁਖ ਹਨ, ਉਹ ਅਗਰ ਇਸ ਨੂੰ ਸਾਰੇ ਮਿਲ ਜਾਣ ਤਾਂ ਇਨਸਾਨ ਦਾ ਸਰੀਰ ਹੀ ਨਹੀਂ, ਬਲਕਿ ਇਸ ਦਾ ਮਨ ਵੀ ਅਤਿਅੰਤ ਸੁਖੀ ਸ਼ਾਂਤ ਤੇ ਖੇੜੇ ਵਿਚ ਆਵੇਗਾ। ਦੂਸਰੇ ਅੱਖਰਾਂ ਵਿਚ ਸਰਬ ਸੁਖ ਕੇਵਲ ਮਨ ਨੂੰ ਸੁਖੀ ਬਣਾ ਸਕਦੇ ਹਨ।

ਇਨਸਾਨ ਉਦੋਂ ਆਦਰਸ਼ਕ ਤੌਰ ਉਤੇ ਸੁਖੀ ਹੋਵੇਗਾ ਜਦੋਂ ਉਹ ਜੋ ਚਾਹੇ ਉਸ ਨੂੰ ਫੌਰਨ ਪ੍ਰਾਪਤ ਕਰ ਸਕੇ। ਜਦ ਕਿ ਇਨਸਾਨ ਦੀ ਚਾਹਨਾ ਅਤੇ ਉਸ ਦੀ ਪ੍ਰਾਪਤੀ ਵਿਚ ਕੋਈ ਵਕਫਾ ਜਾਂ ਕੋਈ ਦੇਰ ਨਹੀਂ ਹੋਵੇਗੀ, ਜਦ ਇਨਸਾਨ ਇਸ ਆਦਰਸ਼ਕ ਅਵਸਥਾ ਵਿਚ ਆਵੇਗਾ ਕਿ ਜੋ ਚਾਹੇ ਸੋ ਪ੍ਰਾਪਤ ਕਰ ਸਕੇ, ਤਦ ਉਹ ਮਾੜੀਆਂ ਗਲਾਂ - ਪਾਪ, ਦੁਖ, ਬੀਮਾਰੀ, ਮੌਤ, ਚਿੰਤਾ ਫਿਕਰ, ਕੀਨਾ ਆਦਿ ਨਹੀਂ ਚਾਹੇਗਾ ਅਤੇ ਇਸ ਦੇ ਉਲਟ ਸਿਹਤ, ਨਿਰਮਲਤਾ, ਨੇਕੀ, ਸਦੀਵੀ ਜੀਵਨ, ਖੁਸ਼ੀ ਤੇ ਖੇੜਾ, ਅਤੇ ਸਰਬਤ ਦਾ ਭਲਾ ਚਾਹੇਗਾ। ਸਾਇੰਸ ਲਈ ਇਨਸਾਨ ਦੇ ਸਾਹਮਣੇ ਉਕਤ ਸਮਾਂ ਲਿਆ ਸਕਣਾ ਅਜੇ ਬਹੁਤ ਦੂਰ ਹੈ ਕਿਉਂਕਿ ਸਾਇੰਸ ਦੀਆਂ ਸਭ ਕਾਢਾਂ ਨੇ ਮਨੁੱਖ ਨੂੰ ਨਿਰਵੈਰ ਨਹੀਂ ਬਣਾਇਆ। ਇਸ ਦੇ





ਉਲਟ ਸਾਇੰਸ ਦੀਆਂ ਸਭ ਕਾਢਾਂ ਨੇ ਇਨਸਾਨ ਅੰਦਰ ਈਰਖਾ, ਨਫ਼ਰਤ, ਡਰ, ਖੁਦਗਰਜ਼ੀ ਅਤੇ ਵੈਰ ਵਿਰੋਧ ਅਗੇ ਨਾਲੋਂ ਵੀ ਵਧਾ ਦਿੱਤਾ ਹੈ ਅਤੇ ਇਨਸਾਨ ਇਕ ਦੂਸਰੇ ਨੂੰ ਖਤਮ ਕਰਨ ਦੇ ਆਹਰ ਵਿਚ ਸਰਗਰਮ ਨਜ਼ਰ ਆ ਰਿਹਾ ਹੈ।

ਕੀ ਕੋਈ ਹੋਰ ਐਸਾ ਤਰੀਕਾ ਹੈ ਜਿਹੜਾ ਇਨਸਾਨ ਦੇ ਮਨ ਨੂੰ ਨਿਰਮਲ ਕਰਕੇ ਸੁਖ ਤੇ ਸ਼ਾਂਤੀ ਦੀ ਉਸ ਅਵਸਥਾ ਵਿਚ ਲੈ ਜਾਵੇ ਕਿ ਉਸ ਦੀ ਹਰ ਖਾਹਿਸ਼, ਪੂਰੀ ਹੋ ਜਾਵੇ? ਏਥੋਂ ਤਕ ਕਿ ਉਹ ਖਾਹਿਸ਼ਾਂ ਫੁਰਨਿਆਂ ਤੋਂ ਉਤੇ ਹੋ ਜਾਵੇ ਅਤੇ ਐਸੀ ਅਵਸਥਾ ਵਿਚ ਪਹੁੰਚ ਜਾਵੇ ਜਿਥੇ ਸਦੀਵੀ ਜੀਵਨ, ਸਦੀਵੀ ਖੇੜਾ ਅਤੇ ਸਦੀਵੀ ਸੁਖ ਹੋਵੇ?

ਇਸ ਦਾ ਜਵਾਬ ਸਾਇੰਸ ਦੀਆਂ ਕਾਢਾਂ ਨਹੀਂ ਦੇ ਸਕਦੀਆਂ, ਕਿਉਂਕਿ ਵਰਤਮਾਨ ਸਾਇੰਸ ਪਦਾਰਥਾਂ ਨਾਲ ਸੰਬੰਧ ਰਖਦੀ ਹੈ ਤੇ ਇਨਸਾਨ ਦੇ ਮਨ ਨਾਲ ਸੰਬੰਧ ਨਹੀਂ ਰਖਦੀ। ਇਸ ਦਾ ਜਵਾਬ ਕੇਵਲ ਪੂਰਬ ਦੇ ਰਿਸ਼ੀਆਂ ਦੀ ਹਜ਼ਾਰਾਂ ਸਾਲ ਦੀ ਖੋਜ ਦਿੰਦੀ ਹੈ। ਭਾਰਤਵਰਸ਼ ਦੇ ਮਹਾਂਪੁਰਸ਼ਾਂ ਨੇ ਇਨਸਾਨ ਦੀ ਫਿਤਰਤ ਜਾਂ ਸੁਭਾਵ ਨੂੰ ਜਦ ਗਹੁ ਨਾਲ ਵਿਚਾਰਿਆਂ ਤਾਂ ਇਹ ਵੇਖਿਆ ਕਿ ਇਨਸਾਨ ਪੂਰਨ ਸੁਖੀ ਤੇ ਨਿਹਾਲ ਰਹਿਣਾ ਪਸੰਦ ਕਰਦਾ ਹੈ ਅਤੇ ਜਿਤਨੀ ਜਲਦੀ ਉਸ ਨੂੰ ਸਦੀਵੀ ਸੁਖ ਮਿਲ ਸਕਣ, ਉਤਨਾ ਹੀ ਖੁਸ਼ ਹੁੰਦਾ ਹੈ। ਇਹਨਾਂ ਮਹਾਂਪੁਰਸ਼ਾਂ ਨੇ ਇਹ ਵੀ ਦੇਖਿਆ ਕਿ ਇਨਸਾਨ ਦੇ ਅੰਦਰ, ਇਨਸਾਨ ਦੇ ਮਨ ਦੇ ਪਿਛੇ ਪੂਰਨ ਸੁਖ ਦਾ ਸਾਗਰ ਵਗ ਰਿਹਾ ਹੈ ਅਤੇ ਇਹ ਵੀ ਅਨੁਭਵ ਕੀਤਾ ਕਿ ਉਸ ਸੁਖ ਸਾਗਰ ਤੋਂ ਵਿਛੜ ਕੇ ਇਨਸਾਨ ਮਨ ਜਾਂ ਇੰਦ੍ਰਿਆਂ ਦੀ ਦੁਨੀਆਂ ਵਿਚ ਹਰ ਪਾਸਿਉਂ ਉਸੇ ਸੁਖ ਸਾਗਰ ਨੂੰ ਲਭ ਰਿਹਾ ਹੈ।

ਇਨਸਾਨ ਦੇ ਮਨ ਦੇ ਪਿਛੇ ਜੋ ਸੁਖ ਸਾਗਰ ਹੈ, ਉਸ ਨੂੰ ਪਰਾਪਤ ਕਰਨ ਜਾਂ ਉਸ ਤਕ ਪਹੁੰਚਣ ਲਈ ਮਹਾਂ ਪੁਰਸ਼ਾਂ (ਆਤਮਕ ਸਾਇੰਸਦਾਨਾਂ) ਨੇ ਨਾਮ ਦੀ ਈਜਾਦ ਕੀਤੀ। ਨਾਮ ਦੀ ਕਾਢ ਅਨੁਸਾਰ ਮਨੁੱਖੀ ਮਨ ਆਪਣੀਆਂ ਬਾਹਰਮੁਖੀ ਖਿਆਲ-ਤਰੰਗਾਂ ਨੂੰ ਬੰਦ ਕਰ ਸਕਦਾ ਹੈ ਅਤੇ ਆਪਣੀਆਂ ਰੁਚੀਆਂ ਨੂੰ ਅੰਤਰਮੁਖੀ ਕਰਕੇ ਆਪਣੇ ਅੰਦਰਲੇ ਸੁਖ ਸਾਗਰ ਤਕ ਪੁਹੰਚ ਕੇ ਸਦੀਵੀ ਜੀਵਨ ਅਤੇ ਸਦੀਵੀ ਖੇੜਾ ਪਰਾਪਤ ਕਰ ਸਕਦਾ ਹੈ।

ਜਦ ਨਾਮ ਦਾ ਕਾਫੀ ਅਭਿਆਸ ਹੋ ਜਾਵੇ ਤਾਂ ਇਨਸਾਨ ਦਾ ਮਨ ਫੌਰਨ ਆਪਣੇ ਅੰਦਰਲੇ ਸੁਖ ਸਾਗਰ ਬ੍ਰਹਮ ਤਕ ਪਹੁੰਚ ਕੇ, ਪਹਿਲੇ ਉਸ ਪੂਰਨ ਪਾਰਬ੍ਰਹਮ ਦੇ ਆਸਰੇ ਤੇ ਆਪਣੀਆਂ ਸਭ ਖਾਹਿਸਾਂ ਦ੍ਰਿਸ਼ਟਮਾਨ ਜਗਤ ਵਿਚ ਪੂਰੀਆਂ ਹੁੰਦੀਆਂ ਦੇਖਦਾ ਹੈ ਅਤੇ ਹੌਲੀ ਹੌਲੀ ਇਛਿਆ ਕਰਨੀ ਇਸ ਲਈ ਛਡ ਦਿੰਦਾ ਹੈ ਕਿ ਉਹ ਆਪਣੀ ਹਰ ਇਛਿਆ ਦੀ ਪੂਰਤੀ ਦੇ ਸੁਆਦ ਨੂੰ ਆਪਣੇ ਵਾਹਿਗੁਰੂ ਦੇ ਨਾਲ ਜੁੜਨ ਦੇ ਸੁਆਦ ਨਾਲੋਂ ਡਾਢਾ ਫਿੱਕਾ ਤੇ ਘਟੀਆ ਪ੍ਰਤੀਤ ਕਰਦਾ ਹੈ। ਉਸ ਨੂੰ ਯਕੀਨ ਹੋ ਜਾਂਦਾ ਹੈ ਕਿ ਇਛਿਆ ਅਤੇ ਉਸ ਦੀ ਪੂਰਤੀ ਕਦੀ ਉਤਨਾ ਸੁਖ ਨਹੀਂ ਦੇ ਸਕਦੀ, ਜਿਤਨਾ ਸੁਖ ਕਿ ਉਸ ਨੂੰ ਆਪਣੇ ਮੂਲ, ਆਪਣੇ ਧੁਰ ਮਰਕਜ਼ ਪਾਰਬ੍ਰਹਮ ਪਰਮੇਸ਼ਵਰ ਸ੍ਰੀ ਵਾਹਿਗੁਰੂ ਜੀ ਦੇ ਨਾਲ ਜੁੜਨ ਅਤੇ ਅਭੇਦ ਹੋਣ ਤੋਂ ਪਰਾਪਤ ਹੁੰਦਾ ਹੈ। ਵਾਹਿਗੁਰੂ ਜੀ ਨਾਲ ਜੁੜਨ ਅਤੇ ਉਸ ਨਾਲ ਅਭੇਦ ਹੋਣ ਤੋਂ ਜੋ ਖੁਸ਼ੀ, ਸੁਆਦ ਤੇ ਸੁਖ ਪਰਾਪਤ ਹੁੰਦਾ ਹੈ, ਉਸ ਦੇ ਸਾਹਮਣੇ ਤ੍ਰਿਲੋਕੀ ਦੇ ਰਾਜ ਦਾ ਸੁਖ ਤੁਛ ਅਤੇ ਇੰਦ੍ਰਪੁਰੀ ਦੇ ਰਾਗ ਰੰਗ ਤੁਛ ਪਰਤੀਤ ਹੁੰਦੇ ਹਨ।

*ਮਾਈ ਮੇਰੇ ਮਨ ਕੋ ਸੁਖੁ ॥*
*ਕੋਟਿ ਅਨੰਦ ਰਾਜ ਸੁਖੁ ਭੁਗਵੈ*





*ਹਰਿ ਸਿਮਰਤ ਬਿਨਸੈ ਸਭ ਦੁਖੁ ॥*
*ਕੋਟਿ ਜਨਮ ਕੇ ਕਿਲਬਿਖ ਨਾਸਹਿ*
*ਸਿਮਰਤ ਪਾਵਨ ਤਨ ਮਨ ਸੁਖ ॥*
*ਦੇਖਿ ਸਰੂਪੁ ਪੂਰਨੁ ਭਈ ਆਸਾ*
*ਦਰਸਨੁ ਭੇਟਤ ਉਤਰੀ ਭੁਖ ॥*
*ਚਾਰਿ ਪਦਾਰਥ ਅਸਟ ਮਹਾ ਸਿਧਿ*
*ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥*
*ਨਾਨਕ ਸਰਨਿ ਗਹੀ ਸੁਖ ਸਾਗਰ*
*ਜਨਮ ਮਰਨ ਫਿਰਿ ਗਰਭ ਨ ਧੁਖੁ ॥* ਅੰਗ - 717

*ਸਿਮਰਿ ਸਿਮਰਿ ਕਾਟੇ ਸਭਿ ਰੋਗ ॥*
*ਚਰਣ ਧਿਆਨ ਸਰਬ ਸੁਖ ਭੋਗ ॥* ਅੰਗ - 240

# ਜੈਸਾ ਸੇਵੈ ਤੈਸੋ ਹੋਇ

## (1)

ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਨਾਮ ਜਪਣ ਦੀ ਬੜੀ ਮਹੱਤਤਾ ਹੈ। ਇਥੋਂ ਤਕ ਲਿਖਿਆ ਹੈ ਕਿ *'ਨਾਨਕ ਕੈ ਘਰਿ ਕੇਵਲ ਨਾਮੁ।' (ਅੰਗ - 1136)* ਇਸ ਕਰਕੇ ਗੁਰਸਿੱਖ ਨੂੰ ਨਾਮ ਜਪਣ ਦੇ ਸਿਧਾਂਤ ਦੀ ਪੂਰੀ ਪੂਰੀ ਸਮਝ ਹੋਣੀ ਚਾਹੀਦੀ ਹੈ। ਨਾਮ ਜਪਣ ਦੀ ਲੋੜ ਅਤੇ ਮਹਿਮਾ ਉਸ ਦੇ ਨਿਸਚੇ ਵਿਚ ਦ੍ਰਿੜ ਹੋਣੀ ਚਾਹੀਦੀ ਹੈ।

ਆਮ ਕਰਕੇ ਗੁਰਸਿੱਖ ਗੁਰਬਾਣੀ ਤਾਂ ਪ੍ਰੇਮ ਨਾਲ ਪੜ੍ਹਦੇ ਤੇ ਗਾਂਵਦੇ ਹਨ, ਪਰ ਇਸ ਤੋਂ ਅਗੇ ਨਾਮ ਜਪਣ ਦੀ ਕੋਸ਼ਿਸ਼ ਨਹੀਂ ਕਰਦੇ, ਹਾਲਾਂਕਿ ਗੁਰਬਾਮੀ ਮੁੜ ਮੁੜ ਕੇ ਨਾਮ ਜਪਣ ਦੀ ਪਰੇਰਨਾ ਕਰਦੀ ਅਤੇ ਇਸ ਦੇ ਲਾਭ ਦਰਸਾਉਂਦੀ ਹੈ। ਗੁਰਬਾਣੀ ਦੇ ਕਈ ਮਹਾਂਵਾਕ ਤਾਂ ਐਸੇ ਹਨ, ਜਿਨ੍ਹਾਂ ਨੂੰ ਪੜ੍ਹ ਸਮਝ ਕੇ ਲੂੰ ਕੰਡੇ ਖੜੇ ਹੋ ਜਾਂਦੇ ਹਨ। ਨਾਮ ਨਾ ਜਪਣ ਵਾਲੇ ਨੂੰ ਗੁਰਬਾਣੀ ਉਹ ਫਿਟਕਾਰਾਂ ਪਾਉਂਦੀ ਹੈ ਕਿ ਹੈਰਾਨ ਹੋ ਜਾਈਦਾ ਹੈ ਕਿ ਐਸੀ ਗੁਰਬਾਣੀ ਨੂੰ ਪੜ੍ਹ ਕੇ ਫਿਰ ਵੀ ਆਮ ਸਿੱਖ ਨਾਮ ਕਿਉਂ ਨਹੀਂ ਜਪਦੇ? ਗੁਰਬਾਣੀ ਵਿਚ ਲਿਖਿਆ ਹੈ -





*ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ॥*
*ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ॥ ਅੰਗ - 473*

*ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨਾ ਹੋਇ॥*
*ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ॥*
*ਹਰਿ ਨਾਮ ਬਿਨਾ ਮੈ ਅਵਰੁ ਨ ਕੋਇ॥ ਅੰਗ - 233*

*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮੁ॥ ਅੰਗ - 12*

*ਬਿਨ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ॥ ਅੰਗ - 422*

*ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥*
*ਅੰਗ -712*

*ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥ ਅੰਗ - 1363*

ਸਵਾਲ ਪੈਦਾ ਹੁੰਦਾ ਹੈ ਕਿ ਨਾਮ ਜਪਣ ਉਤੇ ਗੁਰਬਾਣੀ ਅੰਦਰ ਇਤਨਾ ਜ਼ੋਰ ਦੇਣ ਦੇ ਬਾਵਜੂਦ ਗੁਰਸਿੱਖਾਂ ਦੀ ਬਹੁਤ ਗਿਣਤੀ ਨਾਮ ਕਿਉਂ ਨਹੀਂ ਜਪਦੀ? ਸਿੱਖ ਕੌਮ ਦੁਨੀਆਂ ਦੀਆਂ ਕਰੀਬਨ ਸਾਰੀਆਂ ਕੌਮਾਂ ਨਾਲੋਂ ਇਸ ਕਰਕੇ ਭਾਗਾਂ ਵਾਲੀ ਹੈ ਕਿ ਸਿੱਖ ਕੌਮ ਦਾ ਧਾਰਮਕ ਗਰੰਥ ਆਪਣੀ ਮਾਤ ਬੋਲੀ ਪੰਜਾਬੀ ਵਿਚ ਲਿਖਿਆ ਹੋਇਆ ਹੈ, ਜਿਸ ਨੂੰ ਕਿ ਹਰ ਸਿੱਖ ਭਲੀ ਭਾਂਤ ਪੜ੍ਹ ਕੇ ਸਮਝ ਸਕਦਾ ਹੈ। ਫਿਰ ਸਿੱਖ ਕੌਮ ਦੂਸਰੀਆਂ ਕੌਮਾਂ ਨਾਲੋਂ ਆਪਣੇ ਗੁਰੂ ਦੇ ਉਪਦੇਸ਼ ਨੂੰ ਵਧੇਰੇ ਯੋਗਤਾ ਨਾਲ ਅਮਲ ਵਿਚ ਲਿਆਉਣ ਦੇ ਕਾਬਲ ਹੈ, ਕਿਉਂਕਿ ਸਿੱਖ ਆਮ ਤੌਰ ਤੇ ਹਰ ਕੰਮ ਨੂੰ ਅਮਲ ਵਿਚ ਲਿਆਉਣ ਵਾਲੇ ਲੋਕ ਹਨ। ਫਿਰ ਇਹ ਆਪਣੇ ਗੁਰ ਉਪਦੇਸ਼ ਦਾ ਸਭ ਤੋਂ ਜ਼ਰੂਰੀ ਨਾਮ ਜਪਣ ਦਾ ਉਪਦੇਸ਼ ਅਮਲ ਵਿਚ ਕਿਉਂ ਨਹੀਂ ਲਿਆਉਂਦੇ?

ਜਿਥੋਂ ਤਕ ਸਾਡਾ ਵਿਚਾਰ ਕੰਮ ਕਰਦਾ ਹੈ, ਅਸੀਂ ਸਿੱਖਾਂ

ਦੇ ਨਾਮ ਵਰਗੇ ਆਪਣੇ ਗੁਰਉਪਦੇਸ਼ ਦੇ ਮੁਖ ਸਿਧਾਂਤ ਨੂੰ ਅਮਲ ਵਿਚ ਨਾ ਲਿਆਉਣ ਦਾ ਕਾਰਨ ਇਹੋ ਸਮਝਦੇ ਹਾਂ ਕਿ ਆਮ ਸਿੱਖਾਂ ਨੂੰ ਨਾਮ ਜਪਣ ਦੀ ਅਸਲ ਮਹੱਤਤਾ ਅਤੇ ਕੀਮਤ ਦਾ ਪਤਾ ਨਹੀਂ। ਸਿੱਖ ਆਮ ਕਰਕੇ ਗੁਰਬਾਣੀ ਦਾ ਬਗੈਰ ਸਮਝੇ ਪਾਠ ਕਰਦੇ ਅਤੇ ਕੀਰਤਨ ਕਰਦੇ ਕਰਾਂਦੇ ਹਨ। ਇਹਨਾਂ ਨੂੰ ਆਮ ਤੌਰ ਤੇ ਇਹੋ ਹੀ ਕਹਿਆ ਜਾਂਦਾ ਮਲੂਮ ਹੁੰਦਾ ਹੈ ਕਿ ਗੁਰਬਾਣੀ ਦਾ ਪਾਠ ਕਰਨਾ, ਸੁਣਨਾ ਅਤੇ ਗੁਰਬਾਣੀ ਦਾ ਕੀਰਤਨ ਕਰਨਾ, ਸੁਣਨਾ ਹੀ ਗੁਰਸਿੱਖ ਦੇ ਜੀਵਨ ਦਾ ਮਨੋਰਥ ਜਾਂ ਨਿਸ਼ਾਨਾ ਹੈ। ਆਮ ਗੁਰਸਿੱਖਾਂ ਨੂੰ ਇਹ ਯਕੀਨ ਹੁੰਦਾ ਹੈ ਕਿ ਗੁਰਬਾਣੀ ਦਾ ਪਾਠ ਹੀ ਗੁਰਬਾਣੀ ਵਿਚ ਲਿਖੇ ਉਪਦੇਸ਼ ਦੀ ਕਮਾਈ ਹੈ, ਹਾਲਾਂ ਕਿ ਕਿਸੇ ਸਿਧਾਂਤ ਦਾ ਪਾਠ ਉਸ ਸਿਧਾਂਤ ਦੀ ਕਮਾਈ ਹਰਗਿਜ਼ ਨਹੀਂ ਹੁੰਦੀ। The repetition of a theory is never the practice of the theory.

ਇਸ ਲੇਖ ਵਿਚ ਅਸੀਂ ਇਹ ਦਰਸਾਉਣਾ ਹੈ ਕਿ ਨਾਮ ਜਪਣ ਤੋਂ ਬਗੈਰ ਗੁਰਬਾਣੀ ਦਾ ਪਾਠ ਕਰਨਾ ਜਾਂ ਕੀਰਤਨ ਸੁਣਨਾ ਗੁਰਬਾਣੀ ਵਿਚ ਕੀਤੇ ਇਕਰਾਰਾਂ ਨੂੰ ਜੀਵਨ ਵਿਚ ਪੂਰਿਆਂ ਨਹੀਂ ਹੋਣ ਦਿੰਦਾ। ਜਿਵੇਂ ਕਾਸ਼ਤਕਾਰੀ ਦੀਆਂ ਅਨੇਕ ਪੁਸਤਕਾਂ ਪੜ੍ਹਨ ਨਾਲ ਹੀ ਇਕ ਚੰਗਾ ਕਿਸਾਨ ਨਹੀਂ ਬਣ ਸਕਦਾ, ਇਸੇ ਤਰ੍ਹਾਂ ਗੁਰਬਾਣੀ ਦਾ ਪਾਠ ਕਰਨ ਵਾਲਾ ਪਰ ਨਾਮ ਨਾ ਜਪਣ ਵਾਲਾ ਗੁਰਸਿੱਖ ਵੀ ਅਸਲ ਅਰਥਾਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦਾ ਅਸਲ ਗੁਰਸਿੱਖ ਨਹੀਂ ਬਣ ਸਕਦਾ। ਗੁਰਬਾਣੀ ਵਿਚ ਲਿਖਿਆ ਹੈ ਕਿ ਨਾਮ ਸਰਬ ਰੋਗਾਂ ਦੀ ਅਸਲ, ਸਚੀ ਤੇ ਪੱਕੀ ਔਸ਼ਧੀ ਹੈ। ਇਸ ਉਪਦੇਸ਼ ਦੇ ਪਾਠ ਕਰਨ ਜਾਂ ਕੀਰਤਨ ਕਰਨ ਵਾਲਾ, ਪਰ ਨਾਮ ਨਾ ਜਪਣ ਵਾਲਾ ਆਪਣੇ ਜੀਵਨ ਵਿਚ





ਗੁਰਸਿੱਖ ਹੁੰਦਾ ਹੋਇਆ ਵੀ ਅਨੇਕ ਰੋਗਾਂ ਦਾ ਸ਼ਿਕਾਰ ਹੁੰਦਾ ਰਹੇਗਾ। ਇਸ ਦਾ ਸਾਫ ਕਾਰਨ ਇਹ ਹੈ ਕਿ ਜਦ ਤਕ ਨਾਮ ਜਪਿਆ ਨਾ ਜਾਵੇ, ਉਹ ਜੀਵਨ ਦੇ ਸਰਬ ਰੋਗਾਂ ਨੂੰ ਦੂਰ ਕਿਵੇਂ ਕਰ ਸਕਦਾ ਹੈ? ਜਿਵੇਂ ਕਣਕ ਬੀਜਿਆਂ ਹੀ ਉਗਦੀ ਹੈ, ਇਸੇ ਤਰ੍ਹਾਂ ਨਾਮ ਜਪਿਆਂ ਹੀ ਨਾਮ ਜੀਵਨ ਦੇ ਸਰਬ ਰੋਗਾਂ ਦਾ ਇਲਾਜ ਬਣ ਸਕਦਾ ਹੈ।

(2) ਸਾਡਾ ਅਤੇ ਸੰਸਾਰ ਦਾ ਸੰਬੰਧ ਮਨ-ਤਰੰਗਾਂ, ਸੰਕਲਪਾਂ ਵਿਕਲਪਾਂ ਜਾਂ ਖਿਆਲ ਤਰੰਗਾਂ ਦੇ ਜ਼ਰੀਏ ਹੈ। ਸਾਡੇ ਮਨ ਦੀਆਂ ਚੰਗੀਆਂ ਖਿਆਲ ਤਰੰਗਾ (thought waves) ਸੰਕਲਪ ਅਖਵਾਉਂਦੀਆਂ ਹਨ ਤੇ ਮਾੜੀਆਂ ਖਿਆਲ ਤਰੰਗਾਂ ਵਿਕਲਪ ਅਖਵਾਉਂਦੀਆਂ ਹਨ। ਅਸੀਂ ਦਿਨ ਰਾਤ ਆਪਣੇ ਮਨ ਦੀਆਂ ਖਿਆਲ ਤਰੰਗਾਂ ਨਾਲ ਖੇਡਦੇ ਹਾਂ। ਸਾਡੇ ਮਨ ਤੋਂ ਉਪਜੀ ਹਰ ਖਿਆਲ-ਤਰੰਗ ਸਾਡੇ ਸਾਹਮਣੇ ਇਕ ਖਿਆਲੀ ਤਸਵੀਰ ਬਣਾਉਂਦੀ ਹੈ ਅਤੇ ਅਸੀਂ ਉਸ ਖਿਆਲ ਦੀ ਤਸਵੀਰ ਜਾਂ ਖਿਆਲੀ ਖਿਡੌਣਿਆਂ ਨਾਲ ਬੱਚੇ ਦੀ ਤਰ੍ਹਾਂ ਖੇਡਦੇ ਹਾਂ। ਪੁਤੱਰ ਦਾ ਖਿਆਲ ਆਵੇ ਤਾਂ ਪੁੱਤਰ ਦੀ ਖਿਆਲੀ ਤਸਵੀਰ ਵੀ ਸਾਹਮਣੇ ਆਉਂਦੀ ਹੈ, ਇਸੇ ਤਰ੍ਹਾਂ ਹਰ ਖਿਆਲ ਸਾਡੇ ਸਾਹਮਣੇ ਖਿਆਲੀ ਤਸਵੀਰ ਬਣਾਉਂਦਾ ਹੈ।

ਜੇਕਰ ਸਾਡਾ ਖਿਆਲ ਚੰਗਾ ਹੋਵੇ ਤਾਂ ਉਹ ਸਾਡੇ ਸਾਹਮਣੇ ਚੰਗੀ ਤਸਵੀਰ ਬਣਾਉਂਦਾ ਹੈ ਤੇ ਜੇ ਮਾੜਾ ਹੋਵੇ ਤਾਂ ਮਾੜੀ। ਜੇਕਰ ਖਿਆਲੀ ਤਸਵੀਰ ਚੰਗੀ ਹੋਈ ਤਾਂ ਉਹ ਸਾਡੇ ਉਤੇ ਚੰਗਾ ਪ੍ਰਭਾਵ ਪਾਉਂਦੀ ਹੈ ਅਤੇ ਜੇ ਮਾੜੀ ਹੋਵੇ ਤਾਂ ਮਾੜਾ। ਚੰਗੀ ਖਿਆਲੀ ਤਸਵੀਰ ਪ੍ਰਭਾਵ ਨਾਲ ਅਸੀਂ ਚੰਗੇ ਹੋ ਜਾਂਦੇ ਹਾਂ ਅਤੇ ਮਾੜੀ

ਖਿਆਲੀ ਤਸਵੀਰ ਸਾਨੂੰ ਹੀ ਮਾੜਿਆਂ ਬਣਾਉਂਦੀ ਹੈ।

ਸਾਡੇ ਸਾਰੇ ਮਾੜੇ ਕਰਮ ਸਾਡੇ ਮਾੜੇ ਖਿਆਲਾਂ ਤੋਂ ਉਪਜਦੇ ਹਨ ਅਤੇ ਸਾਡੇ ਸਾਰੇ ਚੰਗੇ ਕਰਮ ਸਾਡੇ ਚੰਗੇ ਖਿਆਲਾਂ ਦਾ ਨਤੀਜਾ ਹੁੰਦੇ ਹਨ।

ਜੀਵ ਨੂੰ ਇਸੇ ਲਈ ਸ਼ਾਸਤਰਾਂ ਵਿਚ ਸੰਕਲਪ ਰੂਪ ਲਿਖਿਆ ਹੈ। ਇਸ ਦੇ ਜੈਸੇ ਸੰਕਲਪ ਹੋਣ ਇਹ ਆਪ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ। ਚੰਗੇ ਸੰਕਲਪ ਹੋਣ ਤਾਂ ਚੰਗਾ ਤੇ ਮਾੜਾ ਸੰਕਲਪ ਹੋਵੇ ਤਾਂ ਮਾੜਾ।

ਮਾੜੇ ਕਰਮਾਂ ਦਾ ਫਲ ਸਦਾ ਮਾੜਾ ਨਿਕਲਦਾ ਹੈ ਤੇ ਸਾਨੂੰ ਦੁਖੀ ਬਣਾਉਂਦਾ ਹੈ ਅਤੇ ਚੰਗੇ ਕਰਮਾਂ ਦਾ ਫਲ ਸਦਾ ਚੰਗਾ ਹੁੰਦਾ ਹੈ ਤੇ ਸਾਨੂੰ ਸੁਖੀ ਬਣਾਉਂਦਾ ਹੈ। ਇਸ ਕਰਕੇ ਸਾਡੇ ਸਭ ਦੁਖਾਂ ਦਾ ਮੂਲ ਕਾਰਨ ਸਾਡੇ ਮਾੜੇ ਨਿਸਚੇ ਜਾਂ ਸਾਡੇ ਮਾੜੇ ਖਿਆਲ ਅਤੇ ਸੁਖਾਂ ਨੂੰ ਪੈਦਾ ਕਰਨ ਵਾਲੇ ਸਾਡੇ ਚੰਗੇ ਨਿਸਚੇ ਜਾਂ ਚੰਗੇ ਖਿਆਲ ਹੁੰਦੇ ਹਨ।

ਜਿਹੜੇ ਖਿਆਲ ਸਾਨੂੰ ਚੰਗੇ ਲਗਣ ਤੇ ਸਾਡੇ ਅੰਦਰ ਘੜੀ-ਮੁੜੀ ਆਉਂਦੇ ਰਹਿਣ, ਉਹ ਸਾਡੇ ਨਿਸਚੇ ਬਣ ਜਾਂਦੇ ਹਨ। ਸਾਡੀ ਦੁਨੀਆਂ ਜਾਂ ਸਾਡਾ ਜੀਵਨ ਕੀ ਹੈ? ਜੈਸੇ ਸਾਡੇ ਨਿਸਚੇ ਤੈਸੇ ਸਾਡੇ ਖਿਆਲ, ਜੈਸੇ ਸਾਡੇ ਖਿਆਲ ਤੈਸੇ ਸਾਡੇ ਕਰਮ, ਜੈਸੇ ਸਾਡੇ ਕਰਮ, ਤੈਸੇ ਉਹਨਾਂ ਦੇ ਫਲ, ਜੈਸੇ ਸਾਡੇ ਕਰਮਾਂ ਦਾ ਫਲ ਤੈਸਾ ਸਾਡਾ ਜੀਵਨ ਜਾਂ ਦੁਨੀਆਂ।

ਜਿਹੜਾ ਖਿਆਲ ਸਾਡੇ ਮਨ ਵਿਚ ਘੜੀ-ਮੁੜੀ ਆਵੇ, ਧਾਰਮਕ ਬੋਲੀ ਵਿਚ ਸਾਨੂੰ ਉਸ ਖਿਆਲ ਦਾ ਸੇਵਨ ਜਾਂ ਸਿਮਰਨ





ਕਰਨ ਵਾਲਾ ਆਖਦੇ ਹਨ। ਜਿਸਦੇ ਅੰਦਰ ਮਾੜੇ ਖਿਆਲ ਆਉਂਦੇ ਰਹਿਣ, ਉਹ ਮਾੜੇ ਖਿਆਲਾਂ ਦਾ ਸਿਮਰਨ ਕਰਨ ਵਾਲਾ ਜਾਂ ਮਾੜੇ ਖਿਆਲਾਂ ਨੂੰ ਸੇਵਨ ਵਾਲਾ ਹੁੰਦਾ ਹੈ ਅਤੇ ਜਿਸ ਦੇ ਅੰਦਰ ਚੰਗੇ ਖਿਆਲ ਘੜੀ-ਮੁੜੀ ਆਉਣ ਅਤੇ ਆਉਂਦੇ ਰਹਿਣ, ਉਹ ਚੰਗੇ ਖਿਆਲਾਂ ਦਾ ਸਿਮਰਨ ਕਰਨ ਵਾਲਾ ਜਾਂ ਚੰਗੇ ਖਿਆਲਾਂ ਨੂੰ ਸੇਵਨ ਵਾਲਾ ਹੁੰਦਾ ਹੈ। ਸੇਵਨ ਜਾਂ ਸਿਮਰਨ ਦਾ ਮਤਲਬ ਹੈ ਦੁਹਰਾਉਣਾ ਜਾਂ ਘੜੀ-ਮੁੜੀ ਆਖਣਾ ਜਾਂ ਸਾਹਮਣੇ ਲਿਆਉਣਾ।

ਜੇਕਰ ਸਾਨੂੰ ਉਕਤ ਵਿਚਾਰ ਦੀ ਸਮਝ ਆ ਜਾਵੇ ਤਾਂ ਸਾਨੂੰ ਗੁਰਬਾਣੀ ਦਾ ਇਹ ਮਹਾਂਵਾਕ ਝਟ ਸਮਝ ਆ ਜਾਵੇਗਾ ਤੇ ਪਤਾ ਲਗੇਗਾ ਕਿ ਇਹ ਕਿਤਨਾ ਸੱਚਾ ਤੇ ਵਿਗਿਆਨਕ ਹੈ -

*ਅੰਗ - 223*

***ਜੈਸਾ ਸੇਵੈ ਤੈਸੋ ਹੋਇ॥***

ਗੁਰੂ ਸਾਹਿਬ ਇਨਸਾਨ ਦੇ ਸਾਰੇ ਜੀਵਨ ਦੇ ਅੰਦਰਲੇ ਜਾਂ ਮੁਢਲੇ ਭੇਦ ਨੂੰ ਉਕਤ ਚਾਰ ਅੱਖਰਾਂ ਵਿਚ ਦੱਸ ਰਹੇ ਹਨ। ਇਹ ਮਹਾਂਵਾਕ ਹਰ ਗੁਰਸਿੱਖ ਦੇ ਦਿਲ ਅਤੇ ਦਿਮਾਗ ਵਿਚ ਵਸ ਜਾਣੇ ਚਾਹੀਦੇ ਹਨ, ਕਿਉਂਕਿ ਇਨਸਾਨ ਸੁਖ ਚਾਹੁੰਦਾ ਹੈ ਤੇ ਦੁਖ ਨਹੀਂ ਚਾਹੁੰਦਾ, ਇਸ ਲਈ ਸਾਰੀ ਮਨੁੱਖ ਜਾਤੀ ਨੂੰ ਸੁਖੀ ਬਣਨ ਦੀ ਕੁੰਜੀ ਗੁਰੂ ਸਾਹਿਬ ਦੇ ਉਕਤ ਮਹਾਂਵਾਕ ਹਨ।

ਗੁਰਬਾਣੀ ਵਿਚ ਵਾਹਿਗੁਰੂ ਜੀ ਦੀ ਸਿਫਤ ਸਲਾਹ ਕਰਨ, ਗੁਣ-ਗਾਉਣ ਅਤੇ ਵਾਹਿਗੁਰੂ ਜੀ ਦਾ ਨਾਮ ਜਪਣ ਉਤੇ ਬੜਾ ਜ਼ੋਰ ਹੈ। ਵਾਹਿਗੁਰੂ ਜੀ ਨੂੰ ਗੁਰਬਾਣੀ ਵਿਚ ਗੁਣਾਂ ਦੀ ਖਾਨ, ਸਿਫਤਾਂ ਤਾ ਭੰਡਾਰ, ਸੁਖਾਂ ਦਾ ਸਾਗਰ, ਸਰਬ ਸ਼ਕਤੀਮਾਨ, ਦਿਆਲੂ, ਕਿਰਪਾਲੂ, ਸਾਡੇ ਗੁਣ ਔਗੁਣਾਂ ਨੂੰ ਨਾ ਵਿਚਾਰਨ ਵਾਲਾ, ਸਾਨੂੰ ਸਭ ਤੋਂ ਵਧ ਪਰੇਮ ਕਰਨ ਵਾਲਾ ਪਿਤਾ ਮਾਤਾ ਦਸਿਆ

ਹੈ ਅਤੇ ਨਾਲ ਹੀ ਇਹ ਵੀ ਦਸਿਆ ਹੈ ਕਿ ਜਿਹੜਾ ਐਸੇ ਉਚੇ ਤੇ ਚੰਗੇ ਵਾਹਿਗੁਰੂ ਜੀ ਦਾ ਆਪਣੇ ਮਨ ਵਿਚ ਹਰ ਵਕਤ ਮੁੜ ਮੁੜ ਧਿਆਨ ਧਰੇਗਾ ਜਾਂ ਐਸੇ ਚੰਗੇ ਵਾਹਿਗੁਰੂ ਜੀ ਨੂੰ ਸੇਵੇਗਾ ਜਾਂ ਐਸੇ ਵਾਹਿਗੁਰੂ ਜੀ ਦਾ ਜੋ ਸਿਮਰਨ ਕਰੇਗਾ ਜਾਂ ਐਸੇ ਚੰਗੇ ਵਾਹਿਗੁਰੂ ਜੀ ਦਾ ਨਾਮ ਜੋ ਜਪੇਗਾ, ਉਸ ਵਿਚ ਪਹਿਲੇ ਵਾਹਿਗੁਰੂ ਜੀ ਦੀਆਂ ਸਿਫਤਾਂ ਆ ਜਾਣਗੀਆਂ ਅਤੇ ਫਿਰ ਹੌਲੀ ਹੌਲੀ ਉਸ ਦਾ ਜੀਵਨ ਸੁਖਾਂ ਨਾਲ ਭਰਪੂਰ ਹੋ ਜਾਵੇਗਾ ਅਤੇ ਅੰਤ ਵਿਚ ਉਹ ਵਾਹਿਗੁਰੂ ਜੀ ਦਾ ਰੂਪ ਬਣ ਕੇ ਵਾਹਿਗੁਰੂ ਜੀ ਨਾਲ ਇਕਮਿਕ ਅਤੇ ਅਭੇਦ ਹੋ ਜਾਵੇਗਾ।

*ਜਿਸ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ॥* ਅੰਗ - 65

*ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ॥*
ਅੰਗ - 310

*ਨਿਰਭਉ ਜਪੈ ਸਗਲ ਭਉ ਮਿਟੈ॥* ਅੰਗ - 293

*ਜੈ ਸਿਉ ਰਾਤਾ ਤੈਸੋ ਹੋਵੈ।*
*ਆਪੇ ਕਰਤਾ ਕਰੇ ਸੁ ਹੋਵੈ॥* ਅੰਗ - 411

*ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ॥* ਅੰਗ - 121

*ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ॥*
ਅੰਗ - 592

*ਨਿਰਮਲ ਤੇ ਸਭ ਨਿਰਮਲ ਹੋਵੈ॥* ਅੰਗ - 121

## (3)

'ਜੈਸਾ ਸੇਵੈ ਤੈਸੋ ਹੋਇ' ਦੇ ਸਿਧਾਂਤ ਅਨੁਸਾਰ ਵਾਹਿਗੁਰੂ ਦੇ ਜਿਸ ਗੁਣ ਨੂੰ ਸਾਹਮਣੇ ਰਖ ਕੇ ਵਾਹਿਗੁਰੂ ਜੀ ਦਾ ਨਾਮ ਜਪੀਏ,





ਉਹ ਗੁਣ 'ਜੀਵ ਸੰਕਲਪ ਰੂਪ ਹੈ' ਦੇ ਸਿਧਾਂਤ ਅਨੁਸਾਰ ਸਾਡੇ ਅੰਦਰ ਪਰਗਟ ਹੋ ਜਾਂਦਾ ਹੈ। ਇਸ ਵਿਚ ਹੈਰਾਨੀ ਦੀ ਕੋਈ ਗਲ ਨਹੀਂ। ਜੇਕਰ ਅਸੀਂ ਬਹਾਦਰੀ ਦੀਆਂ ਕਿਤਾਬਾਂ ਪੜ੍ਹੀਏ ਤਾਂ ਬਹਾਦਰ ਹੋ ਜਾਂਦੇ ਹਾਂ, ਜੇਕਰ ਚੰਗਿਆਂ ਪਾਸ ਬੈਠੀਏ ਤਾਂ ਚੰਗਿਆਂ ਹੋ ਜਾਈਦਾ ਹੈ। ਜੇਕਰ ਕਵੀਆਂ ਤੇ ਲਿਖਾਰੀਆਂ ਦੀ ਸੰਗਤ ਕਰੀਏ ਤਾਂ ਕਵੀ ਤੇ ਲਿਖਾਰੀ ਬਣ ਸਕਦੇ ਹਾਂ ਅਤੇ ਜੇਕਰ ਸੰਤਾਂ, ਮਹਾਤਮਾ, ਫਕੀਰਾਂ ਜਾਂ ਭਗਤਾਂ ਦੀ ਸੰਗਤ ਕਰੀਏ ਤਾਂ ਭਗਤ ਬਣ ਸਕਦੇ ਹਾਂ। ਇਹ ਸੰਗਤ ਦਾ ਕਾਨੂੰਨ ਹੈ ਕਿ 'ਜੈਸੀ ਸੰਗਤ ਕਰੀ, ਵੈਸੇ ਹੀ ਬਣ ਜਾਈਦਾ ਹੈ।' ਇਸੇ ਲਈ ਗੁਰਬਾਣੀ ਵਿਚ ਲਿਖਿਆ ਹੈ -

*ਸੰਤਸੰਗਿ ਮਿਲਿ ਸਾਗਰੁ ਤਰੀਐ।* ਅੰਗ - 1080

ਸੰਗਤ ਦੇ ਅਸੂਲ ਅਨੁਸਾਰ ਵਾਹਿਗੁਰੂ ਜੀ ਦਾ ਨਾਮ ਜਿਸ ਭਾਵਨੀ ਨੂੰ ਲੈ ਕੇ ਜਪੀਏ ਤਾਂ ਉਹ ਭਾਵਨੀ ਪੂਰੀ ਹੋ ਜਾਂਦੀ ਹੈ। ਕਿਉਂਕਿ ਅਸੀਂ ਜਦ ਆਪਣੇ ਅੰਦਰਲੇ ਆਪੇ ਜਾਂ ਮੂਲ (ਜੋ ਕਿ ਵਾਹਿਗੁਰੂ ਜੀ ਹਨ) ਅਗੇ ਜੋ ਖਿਆਲ ਘੜੀ-ਮੁੜੀ ਸੱਚੇ ਦਿਲ ਦੀ ਇਕਾਗਰਤਾ ਨਾਲ ਪੇਸ਼ ਕਰਦੇ ਹਾਂ, ਸਾਡਾ ਅੰਦਰ ਦਾ ਆਪਾ ਜਾਂ ਮੂਲ ਜੋ ਕਿ ਸਰਬ ਸ਼ਕਤੀਮਾਨ ਹੈ ਅਤੇ ਕਰਨ ਕਾਰਨ ਹੈ, ਉਹ ਜਗਤ ਵਿਚ ਐਸੇ ਹਾਲਾਤ ਪੈਦਾ ਕਰ ਦੇਂਦਾ ਹੈ, ਜਿਹਨਾਂ ਨਾਲ ਕਿ ਸਾਡੀ ਕੀਤੀ ਬੇਨਤੀ ਜਾਂ ਅਰਦਾਸ ਪੂਰੀ ਹੋ ਜਾਵੇ।

ਯਾਦ ਰਖਣ ਅਤੇ ਨੋਟ ਕਰਨ ਵਾਲੀ ਗਲ ਇਹ ਹੈ ਕਿ ਗੁਰੂ ਅਰਜਨ ਸਾਹਿਬ ਗੁਰਬਾਣੀ ਵਿਚ ਸਾਨੂੰ ਦਸਦੇ ਹਨ ਕਿ ਪਹੁੰਚ ਤੋਂ ਪਰੇ ਬੇਅੰਤ ਵਾਹਿਗੁਰੂ ਜੀ ਦਾ ਸਾਡੇ ਮਨ ਵਿਚ ਕੇਂਦਰ ਹੈ।

*ਅਗਮ ਰੂਪ ਕਾ ਮਨ ਮਹਿ ਥਾਨਾ॥*
*ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ॥* ਅੰਗ - 186

*ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥*

*ਅੰਗ - 205*

ਇਸ ਮਹਾਵਾਕ ਦੁਆਰਾ ਗੁਰੂ ਅਰਜਨ ਸਾਹਿਬ ਇਹ ਵੀ ਦਸਦੇ ਹਨ ਕਿ ਸਾਡੇ ਅੰਦਰ ਜਿਹੜਾ ਸਾਡਾ ਕੇਂਦਰ ਹੈ ਉਹੋ ਹੀ ਸਾਡੇ ਵਾਹਿਗੁਰੂ ਜੀ ਦਾ ਕੇਂਦਰ ਹੈ। ਖੰਡ ਦਾ ਮਤਲਬ ਸਾਡਾ ਸਰੀਰ ਤੇ ਬ੍ਰਹਮੰਡ ਦਾ ਮਤਲਬ ਸਾਰਾ ਜਗਤ ਅਤੇ ਠਾਣਾ ਦਾ ਮਤਲਬ ਠਹਿਰਨ ਦੀ ਜਾਂ ਖਲੋਣ ਦੀ ਜਗ੍ਹਾ ਜਾਂ ਕੇਂਦਰ। ਇਸ ਕਰਕੇ ਗੁਰਸਿੱਖ ਜਦੋਂ ਵਾਹਿਗੁਰੂ ਜੀ ਅਗੇ ਕੋਈ ਸਚੀ ਬੇਨਤੀ ਕਰਦਾ ਹੈ ਅਤੇ ਬੇਨਤੀ ਦਾ ਰੂਪ ਹੋ ਜਾਂਦਾ ਹੈ ਤਾਂ ਕਾਰਨ ਕਰਨ ਵਾਹਿਗੁਰੂ ਜਾਂ ਉਸ ਬੇਨਤੀ ਨੂੰ ਦ੍ਰਿਸ਼ਟਮਾਨ ਜਗਤ ਵਿਚ ਪੂਰਿਆਂ ਕਰ ਦਿਖਾਉਂਦੇ ਹਨ।

ਜਦ ਗੁਰਸਿੱਖ ਚੰਗੀਆਂ ਚੰਗੀਆਂ ਗੱਲਾਂ ਵਾਹਿਗੁਰੂ ਜੀ ਤੋਂ ਸਿਮਰਨ ਦੀ ਅਵਸਥਾ ਵਿਚ ਮੰਗਦਾ ਹੈ ਅਤੇ ਦੇਖਦਾ ਹੈ ਕਿ ਵਾਹਿਗੁਰੂ ਜੀ ਉਸ ਨੂੰ ਸਭ ਕੁਝ ਦੇ ਰਹੇ ਹਨ, ਤਾਂ ਫਿਰ ਗੁਰਸਿੱਖ ਨੂੰ ਗੁਰਬਾਣੀ ਦਸਦੀ ਹੈ ਕਿ ਤੂੰ ਆਪਣਾ ਉਤਨਾ ਹਮਦਰਦ ਤੇ ਸ਼ੁਭਚਿੰਤਕ ਨਹੀਂ ਜਿਤਨਾ ਕਿ ਵਾਹਿਗੁਰੂ ਜੀ ਤੇਰੇ ਹਮਦਰਦ ਤੇ ਸ਼ੁਭਚਿੰਤਕ ਹਨ। ਇਸ ਲਈ ਵਾਹਿਗੁਰੂ ਜੀ ਤੋਂ ਇਹ ਮੰਗ ਕਿ ਜੋ ਤੇਰੇ ਲਈ ਸਭ ਤੋਂ ਚੰਗਾ ਹੈ, ਵਾਹਿਗੁਰੂ ਜੀ ਤੈਨੂੰ ਉਹੋ ਦੇ ਦੇਣ। ਤਦ ਫਿਰ ਗੁਰਸਿੱਖ ਆਪਣੇ ਅਭਿਆਸ ਵਿਚ ਜਦ ਵਾਹਿਗੁਰੂ ਜੀ ਨਾਲ ਜੁੜਦਾ ਹੈ ਤਾਂ ਆਪਣੇ ਅੰਦਰ ਰਹਿਣ ਵਾਲੇ ਵਾਹਿਗੁਰੂ ਜੀ ਨੂੰ ਆਖਦਾ ਹੈ -

*ਜੋ ਤੁਧੁ ਭਾਵੈ ਸਾਈ ਭਲੀ ਕਾਰ ॥* *ਅੰਗ - 3*

ਇਹ ਬੜੀ ਅਜੀਬ ਅਵਸਥਾ ਹੈ। ਗੁਰਸਿੱਖ ਇਸ ਖਿਆਲ ਦਾ ਸਿਮਰਨ ਕਰਦਾ ਹੈ ਕਿ ਹੇ ਵਾਹਿਗੁਰੂ, ਤੈਨੂੰ ਪਤਾ ਹੈ ਕਿ ਮੇਰੇ





ਲਈ ਕੀ ਚੰਗਾ ਹੈ, ਇਸ ਲਈ ਮੈਨੂੰ ਉਹੋ ਕੁਝ ਦੇਹ ਅਤੇ ਉਹੋ ਕੁਝ ਬਣਾ ਜੋ ਤੂੰ ਮੇਰੇ ਲਈ ਚੰਗਾ ਸਮਝੇਂ ਤੇ ਜਿਵੇਂ ਤੂੰ ਮੈਨੂੰ ਬਨਾਣਾ ਚਾਹੇਂ। ਵਾਹਿਗੁਰੂ ਜੀ ਗੁਰਸਿੱਖ ਦੀਆਂ ਆਮ ਦੁਨਿਆਵੀ ਚੰਗੀਆਂ ਚੰਗੀਆਂ ਖਾਹਿਸ਼ਾਂ ਜਾਂ ਮਨੋਕਾਮਨਾ ਪੂਰੀਆਂ ਕਰਨ ਤੋਂ ਇਲਾਵਾ ਉਸ ਅੰਦਰ ਇਹ ਖਾਹਿਸ਼ ਪੈਦਾ ਕਰਦੇ ਹਨ ਕਿ ਉਸ ਨੂੰ ਆਪਣੇ ਜੀਵਨ ਦੀ ਅਸਲ ਸਚਾਈ ਦਾ ਪਤਾ ਲਗੇ। ਉਸਨੂੰ ਇਹ ਪਤਾ ਲਗੇ ਕਿ ਉਹ ਆਪ ਕੌਣ ਹੈ? ਵਾਹਿਗੁਰੂ ਜੀ ਕੌਣ ਹਨ? ਉਸਦਾ ਤੇ ਵਾਹਿਗੁਰੂ ਜੀ ਦਾ ਕੀ ਰਿਸ਼ਤਾ ਹੈ? ਉਸ ਨੇ ਸਰੀਰ ਤਿਆਗ ਕੇ ਕਿਥੇ ਜਾਣਾ ਤੇ ਕੀ ਬਣਨਾ ਹੈ? ਕੀ ਜ਼ਿੰਦਗੀ ਸਰੀਰ ਤਿਆਗਣ ਦੇ ਬਾਅਦ ਕਾਇਮ ਰਹਿੰਦੀ ਹੈ ਜਾਂ ਖਤਮ ਹੋ ਜਾਂਦੀ ਹੈ? ਆਦਿ ਆਦਿ।

ਹੁਣ ਜਦ ਗੁਰਸਿੱਖ ਨਾਮ ਜਪਦਾ ਜਪਦਾ ਵਾਹਿਗੁਰੂ ਜੀ ਨਾਲ ਜੁੜਦਾ ਹੈ ਅਤੇ ਉਥੇ ਉਕਤ ਕਿਸਮ ਦੀਆਂ ਮੰਗਾਂ ਜਾਂ ਅਰਦਾਸਾਂ ਕਰਦਾ ਹੈ ਅਤੇ ਉਹਨਾਂ ਅਰਦਾਸਾਂ ਨੂੰ ਰੋਜ਼ ਰੋਜ਼ ਦੁਹਰਾਉਂਦਾ ਹੈ, ਤਾਂ ਉਸਦੇ ਅੰਦਰੋਂ ਭਰਮ, ਮੋਹ ਅਤੇ ਭੈਅ ਦੇ ਪੜਦੇ ਦੂਰ ਹੋਣੇ ਸ਼ੁਰੂ ਹੁੰਦੇ ਹਨ ਅਤੇ ਉਹ ਆਪਣੇ ਅਸਲੀ ਮੂਲ, ਆਪਣੇ ਵਾਹਿਗੁਰੂ, ਆਪਣੇ ਸਿਰਜਣਹਾਰ ਦੇ ਪਰਤੱਖ ਦਰਸ਼ਨ ਕਰਨੇ ਸ਼ੁਰੂ ਕਰਦਾ ਹੈ। ਹੌਲੀ ਹੌਲੀ ਉਸਨੂੰ ਆਪਣਾ ਤੇ ਵਾਹਿਗੁਰੂ ਜੀ ਦੇ ਅਸਲ ਰਿਸ਼ਤੇ ਦਾ ਗਿਆਨ ਹੁੰਦਾ ਹੈ।

ਨਾਮ ਜਪਣ ਨਾਲ ਅਸੀਂ ਪਹਿਲਾਂ ਆਪਣੀਆਂ ਮਾੜੀਆਂ ਮਨ ਤਰੰਗਾਂ ਬੰਦ ਕਰਨ ਦੇ ਯੋਗ ਹੁੰਦੇ ਹਾਂ ਅਤੇ ਹੌਲੀ ਹੌਲੀ ਆਪਣੀਆਂ ਸ਼ੁਭ ਤੇ ਚੰਗੀਆਂ ਮਨ ਤਰੰਗਾਂ ਦੇ ਸੁਖ ਰੂਪੀ ਫਲ ਭੋਗ ਭੋਗ ਕੇ ਅਖੀਰ ਵਿਚ ਨਾਮ ਜਪ ਕੇ ਹਰ ਪ੍ਰਕਾਰ ਦੀਆਂ ਚੰਗੀਆਂ ਮਾੜੀਆਂ ਖਿਆਲ ਤਰੰਗਾਂ ਬੰਦ ਕਰ ਸਕਦੇ ਹਾਂ ਅਤੇ ਅਫੁਰ

ਅਵਸਥਾ ਦਾ ਅਨੰਦ ਮਾਣਦੇ ਮਾਣਦੇ ਇਕ ਦਿਨ ਆਪਣੇ ਆਪ ਨੂੰ ਪਛਾਨਣ ਲਗ ਪੈਂਦੇ ਹਾਂ। ਆਪਣੇ ਆਪ ਨੂੰ ਪਛਾਨਣ ਤੋਂ ਬਾਅਦ ਸਾਡੇ ਸੋਚਣ ਦਾ ਤਰੀਕਾ (process of thinking) ਹੋਰ ਹੋ ਜਾਂਦਾ ਹੈ। ਸਾਡੇ ਕਰਮਾਂ ਦਾ ਫਲ ਹੋਰ ਹੋ ਜਾਂਦਾ ਹੈ ਤੇ ਸਾਡੀ ਦੁਨੀਆਂ ਹੋਰ ਹੋ ਜਾਂਦੀ ਹੈ।

*ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥*

*ਅੰਗ - 44*

*ਹਰਖ ਅਨੰਤ ਸੋਗ ਨਹੀ ਬੀਆ॥*
*ਸੋ ਘਰੁ ਗੁਰਿ ਨਾਨਕ ਕਉ ਦੀਆ॥* *ਅੰਗ - 186*

ਨਾਮ ਜਪਣ ਤੋਂ ਬਗੈਰ ਸਾਡੇ ਲਈ ਹਸਦਿਆਂ, ਖੇਡਦਿਆਂ, ਖਾਂਦਿਆਂ ਤੇ ਪੀਂਦਿਆਂ ਮੁਕਤ ਹੋ ਸਕਣਾ ਅਸੰਭਵ ਹੈ। ਬਿਨਾ ਨਾਮ ਜਪੇ ਸਾਡੇ ਲਈ ਸਾਡੇ ਪਿਉ ਦਾਦੇ ਦਾ ਖਜ਼ਾਨਾ ਸਾਡੇ ਲਈ ਸਦਾ ਗੁਪਤ ਰਹੇਗਾ। ਨਾਮ ਜਪਣ ਤੋਂ ਬਗੈਰ ਸਾਡੀ ਮਾਇਆ ਦੇ ਸੁਪਨੇ ਤੋਂ ਕਦੀ ਅੱਖ ਨਹੀਂ ਖੁਲ੍ਹੇਗੀ। ਸਿੱਖ ਲਈ ਸਾਹ ਲੈਣ ਵਾਸਤੇ ਜਿਤਨੀ ਹਵਾ ਜ਼ਰੂਰੀ ਹੈ, ਉਸ ਤੋਂ ਵੀ ਵਧ ਸਦੀਵੀ ਜੀਵਨ ਜੀ ਸਕਣ ਲਈ ਜ਼ਰੂਰੀ ਅਮਲ ਨਾਮ ਜਪਣਾ ਹੈ।





# ਵਾਹਿਗੁਰੂ ਦੀ ਵਿਆਪਕਤਾ ਤੇ ਸ਼ਕਤੀਮਾਨਤਾ

ਕੋਈ ਐਸੀ ਜਗ੍ਹਾਂ ਨਹੀਂ, ਕੋਈ ਐਸੀ ਹਾਲਤ ਨਹੀਂ ਜਿਥੇ ਵਾਹਿਗੁਰੂ ਜੀ ਨਾ ਹੋਣ। ਕੋਈ ਐਸਾ ਕੰਮ ਨਹੀਂ ਜੋ ਵਾਹਿਗੁਰੂ ਜੀ ਨਾ ਕਰ ਤੇ ਕਰਾ ਸਕਣ, ਕੋਈ ਐਸੀ ਘਟਨਾ ਨਹੀਂ, ਜਿਹੜੀ ਵਾਹਿਗੁਰੂ ਜੀ ਦੇ ਕਾਬੂ ਤੋਂ ਬਾਹਰ ਹੋਵੇ।

ਇਸ ਲਈ ਨੇਫਾ ਤੇ ਲਦਾਖ ਦੀਆਂ ਸਰਹੱਦਾਂ ਤੇ ਸ੍ਰੀ ਵਾਹਿਗੁਰੂ ਜੀ ਸਭ ਪਾਸੇ ਰਵੇ ਹੋਏ ਅਤੇ ਮੌਜੂਦ ਹਨ। ਜਿਥੇ ਵਾਹਿਗੁਰੂ ਜੀ ਹੋਣ (ਅਤੇ ਕੋਈ ਐਸੀ ਥਾਂ ਕਿਆਸ ਵਿਚ ਨਹੀਂ ਆ ਸਕਦੀ, ਜਿਥੇ ਵਾਹਿਗੁਰੂ ਜੀ ਨਾ ਹੋਣ) ਉਥੇ ਵਾਹਿਗੁਰੂ ਜੀ ਆਪਣੀਆਂ ਸਭ ਖ਼ੂਬੀਆਂ, ਬਰਕਤਾਂ ਤੇ ਤਾਕਤਾਂ ਸਮੇਤ ਹੁੰਦੇ ਹਨ। ਵਾਹਿਗੁਰੂ ਜੀ ਨਾਲੋਂ ਉਹਨਾਂ ਦੀਆਂ ਤਾਕਤਾਂ-ਸ਼ਕਤੀਆਂ-ਖ਼ੂਬੀਆਂ ਤੇ ਗੁਣ ਵਖਰੀਆਂ ਨਹੀਂ ਕੀਤੀਆਂ ਜਾ ਸਕਦੀਆਂ ਜਿਵੇਂ ਅਗ ਨਾਲੋਂ ਗਰਮੀ ਤੇ ਰੌਸ਼ਨੀ ਨਿਖੇੜੀਆਂ ਨਹੀਂ ਜਾ ਸਕਦੀਆਂ।

ਵਾਹਿਗੁਰੂ ਜੀ ਤੋਂ ਪੂਰਾ ਲਾਭ ਉਹ ਉਠਾ ਸਕਦਾ ਹੈ ਜਿਹੜਾ ਵਾਹਿਗੁਰੂ ਜੀ ਦੇ ਸੁਭਾ ਤੋਂ ਵਾਕਿਫ ਹੋਵੇ ਅਤੇ ਚੰਗੀ ਤਰ੍ਹਾਂ ਜਾਣਦਾ ਹੋਵੇ ਕਿ ਵਾਹਿਗੁਰੂ ਜੀ ਸਰਬ ਵਿਆਪਕ ਹੋਣ ਕਰਕੇ, ਉਸਦੇ ਹਰ

ਵਕਤ ਅੰਗ-ਸੰਗ ਹਨ ਅਤੇ ਸਰਬ ਸ਼ਕਤੀਮਾਨ ਹੋਣ ਕਰਕੇ ਉਸ ਦੀ ਹਰ ਮੁਸ਼ਕਲ ਦੂਰ ਕਰ ਸਕਦੇ ਹਨ ਅਤੇ ਉਸ ਦੇ ਸਾਰੇ ਕੰਮ ਸੰਵਾਰ ਸਕਦੇ ਹਨ।

ਕੇਵਲ ਇਹ ਜਾਨਣਾ ਹੀ ਕਾਫੀ ਨਹੀਂ ਕਿ ਵਾਹਿਗੁਰੂ ਜੀ ਹਰ ਜਗ੍ਹਾ ਮੌਜੂਦ ਹਨ ਅਤੇ ਸਰਬ ਸ਼ਕਤੀਮਾਨ ਹਨ - ਸਗੋਂ ਵਾਹਿਗੁਰੂ ਜੀ ਦੀ ਮੌਜੂਦਗੀ ਅਤੇ ਸ਼ਕਤੀਮਾਨਤਾ ਦਾ ਲਾਭ ਉਠਾਣ ਵਾਸਤੇ ਸਾਡਾ ਤਿਆਰ ਹੋਣਾ ਅਤੇ ਨਿਰਮਾਨਤਾ ਨਾਲ ਬੇਨਤੀ ਜਾਂ ਅਰਦਾਸ ਕਰ ਸਕਣੀ (ਉਚੀ ਉਚੀ ਜਾਂ ਦਿਲ ਵਿਚ) ਬੜੇ ਜ਼ਰੂਰੀ ਹਨ। ਅਸੀਂ ਆਪਣੇ ਇਸ ਖਿਆਲ ਨੂੰ ਮਿਸਾਲ ਦੇ ਕੇ ਸਮਝਾਉਣ ਦੀ ਕੋਸ਼ਿਸ ਕਰਦੇ ਹਾਂ -

ਸੂਰਜ ਚੜ੍ਹਿਆ ਹੋਇਆ ਹੋਵੇ, ਉਸ ਦੀਆਂ ਕਿਰਨਾਂ (ਧੁਪ) ਸਭ ਨੂੰ ਨਿਘ ਤੇ ਰੌਸ਼ਨੀ ਦੇਣ ਵਾਸਤੇ ਮੌਜੂਦ ਹੋਣ - ਪਰ ਜਿਹੜਾ ਆਦਮੀ ਇਹ ਜਾਣਦਾ ਹੋਇਆ ਕਿ ਸੂਰਜ ਦੀ ਧੁਪ ਉਸ ਨੂੰ ਮਿਲ ਸਕਦੀ ਹੈ, ਫੇਰ ਵੀ ਆਪਣੇ ਘਰ ਦੇ ਬੂਹੇ ਬਾਰੀਆਂ ਬੰਦ ਕਰ ਛਡੇ ਅਤੇ ਆਪ ਬੂਹੇ ਮਾਰ ਕੇ ਘਰ ਅੰਦਰ ਵੜਿਆ ਰਹੇ, ਉਹ ਸੂਰਜ ਦੀ ਧੁਪ ਤੋਂ ਇਸ ਲਈ ਲਾਭ ਨਹੀਂ ਉਠਾ ਸਕੇਗਾ ਕਿਉਂਕਿ ਉਹ ਲਾਭ ਉਠਾਣਾ ਚਾਹੁੰਦਾ ਹੀ ਨਹੀਂ।

ਏਸੇ ਤਰ੍ਹਾਂ ਹਰ ਸਮੇਂ ਅਤੇ ਹਰ ਜਗ੍ਹਾ ਵਾਹਿਗੁਰੂ ਜੀ ਦੀ ਮੌਜੂਦਗੀ ਤੋਂ ਫਾਇਦਾ ਉਠਾਇਆ ਜਾ ਸਕਦਾ ਹੈ ਜੇਕਰ ਫਾਇਦਾ ਉਠਾਉਣ ਦੀ ਸਾਡੀ ਚਾਹਨਾ ਜਾਂ ਮਰਜ਼ੀ ਹੋਵੇ।

ਕਾਂਗੋ, ਨੇਫਾ ਜਾਂ ਲਦਾਖ ਵਿਖੇ ਜਾਂ ਕਿਸੇ ਹੋਰ ਐਸੀ ਸਰਹੱਦ ਜਾਂ ਅਸਥਾਨ ਉਤੇ ਜਿਥੇ ਸਾਡੇ ਫੌਜੀ ਭਰਾ ਆਪਣੇ ਫਰਜ਼ ਜਾਂ ਦੇਸ਼ ਰਖਿਆ ਵਾਸਤੇ ਗਏ ਹਨ, ਉਹ ਵੀ ਵਾਹਿਗੁਰੂ ਜੀ ਦੀ ਸਰਬ ਵਿਆਪਕਤਾ ਅਤੇ ਸਰਬ ਸ਼ਕਤੀਮਾਨਤਾ ਤੋਂ ਪੂਰਾ ਲਾਭ ਉਠਾ





ਸਕਦੇ ਹਨ ਪਰ ਜੇਕਰ ਉਹਨਾਂ ਦੀ ਲਾਭ ਉਠਾਣ ਦੀ ਮਰਜ਼ੀ ਹੋਵੇ।

ਜਿਹੜਾ ਮਿੱਤਰ ਵਾਹਿਗੁਰੂ ਜੀ ਦੀ ਮੌਜੂਦਗੀ ਦਾ ਪੂਰਾ ਲਾਭ ਉਠਾਣਾ ਚਾਹੇ, ਉਸਨੂੰ ਸਭ ਤੋਂ ਪਹਿਲੇ ਇਸ ਸਚਾਈ ਦਾ ਗਿਆਨ ਹੋਣਾ ਜ਼ਰੂਰੀ ਹੈ ਕਿ ਉਹ ਜਿਥੇ ਵੀ ਹੋਵੇ ਅਤੇ ਜਿਸ ਹਾਲਤ ਵਿਚ ਹੋਵੇ, ਵਾਹਿਗੁਰੂ ਜੀ ਉਸਦੇ ਅੰਗ ਸੰਗ ਹੋਣ। ਐਸੇ ਮਿੱਤਰ ਨੂੰ ਸਦਾ ਗੁਰਬਾਣੀ ਦੇ ਇਹ ਮਹਾਂਵਾਕ ਯਾਦ ਹੋਣੇ ਅਤੇ ਹਰ ਵੇਲੇ ਪੜ੍ਹਦੇ ਰਹਿਣਾ ਚਾਹੀਦਾ ਹੈ -

*ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥*
*ਅੰਗ - 438*

*ਜਹ ਜਹ ਮਨ ਤੂੰ ਧਾਵਦਾ ਤਹ ਤਹ ਹਰਿ ਤੇਰੈ ਨਾਲੇ ॥*
*ਅੰਗ - 440*

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥* *ਅੰਗ - 394*

ਜਿਹੜਾ ਮਿਤਰ ਵਾਹਿਗੁਰੂ ਜੀ ਨੂੰ ਆਪਣੇ ਨਾਲ ਸਮਝਦਾ ਹੋਵੇ ਅਤੇ ਵਾਹਿਗੁਰੂ ਜੀ ਦੀ ਸ਼ਰਨ ਪਕੜੇ ਅਤੇ ਚਾਹੇ ਕਿ ਵਾਹਿਗੁਰੂ ਜੀ ਉਸ ਦੀ ਸਹਾਇਤਾ ਕਰਨ - ਉਸ ਦੀ ਵਾਹਿਗੁਰੂ ਜੀ ਜ਼ਰੂਰ ਸਹਾਇਤਾ ਕਰਨਗੇ, ਕਿਉਂਕਿ ਵਾਹਿਗੁਰੂ ਜੀ ਸਮਰਥ ਤੇ ਸਰਬ ਸ਼ਕਤੀਮਾਨ ਹਨ ਅਤੇ ਵਾਹਿਗੁਰੂ ਜੀ ਨੂੰ 'ਨਾਂਹ' ਕਰਨੀ ਨਹੀਂ ਆਉਂਦੀ। ਜਿਵੇਂ ਸੂਰਜ ਨੂੰ 'ਨਾਂਹ' ਕਰਨੀ ਨਹੀਂ ਆਉਂਦੀ ਅਤੇ ਜਿਹੜਾ ਚਾਹੇ ਧੁਪ ਸੇਕ ਸਕਦਾ ਹੈ, ਉਸੇ ਤਰ੍ਹਾਂ ਜਿਹੜਾ ਸਚੇ ਦਿਲੋਂ ਵਾਹਿਗੁਰੂ ਜੀ ਦੀ ਸ਼ਰਨ ਜਾਂ ਆਸਰਾ ਪਕੜੇ, ਉਹ ਸਦਾ ਦਿਆਲੂ ਵਾਹਿਗੁਰੂ ਜੀ ਤੋਂ ਸਹਾਇਤਾ ਪ੍ਰਾਪਤ ਕਰ ਸਕਦਾ ਹੈ।

ਯੁੱਧ ਦੇ ਸਮੇਂ ਵਾਹਿਗੁਰੂ ਜੀ ਦੀ ਸਹਾਇਤਾ ਤਿੰਨ ਪ੍ਰਕਾਰ ਦੀ ਹੋ ਸਕਦੀ ਹੈ ਅਤੇ ਜੋ ਜਿਸ ਤਰ੍ਹਾਂ ਦੀ ਸਹਾਇਤਾ ਦ੍ਰਿੜ ਇਰਾਦੇ ਅਤੇ ਸਚੇ ਦਿਲ ਨਾਲ ਚਾਹੇ, ਉਹ ਉਹੋ ਜਿਹੀ ਸਹਾਇਤਾ

ਵਾਹਿਗੁਰੂ ਜੀ ਤੋਂ ਪ੍ਰਾਪਤ ਕਰੇਗਾ।

ਜਿਹੜਾ ਮਿਤਰ ਚਾਹੇ ਕਿ ਯੁੱਧ ਵਿਚ ਸੂਰਮਗਤੀ ਜਾਂ ਬਹਾਦਰਾਂ ਦੀ ਮੌਤ ਪ੍ਰਾਪਤ ਹੋਵੇ ਅਤੇ 'ਪੁਰਜਾ ਪੁਰਜਾ ਕਟ ਮਰੇ ਕਬਹੂ ਨ ਛਾਡੈ ਖੇਤ' ਕਬੀਰ ਜੀ ਦੇ ਮਹਾਂਵਾਕ ਅਨੁਸਾਰ ਰਣਭੂਮੀ ਵਿਚ ਸ਼ਹੀਦੀ ਪਰਾਪਤ ਕਰੇ, ਵਾਹਿਗੁਰੂ ਜੀ ਉਸ ਨੂੰ ਬਹੁਤ ਵਡਾ ਹੌਂਸਲਾ ਅਤੇ ਕਮਾਲ ਦਾ ਫੌਲਾਦੀ ਦਿਲ ਬਖਸ਼ਦੇ ਹਨ ਅਤੇ ਉਹ ਹਸਦਾ ਹਸਦਾ ਦੁਸ਼ਮਣਾਂ ਨਾਲ ਜੂਝਦਾ ਹੋਇਆ ਅਤੇ ਆਪਣੇ ਨਾਲ ਦੇ ਜਵਾਨਾਂ ਦੇ ਹੌਂਸਲੇ ਵਧਾਂਦਾ ਹੋਇਆ ਸ਼ਹੀਦੀ ਪ੍ਰਾਪਤ ਕਰੇਗਾ।

ਯਾਦ ਰਹੇ ਕਿ ਮੌਤ ਤਦ ਹੀ ਭਿਆਨਕ ਮਲੂਮ ਹੁੰਦੀ ਹੈ, ਜਦ ਤਕ ਇਸ ਤੋਂ ਡਰਦੇ ਰਹੀਏ। ਜਦ ਵਾਹਿਗੁਰੂ ਜੀ ਨੂੰ ਅੰਗ-ਸੰਗ ਸਮਝੀਏ ਅਤੇ ਮੌਤ ਦੇ ਟਾਕਰੇ ਜਾਂ ਮੁਕਾਬਲੇ ਤੇ ਨਿਧੜਕ ਹੋ ਕੇ ਖਲੋ ਜਾਈਏ ਤਾਂ ਇਹ ਬਦੀ ਦੀਆਂ ਹੋਰ ਬਾਕੀ ਸ਼ਕਲਾਂ (ਦੁਖ, ਪਾਪ ਤੇ ਬੀਮਾਰੀ) ਵਾਂਗ ਬਿਲਕੁਲ ਥੋਥੀ ਤੇ ਬੇਜਾਨ ਬਣ ਜਾਂਦੀ ਹੈ। ਸ਼ਹੀਦ ਭੈ-ਰਹਿਤ ਹੋ ਕੇ ਸਰੀਰ ਤਿਆਗਦਾ ਹੈ ਅਤੇ ਮੌਤ ਦੀ ਅਸਲੀ ਹਾਲਤ ਵਿਚ, ਜੋ ਕਿ ਬੜੀ ਸ਼ਾਂਤ, ਸਹਿਜ ਵਾਲੀ ਤੇ ਪੀੜ-ਰਹਿਤ ਹੈ, ਅਡੋਲ ਲੰਘ ਜਾਂਦਾ ਹੈ।

ਜਦ ਪਿਛਲੇ ਦੂਸਰੇ ਸੰਸਾਰ ਯੁਧ ਸਮੇਂ ਇੰਗਲੈਂਡ ਵਿਚ ਰਣ-ਭੂਮੀ ਵਿਚ ਸ਼ਹੀਦ ਹੋਏ ਜਵਾਨਾਂ ਦੀਆਂ ਰੂਹਾਂ ਨਾਲ ਇੰਗਲੈਂਡ ਦੇ ਆਤਮਕ ਇਲਮ ਦੇ ਮਾਹਿਰਾਂ ਨੇ ਗਲਾਂ ਕੀਤੀਆਂ ਤਾਂ ਉਹਨਾਂ ਰੂਹਾਂ ਨੇ ਬਾਰ ਬਾਰ ਦਸਿਆ ਕਿ ਉਹ ਤਾਂ ਮਹਾਨ ਸੁਭਾਗੇ ਹਨ ਅਤੇ ਬੜੇ ਆਰਾਮ ਤੇ ਅਨੰਦ ਵਿਚ ਹਨ। We are the luckiest one and all right. ਉਹਨਾਂ ਰੂਹਾਂ ਨੇ ਜਵਾਬ ਦਿਤਾ।





ਜਿਹੜਾ ਮਿਤਰ ਸ਼ਹੀਦੀ ਦੀ ਉਚੀ ਤੇ ਸ਼ਾਨਦਾਰ ਪਦਵੀ ਅਜੇ ਪਰਾਪਤ ਨਾ ਕਰਨਾ ਚਾਹੇ ਅਤੇ ਵਾਹਿਗੁਰੂ ਜੀ ਤੇ ਭਰੋਸਾ ਰਖ ਕੇ ਵਾਹਿਗੁਰੂ ਜੀ ਦੀ ਸ਼ਰਨ ਆਵੇ ਅਤੇ ਆਪਣੀ ਰਖਿਆ ਵਾਸਤੇ ਦਿਲ ਥੀਂ ਅਰਦਾਸ ਕਰੇ, ਉਸ ਦੀ ਵਾਹਿਗੁਰੂ ਜੀ ਜ਼ਰੂਰ ਰਖਿਆ ਕਰਦੇ ਹਨ। ਜਿਹਨਾਂ ਦਾ ਵਿਸ਼ਵਾਸ ਤਾਂ ਹੋਵੇ, ਪਰ ਪੂਰਨ ਤੇ ਪੱਕਾ ਨਾ ਹੋਵੇ, ਉਹ ਜ਼ਖਮੀ ਹੋ ਕੇ ਡਾਕਟਰਾਂ ਤੇ ਹਸਪਤਾਲਾਂ ਰਾਹੀਂ ਬਚ ਜਾਂਦੇ ਹਨ।

ਪਿਛਲੀ ਦੂਸਰੀ ਸੰਸਾਰ ਜੰਗ ਵੇਲੇ ਬਰਮ੍ਹਾ ਦੀ ਸਰਹਦ ਉਤੇ ਇਕ ਫੌਜੀ ਅਫਸਰ ਨੇ ਕਲਕੱਤੇ ਪਹੁੰਚ ਕੇ ਦਸਿਆ ਕਿ ਜਦ ਉਹ ਰਣ-ਭੂਮੀ ਵਿਚ ਲੜਦਾ ਜ਼ਖਮੀ ਹੋਇਆ ਤਾਂ ਉਹ ਗੁਰਬਾਣੀ ਦਾ ਪਾਠ ਕਰਨ ਲਗ ਪਿਆ। ਪਾਠ ਕਰਦਿਆਂ ਕਰਦਿਆਂ ਉਹ ਬੇਹੋਸ਼ ਹੋ ਗਿਆ। ਜਦ ਉਸ ਨੂੰ ਹੋਸ਼ ਆਈ ਤਾਂ ਉਸ ਵੇਲੇ ਇਕ ਹਸਪਤਾਲ ਵਿਚ ਸੀ ਜਿਥੇ ਡਾਕਟਰ ਤੇ ਨਰਸਾਂ ਉਸਦੇ ਜ਼ਖਮਾਂ ਦਾ ਬੜੀ ਹਮਦਰਦੀ ਨਾਲ ਮਲ੍ਹਮ ਪੱਟੀ ਕਰ ਰਹੇ ਸਨ।

ਪਰ ਜਿਹੜੇ ਮਿਤਰਾਂ ਦਾ ਵਾਹਿਗੁਰੂ ਜੀ ਤੇ ਪੂਰਨ ਤੇ ਪੱਕਾ ਵਿਸ਼ਵਾਸ ਹੋਵੇ ਅਤੇ ਅਜੇ ਸ਼ਹੀਦੀ ਦੀ ਮਹਾਨ ਉਚੀ ਤੇ ਪਵਿਤਰ ਪਦਵੀ ਪਰਾਪਤ ਨਾ ਕਰਨਾ ਚਾਹੁਣ - ਉਹਨਾਂ ਦੀ ਵਾਹਿਗੁਰੂ ਜੀ ਵਲੋਂ ਐਸੀ ਰਖਿਆ ਹੁੰਦੀ ਹੈ ਕਿ ਉਹ ਲੜਾਈਆਂ ਵਿਚ ਖੂਬ ਹਿੱਸਾ ਲੈਂਦੇ ਹੋਏ ਵੀ ਬਿਲਕੁਲ ਸਹੀ ਸਲਾਮਤ ਵਾਪਸ ਆ ਜਾਂਦੇ ਹਨ।

ਪਹਿਲੇ ਸੰਸਾਰ ਜੰਗ ਵਿਚ ਰਹਿ ਕੇ ਆਏ ਇਕ ਰਸਾਲਦਾਰ ਸਾਹਿਬ ਨੇ ਦਸਿਆ ਕਿ ਉਹਨਾਂ ਦਾ ਰਸਾਲਾ ਫਰਾਂਸ ਵਿਚ ਰਿਹਾ ਅਤੇ ਕਈ ਵਾਰੀ ਉਹਨਾਂ ਨੇ (cavalary attacks) ਰਸਾਲੇ ਦੇ ਹਮਲਿਆਂ ਵਿਚ ਹਿਸਾ ਲੀਤਾ ਪਰ ਸਤਿਗੁਰ ਜੀ ਨੇ ਉਹਨਾਂ ਨੂੰ

ਸਦਾ ਸਹੀ ਸਲਾਮਤ ਰਖਿਆ ਅਤੇ ਉਹ ਕਈ ਸਾਲ ਯੁਧ ਵਿਚ ਰਹਿਣ ਮਗਰੋਂ ਰਾਜ਼ੀ ਖ਼ੁਸ਼ੀ ਘਰ ਆਏ।

ਇਸ ਰਸਾਲਦਾਰ ਦੀ ਮਾਤਾ ਬੜੇ ਸਿਦਕ ਭਰੋਸੇ ਵਾਲੀ ਗੁਰਮੁਖ ਬੀਬੀ ਸੀ ਅਤੇ ਜਿਤਨੇ ਸਾਲ ਰਸਾਲਦਾਰ ਸਾਹਿਬ ਯੁਧਾਂ ਵਿਚ ਭਾਰਤ ਤੋਂ ਬਾਹਰ ਰਹੇ ਉਤਨੇ ਸਾਲ ਹੀ ਉਹ ਬੀਬੀ ਜੀ ਆਪਣੇ ਪੁੱਤਰ ਦੇ ਸਲਾਮਤ ਘਰ ਵਾਪਸ ਆਉਣ ਦੀਆਂ ਅਰਦਾਸਾਂ ਕਰਦੇ ਅਤੇ ਸਾਰਾ ਸਾਰਾ ਦਿਨ ਗੁਰਬਾਣੀ ਤੇ ਨਾਮ ਜਾਪ ਵਿਚ ਗੁਜ਼ਾਰਦੇ ਹੁੰਦੇ ਸੀ।

ਉਕਤ ਰਸਾਲਦਾਰ ਜੀ ਨੇ ਇਹ ਵੀ ਦਸਿਆ ਕਿ ਉਹਨਾਂ ਫਰਾਂਸ ਵਿਚ ਰਹਿੰਦੇ ਹੋਏ ਵੀ ਕਦੀ ਸ਼ਰਾਬ ਨਹੀਂ ਸੀ ਪੀਤੀ ਅਤੇ ਯੁੱਧ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੇ ਇਸ ਮਹਾਂਵਾਕ ਦਾ ਸ਼ਰਧਾ ਭਰੋਸੇ ਨਾਲ ਪਾਠ ਕਰਿਆ ਕਰਦੇ ਸੀ -

*ਸੱਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ।*

*ਡਖਣੇ ਮਹਲਾ ੫*
*ਡੂੰਗਰਿ ਜਲਾ ਥਲਾ ਭੂਮਿ ਬਨਾ ਫਲ ਕੰਦਰਾ॥*
*ਪਾਤਾਲਾ ਆਕਾਸ ਪੂਰਨੁ ਹਭ ਘਟਾ॥*
*ਨਾਨਕ ਪੇਖਿ ਜੀਓ ਇਕਤੁ ਸੂਤਿ ਪਰੋਤੀਆ॥* *ਅੰਗ - 1101*

*ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥*
*ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥*
*ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ॥*
*ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ॥*
*ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ॥*
*ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸ ਸਉਦੇ ਲਾਇਕ॥*
*ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ॥*
*ਮੈ ਨਾਲਹੁ ਕਦੇ ਨਾ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ॥*
*ਅੰਗ - 1101*





# ਮਨ ਤੇ ਜਗਤ ਰਚਨਾ

ਜਗਤ ਰਚਨਾ ਮਨ ਤੋਂ ਉਪਜਦੀ ਹੈ, ਮਨ ਦੇ ਕਾਇਮ ਰਹਿਣ ਨਾਲ, ਕਾਇਮ ਰਹਿੰਦੀ ਹੈ ਅਤੇ ਮਨ ਦੇ ਬਿਨਸਨ ਨਾਲ ਬਿਨਸ ਜਾਂਦੀ ਹੈ। ਗੁਰੂ ਨਾਨਕ ਸਾਹਿਬ ਤੋਂ ਜਦ ਸਿਧਾਂ ਨੇ ਪੁਛਿਆ ਕਿ ਜਗਤ ਕਿਥੋਂ ਉਪਜਦਾ ਹੈ ਅਤੇ ਕਿਸ ਤਰ੍ਹਾਂ ਕਾਇਣ ਰਹਿੰਦਾ ਅਤੇ ਕਿਥੇ ਸਮਾ ਜਾਂਦਾ ਹੈ? ਤਾਂ ਗੁਰੂ ਜੀ ਨੇ ਸਿਧਾਂ ਨੂੰ ਦਸਿਆ ਸੀ ਕਿ ਜਗਤ ਰਚਨਾ 'ਮਨ ਤੇ ਉਪਜੈ ਮਨ ਮਾਹਿ ਸਮਾਇ॥' (ਅੰਗ - 152)

ਜਗਤ ਦਾ ਮਨ ਤੋਂ ਪੈਦਾ ਹੋਣਾ ਬੜੀ ਵਡੀ ਹਕੀਕਤ ਜਾਂ ਸਚਾਈ ਹੈ। ਜਗਤ ਰਚਨਾ ਸੰਬੰਧੀ ਕਿਹਾ ਗਿਆ ਹੈ ਕਿ ਮਨ ਜਦੋਂ ਫੁਰਨਾ ਬਣ ਕੇ ਦੇਸ਼ ਕਾਲ ਵਿਚੋਂ ਗੁਜ਼ਰਦਾ ਹੈ, ਤਾਂ ਜਗਤ ਰਚਨਾ ਦਿਸਣ ਲਗ ਜਾਂਦੀ ਹੈ। Creation is mind expanded in space and time.

ਜਿਥੇ, ਜਦੋਂ ਤਕ ਮਨ ਹੈ, ਉਥੇ ਉਦੋਂ ਤਕ ਰਚਨਾ ਹੈ। ਜਿਥੇ ਮਨ ਨਹੀਂ, ਉਥੇ ਜਗਤ ਰਚਨਾ ਵੀ ਨਹੀਂ। ਜਦ ਰਾਤ ਨੂੰ ਘੂਕ ਨੀਂਦਰ ਦੀ ਅਵਸਥਾ ਵਿਚ ਮਨ ਆਤਮਾ ਵਿਚ ਲੀਨ ਹੋ ਜਾਂਦਾ ਹੈ ਤਾਂ ਮਨ ਦੇ ਨਾਲ ਸਾਰੀ ਜਗਤ ਰਚਨਾ ਵੀ ਅਲੋਪ ਹੋ ਜਾਂਦੀ

ਹੈ। ਰਾਤ ਨੂੰ ਸਾਡਾ ਸਰੀਰ ਤਾਂ ਮੰਜੇ ਤੇ ਲੇਟਿਆ ਹੋਇਆ ਹੁੰਦਾ ਹੈ, ਪਰ ਜਿਤਨਾ ਚਿਰ ਮਨ ਪੂਰੇ ਤੌਰ ਤੇ ਆਤਮਾ ਵਿਚ ਲੀਨ ਨਾ ਹੋਵੇ, ਸਾਨੂੰ ਸੁਫਨਿਆਂ ਅੰਦਰ ਜਗਤ ਰਚਨਾ ਭਾਸਦੀ ਰਹਿੰਦੀ ਹੈ, ਪਰ ਜਦ ਮਨ ਪੂਰੇ ਤੌਰ ਤੇ ਆਤਮਾ ਵਿਚ ਲੀਨ ਹੁੰਦਾ ਹੈ, ਤਾਂ ਮਨ ਦੇ ਨਾਲ ਸਾਰੀ ਜਗਤ ਰਚਨਾ ਵੀ ਅਲੋਪ ਹੋ ਜਾਂਦੀ ਹੈ। ਏਸੇ ਤਰ੍ਹਾਂ ਹਸਪਤਾਲਾਂ ਵਿਚ ਕਲੋਰੋਫਾਰਮ ਦੇ ਅਸਰ ਹੇਠ ਜਦ ਮਨ ਨੂੰ ਬੇਹੋਸ਼ ਕੀਤਾ ਜਾਂਦਾ ਹੈ ਤਾਂ ਭਾਵੇਂ ਸਰੀਰ ਕਾਇਮ ਹੁੰਦਾ ਹੈ, ਲੇਕਿਨ ਕੇਵਲ ਮਨ ਦੇ ਬੇਹੋਸ਼ ਹੋਣ ਨਾਲ, ਜਗਤ ਦੀ ਸਾਰੀ ਰਚਨਾ ਵੀ ਅਲੋਪ ਹੋ ਜਾਂਦੀ ਹੈ। ਜਦ ਮਨ ਫਿਰ ਹੋਸ਼ ਵਿਚ ਆਵੇ, ਤਾਂ ਫਿਰ ਜਗਤ ਰਚਨਾ ਦਾ ਤਮਾਸ਼ਾ ਸਾਨੂੰ ਦਿਸਣ ਲਗ ਜਾਂਦਾ ਹੈ। ਕਲੋਰੋਫਾਰਮ ਦੇ ਅਸਰ ਹੇਠਾਂ ਜਦ ਮਨ ਪੂਰਾ ਬੇਹੋਸ਼ ਹੋ ਜਾਵੇ, ਤਾਂ ਸਰੀਰ ਨੂੰ ਕੱਟਣ ਵੱਢਣ ਨਾਲ, ਕਿਸੇ ਨੂੰ ਕੋਈ ਪੀੜ ਨਹੀਂ ਹੁੰਦੀ, ਇਸ ਕਰਕੇ ਇਹ ਸਿਧ ਹੁੰਦਾ ਹੈ ਕਿ ਜਦ ਮਨ ਦੇ ਬੇਹੋਸ਼ ਹੋਣ ਨਾਲ, ਜਗਤ ਰਚਨਾ ਵੀ ਅਲੋਪ ਹੋ ਜਾਂਦੀ ਹੈ ਅਤੇ ਸਭ ਮਹਿਸੂਸ ਸ਼ਕਤੀ ਵੀ ਅਲੋਪ ਹੋ ਜਾਂਦੀ ਹੈ ਤਾਂ ਫਿਰ ਜਗਤ ਰਚਨਾ ਅਤੇ ਇਸ ਨੂੰ ਵੇਖਣ ਅਤੇ ਮਾਨਣ ਦੀ ਸਾਰੀ ਘਟਨਾ ਕੇਵਲ ਮਨ ਕਰਕੇ ਹੀ ਹੈ। ਜਦ ਤਕ ਮਨ ਸਾਵਧਾਨ ਰਹੇ, ਜਗਤ ਰਚਨਾ ਵੀ ਕਾਇਮ ਰਹਿੰਦੀ ਹੈ ਅਤੇ ਮਨ ਦੇ ਬੇਹੋਸ਼ ਹੋਣ ਨਾਲ ਜਗਤ ਰਚਨਾ ਅਤੇ ਇਸ ਵਿਚ ਵਿਚਰਨ ਤੇ ਇਸ ਨੂੰ ਮਾਨਣ ਦੀ ਸਭ ਸ਼ਕਤੀ ਅਲੋਪ ਹੋ ਜਾਂਦੀ ਹੈ।

ਜਗਤ ਰਚਨਾ ਮਨ ਤੋਂ ਉਪਜਣ ਕਰਕੇ ਜ਼ਰੂਰੀ ਹੈ ਕਿ ਮਨ ਵਰਗੀ ਸੂਖਸ਼ਮ ਹੋਵੇ - ਮਨ ਵਿਚ ਮੈਟਰ ਨਹੀਂ - ਨਿਗਰਤਾ ਨਹੀਂ, ਠੋਸਪਨ ਨਹੀਂ, ਇਸ ਕਰਕੇ ਮਨ ਤੋਂ ਉਪਜਣ ਵਾਲੇ ਜਗਤ





ਵਿਚ ਵੀ ਇਹ ਕੁਝ ਨਹੀਂ ਹੋ ਸਕਦਾ। ਮਨ ਤੋਂ ਜੋ ਕੁਝ ਵੀ ਉਪਜ ਸਕਦਾ ਹੈ ਉਹ ਮੈਂਟਲ ਜਾਂ ਖਿਆਲੀ ਹੀ ਹੋ ਸਕਦਾ। ਇਸੇ ਕਰਕੇ ਗੁਰਬਾਣੀ ਵਿਚ ਅਤੇ ਹੋਰ ਬਹੁਤ ਧਰਮ - ਸ਼ਾਸਤਰਾਂ ਵਿਚ ਜਗਤ ਰਚਨਾ ਨੂੰ ਸੁਪਨਾ ਮੰਨਿਆ ਗਿਆ ਹੈ।

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥* *ਅੰਗ - 808*

# ਮਹਾਨ ਸ਼ਕਤੀ

ਵਾਹਿਗੁਰੂ ਜੀ ਦੀ ਮਹਾਨ ਸ਼ਕਤੀ ਵਾਹਿਗੁਰੂ ਜੀ ਦੇ ਪਿਆਰਿਆਂ ਦਾ ਸਦੀਵੀ ਆਧਾਰ ਬਣ ਜਾਂਦੀ ਹੈ। ਨਾ ਇਹ ਸ਼ਕਤੀ ਕਦੀ ਥਕਦੀ ਹੈ ਅਤੇ ਨਾ ਹੀ ਕਦੀ ਮੁਕਦੀ ਹੈ, ਇਸ ਲਈ ਇਸ ਸ਼ਕਤੀ ਉਤੇ ਭਰੋਸਾ ਰਖਣ ਵਾਲਾ ਕਦੀ ਨਿਰਾਸ ਨਹੀਂ ਹੁੰਦਾ।

ਇਹੋ ਸ਼ਕਤੀ ਖੰਡਾਂ ਬ੍ਰਹਿਮੰਡਾਂ ਨੂੰ ਅਡੋਲ ਚਲਾਂਦੀ ਹੈ, ਸਾਡੀ ਧਰਤੀ ਨੂੰ ਆਪਣੀ ਥਾਂ ਤੇ ਕਾਇਮ ਰਖਦੀ ਹੈ, ਹਵਾਵਾਂ ਤੇ ਬੱਦਲਾਂ ਨੂੰ ਕਾਬੂ ਵਿਚ ਰਖਦੀ ਹੈ ਅਤੇ ਇਹੋ ਸ਼ਕਤੀ ਇਨਸਾਨ ਤੋਂ ਹਰ ਪਰਕਾਰ ਕਰਮ ਕਰਵਾਂਦੀ, ਹਰ ਪਰਕਾਰ ਦੀ ਉਸ ਨੂੰ ਸੂਝ ਬੂਝ ਬਖਸ਼ਦੀ ਹੈ।

ਇਹ ਸ਼ਕਤੀ ਵਾਹਿਗੁਰੂ ਜੀ ਤੋਂ ਉਪਜਦੀ ਅਤੇ ਵਾਹਿਗੁਰੂ ਜੀ ਕੇ ਕਾਨੂੰਨ ਜਾਂ ਹੁਕਮ ਦੇ ਅਧੀਨ ਜਾਂ ਵਾਹਿਗੁਰੂ ਜੀ ਦੇ ਭੈ ਵਿਚ ਰਹਿ ਕੇ ਸਦਾ ਕੰਮ ਕਰਦੀ ਹੈ। ਇਸ ਮਹਾਨ ਸ਼ਕਤੀ ਦੇ ਅਧੀਨ ਸਾਰੀ ਰਚਨਾ ਦਾ ਪ੍ਰਬੰਧ ਕਾਇਮ ਹੈ।

*ਭੈ ਵਿਚਿ ਪਵਣੁ ਵਹੈ ਸਦ ਵਾਉ॥*
*ਭੈ ਵਿਚਿ ਚਲਹਿ ਲਖ ਦਰੀਆਉ॥*
*ਭੈ ਵਿਚਿ ਅਗਨਿ ਕਢੈ ਵੇਗਾਰਿ॥*





*ਭੈ ਵਿਚਿ ਧਰਤੀ ਦਬੀ ਭਾਰਿ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥*
*ਭੈ ਵਿਚਿ ਰਾਜਾ ਧਰਮ ਦੁਆਰੁ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥*
*ਕੋਹ ਕਰੋੜੀ ਚਲਤ ਨ ਅੰਤੁ॥*
*ਭੈ ਵਿਚਿ ਸਿਧ ਬੁਧ ਸੁਰ ਨਾਥ॥*
*ਭੈ ਵਿਚਿ ਆਡਾਣੇ ਆਕਾਸ॥*
*ਭੈ ਵਿਚਿ ਜੋਧ ਮਹਾਬਲ ਸੂਰ॥*
*ਭੈ ਵਿਚਿ ਆਵਹਿ ਜਾਵਹਿ ਪੂਰ॥* ਅੰਗ - 464

ਇਹ ਸ਼ਕਤੀ ਮਾਦੀ ਨਹੀਂ ਬਲਕਿ ਆਤਮਕ ਹੁੰਦੀ ਹੈ। ਸਤਿਚਿਤ ਅਨੰਦ ਵਾਹਿਗੁਰੂ ਜੀ ਦੇ ਚਿਤ ਤੋਂ ਇਹ ਸ਼ਕਤੀ ਉਪਜਦੀ ਹੈ ਅਤੇ ਉਸਦੀ ਤਾਬਿਆ ਵਿਚ ਰਹਿ ਕੇ ਜਗਤ ਰਚਨਾ ਦੇ ਸਾਰੇ ਕੰਮ ਸੰਵਾਰਦੀ ਹੈ।

*ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ॥*
*ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ॥*ਅੰਗ - 472

ਇਨਸਾਨੀ ਦਿਮਾਗ ਦੇ ਪਿਛੇ ਇਹੋ ਆਤਮਕ ਸ਼ਕੀਤ ਬਗੈਰ ਕੋਸ਼ਿਸ਼ ਦੇ ਖੁਦ-ਬਖੁਦ ਕੰਮ ਕਰਦੀ ਹੈ, ਕਿਉਂਕਿ ਵਾਹਿਗੁਰੂ ਜੀ ਦਾ ਚਿਤ ਸਦੀਵੀ, ਅਕਾਲ ਅਤੇ ਅਮੁਕ ਹੈ। ਇਨਸਾਨ ਦੇ ਦਿਮਾਗ ਦਾ ਸੋਮਾ, ਇਹ ਸ਼ਕਤੀ ਵੀ ਸਦੀਵੀ ਅਤੇ ਅਮੁਕ ਹੈ। ਇਨਸਾਨ ਵਾਹਿਗੁਰੂ ਜੀ ਦੀ ਆਪਣੀ ਨਿਜੀ ਘਾੜਤ ਹੈ, ਜਿਸ ਵਿਚ ਵਾਹਿਗੁਰੂ ਜੀ ਦੀਆਂ ਸਿਫਤਾਂ ਤੇ ਖੂਬੀਆਂ ਚਮਕਦੀਆਂ ਰਹਿੰਦੀਆਂ ਹਨ। ਇਨਸਾਨ ਦੇ ਦਿਮਾਗ ਤੋਂ ਜੋ ਕੁਝ ਪੈਦਾ ਹੁੰਦਾ ਹੈ, ਉਸ ਦਾ ਸੋਮਾ ਵਾਹਿਗੁਰੂ ਜੀ ਦਾ ਚਿਤ ਹੈ। ਇਸ ਲਈ ਗਿਆਨ ਵਾਲੇ ਇਨਸਾਨ ਦਾ ਦਿਮਾਗ, ਇਸ ਅਟੱਲ ਸ਼ਕਤੀ ਨਾਲ ਜੁੜਿਆ ਹੋਣ ਕਰਕੇ ਅਥੱਕ ਤੇ ਅਮੁਕ ਹੈ, ਇਸ ਨੂੰ ਕਦੀ ਥਕੇਵਾਂ ਨਹੀਂ ਆ ਸਕਦਾ।

ਇਨਸਾਨੀ ਥਿਊਰੀ ਅਨੁਸਾਰ, ਆਦਮੀ ਦੀ ਸ਼ਕਤੀ, ਉਸ ਦੇ ਜਿਸਮ ਦੀ ਹਾਲਤ ਉਤੇ ਨਿਰਭਰ ਹੁੰਦੀ ਹੈ। ਲਿਸੇ ਅਤੇ ਪਤਲੇ ਜਿਸਮ ਵਿਚ ਘਟ ਸ਼ਕਤੀ ਅਤੇ ਮੋਟੇ ਜਿਸਮ ਵਿਚ ਵਧੇਰੇ ਸ਼ਕਤੀ ਮੰਨੀ ਜਾਂਦੀ ਹੈ, ਪਰ ਅਸਲ ਇਨਸਾਨ ਹੱਡ-ਚੰਮ ਦੇ ਥੈਲੇ ਦਾ ਨਾਮ ਨਹੀਂ, ਅਸਲ ਇਨਸਾਨ ਮਾਦੇ ਦਾ ਢਾਂਚਾ ਨਹੀਂ, ਅਸਲ ਇਨਸਾਨ ਸਰੀਰ ਵਿਚ ਰਹਿਣ ਵਾਲੀ ਆਤਮਾ ਹੁੰਦਾ ਹੈ ਜੋ ਕਿ ਵਾਹਿਗੁਰੂ ਜੀ ਦੀ ਜੋਤ ਹੁੰਦੀ ਹੈ ਅਤੇ ਮਾਦੇ ਤੋਂ ਵਖਰੀ ਤੇ ਉਪਰ ਹੁੰਦੀ ਹੈ। ਇਹ ਜੋਤ ਸਰੀਰ ਤੋਂ ਸ਼ਕਤੀ ਨਹੀਂ ਲੈਂਦੀ, ਸਗੋਂ ਆਪਣੇ ਸੋਮੇ ਸ੍ਰੀ ਵਾਹਿਗੁਰੂ ਤੋਂ ਹਰ ਪਰਕਾਰ ਦੀ ਸ਼ਕਤੀ ਲੈਂਦੀ ਹੈ। ਜਿਵੇਂ ਸੂਰਜ ਦੀ ਕਿਰਨ, ਆਪਣਾ ਸਾਰਾ ਆਧਾਰ ਸੂਰਜ ਤੋਂ ਲੈਂਦੀ ਹੈ, ਤਿਵੇਂ ਹੀ ਸਰੀਰਾਂ ਵਿਚ ਰਹਿਣ ਵਾਲੀ ਆਤਮ ਆਪਣੀ ਸਾਰੀ ਸ਼ਕਤੀ, ਆਪਣਾ ਸਾਰਾ ਆਧਾਰ ਪਰਮ-ਆਤਮਾ ਜਾਂ ਵਾਹਿਗੁਰੂ ਜੀ ਤੋਂ ਲੈਂਦੀ ਹੈ, ਕਿਉਂਕਿ ਵਾਹਿਗੁਰੂ ਜੀ ਅਮੁੱਕ ਤੇ ਅਥੱਕ ਹਸਤੀ ਹੈ, ਇਸ ਲਈ ਸਰੀਰਾਂ ਵਿਚ ਰਹਿਣ ਵਾਲੀ ਆਤਮਾ ਦਾ ਆਧਾਰ ਅਮੁਕ ਤੇ ਅਥੱਕ ਹੈ। ਅਸਲ ਵਿਚ ਤਾਂ ਵਾਹਿਗੁਰੂ ਜੀ ਤੋਂ ਬਿਨਾਂ ਸਾਰੀ ਰਚਨਾ ਵਿਚ ਹੋਰ ਕੋਈ ਦੂਜਾ ਹੈ ਹੀ ਨਹੀਂ, ਇਸ ਲਈ ਸਭ ਸੰਸਾਰ ਰਚਨਾ ਸ੍ਰੀ ਵਾਹਿਗੁਰੂ ਜੀ ਦੇ ਚਿਤ ਦਾ ਸਰੂਪ ਹੈ ਅਤੇ ਇਸ ਕਰਕੇ ਖਿਆਲੀ ਹੈ।

ਇਨਸਾਨ ਦਾ ਸਰੀਰਕ ਢਾਂਚਾ ਆਪਣੇ ਆਪ ਵਿਚ ਸ਼ਕਤੀਵਾਨ ਨਹੀਂ। ਬੇਜਾਨ ਤੇ ਬੇਹਿਸ ਹੋਣ ਕਰਕੇ ਨਾ ਇਹ ਥਕਦਾ ਹੈ, ਨਾ ਬੀਮਾਰ ਹੁੰਦਾ ਹੈ ਅਤੇ ਨਾ ਹੀ ਉਮਰ ਨੂੰ ਵਧਾਉਂਦਾ ਜਾਂ ਘਟਾਉਂਦਾ ਹੈ। ਅਸਲ ਵਿਚ ਕੋਈ ਵਖਰੀ ਚੀਜ਼ ਨਹੀਂ, ਸਗੋਂ ਆਤਮਾ ਦੀ ਹੀ ਇਕ ਹਾਲਤ ਹੈ, ਜਿਸਦਾ ਮੂਲ ਅੱਥਕ ਤੇ ਅਮੁਕ ਵਾਹਿਗੁਰੂ ਜੀ ਹੀ ਹਨ।

ਸਰੀਰ ਦੀ ਥਕਾਵਟ ਸਾਡਾ ਸਰੀਰ ਨਹੀਂ, ਬਲਕਿ ਸਾਡਾ ਮਨ





ਮਹਿਸੂਸ ਕਰਦਾ ਹੈ। ਮਨ ਥਕਾਵਟ ਇਸ ਕਰਕੇ ਮਹਿਸੂਸ ਕਰਦਾ ਹੈ, ਕਿ ਇਹ ਆਪਣੀ ਅਸਲੀਅਤ ਤੋਂ ਅਗਿਆਨ ਹੈ। ਮਨ ਦੀ ਅਗਿਆਨਤਾ ਆਪਣੇ ਆਪ ਨੂੰ ਸਰੀਰ ਸਮਝਣ ਵਿਚ ਹੈ। ਮਨ ਸਰੀਰ ਨਹੀਂ, ਬਲਕਿ ਜੋਤ ਦਾ ਸਰੂਪ ਹੈ। ਮਨ ਅਗਿਆਨਤਾ ਕਰਕੇ ਆਪਣੇ ਆਪ ਨੂੰ ਜੋਤ ਤੋਂ ਨਿਖੜਿਆ ਅਤੇ ਸਰੀਰ ਨਾਲ ਜੁੜਿਆ ਸਮਝਦਾ ਹੈ। ਜੇਕਰ ਮਨ, ਸਰੀਰ ਦੀ ਬਜਾਏ ਆਪਣੇ ਆਪ ਨੂੰ ਆਪਣੇ ਅਮੁਕ ਤੇ ਅੱਥਕ ਸੋਮੇ ਸ੍ਰੀ ਵਾਹਿਗੁਰੂ ਜੀ ਨਾਲ ਜੋੜੀ ਰਖੇ, ਤਾਂ ਉਹ ਆਪਣੇ ਆਪ ਵਿਚ ਕਦੀ ਥਕਾਵਟ ਅਤੇ ਕਮਜ਼ੋਰੀ ਮਹਿਸੂਸ ਨਹੀਂ ਕਰੇਗਾ। ਜਦ ਸਾਡਾ ਮਨ ਸਿਮਰਨ ਦੀ ਕਮਾਈ ਕਰਕੇ ਸਦਾ ਅੰਦਰਮੁਖੀ ਰਹਿਣਾ ਸਿਖ ਜਾਵੇ, ਜਦ ਇਹ ਆਪਣੇ ਆਪ ਨੂੰ ਆਪਣੇ ਆਤਮਕ ਸੋਮੇ ਸ੍ਰੀ ਵਾਹਿਗੁਰੂ ਜੀ ਨਾਲ ਸਦਾ ਜੋੜੀ ਰਖੇ ਅਤੇ ਆਪਣੇ ਆਪ ਨੂੰ ਆਤਮਾ ਜਾਂ ਜੋਤ ਮੰਨਣ ਲਗ ਜਾਵੇ, ਤਾਂ ਇਸ ਦੇ ਸਰੀਰ ਦੀਆਂ ਸਾਰੀਆਂ ਸ਼ਿਕਾਇਤਾਂ ਖੁਦ-ਬਖੁਦ ਦੂਰ ਹੋ ਜਾਂਦੀਆਂ ਹਨ। ਆਤਮਾ ਨਾਲ ਜੁੜੇ ਰਹਿਣ ਵਾਲਾ ਮਨ, ਖੁਦ ਆਤਮਕ ਬਣ ਜਾਂਦਾ ਹੈ ਅਤੇ ਆਪਣੇ ਸਰੀਰ ਨੂੰ ਸਦਾ ਤੰਦਰੁਸਤ ਤੇ ਨੌ-ਬਰ-ਨੌ ਦੇਖਦਾ ਹੈ।

ਤੰਦਰੁਸਤੀ ਅਤੇ ਸ਼ਕਤੀ ਲਈ ਸਾਨੂੰ ਹਮੇਸ਼ਾ ਆਪਣੇ ਆਤਮਕ ਸੋਮੇ ਵਲ ਤਕਣਾ ਚਾਹੀਦਾ ਹੈ, ਸਰੀਰ ਵਲ ਨਹੀਂ ਝਾਕਣਾ ਚਾਹੀਦਾ। ਸਾਨੂੰ ਸਾਡੀ ਜ਼ਰੂਰਤ ਅਨੁਸਾਰ ਚੁਸਤੀ ਤੇ ਸ਼ਕਤੀ ਆਤਮਕ ਵਿਚਾਰਾਂ ਦੇ ਜ਼ਰੀਏ ਸਦਾ ਮਿਲਦੀ ਹੈ, ਕਿਉਂਕਿ ਆਤਮਾ ਅਮੁਕ ਸ਼ਕਤੀ ਦਾ ਭੰਡਾਰ ਹੈ।

ਕਈ ਵਾਰੀ ਆਪਣੀ ਥਕਾਵਟ ਦਾ ਕਾਰਨ ਸਾਨੂੰ ਉਨੀਂਦਰਾ, ਕੰਮ ਦੀ ਜ਼ਿਆਦਤੀ ਜਾਂ ਕੋਈ ਹੋਰ ਜਿਸਮਾਨੀ ਸਬੱਬ ਪਰਤੀਤ ਹੁੰਦਾ ਹੈ, ਪਰ ਵਾਸਤਵ ਵਿਚ ਇਹ ਠੀਕ ਨਹੀਂ ਹੁੰਦਾ। ਅਸਲ ਵਿਚ

ਸਾਡੇ ਆਤਮਕ ਦ੍ਰਿਸ਼ਟੀਕੋਨ ਵਿਚ ਕਿਤੇ ਨੁਕਸ ਹੁੰਦਾ ਹੈ, ਸਾਡੀ ਆਤਮਕ ਵਿਚਾਰ ਵਿਚ ਕੋਈ ਗਲਤੀ ਹੁੰਦੀ ਹੈ। ਸਾਡੇ ਮਨ ਦੇ ਗਲਤ ਨਿਸਚੇ ਹੀ ਸਾਡੀ ਥਕਾਵਟ ਜਾਂ ਬੀਮਾਰੀ ਦਾ ਜਾਂ ਪਰੇਸ਼ਾਨੀ ਦਾ ਕਾਰਨ ਹੁੰਦੇ ਹਨ। ਮਨ ਦੇ ਗਲਤ ਨਿਸਚਿਆਂ ਨੂੰ ਦੂਰ ਕਰ ਦੇਵੋ ਅਤੇ ਇਹਨਾਂ ਦੀ ਥਾਂ ਗੁਰਬਾਣੀ ਦੇ ਵਿਗਿਆਨਕ ਨਿਸਚਿਆਂ ਨੂੰ ਧਾਰਨ ਕਰ ਲਵੋ। ਕੁਝ ਅਰਸੇ ਬਾਅਦ ਤੁਸੀਂ ਐਸੇ ਚੰਗੇ ਨਤੀਜੇ ਦੇਖੋਗੇ ਕਿ ਤੁਹਾਨੂੰ ਖੁਦ ਹੈਰਾਨੀ ਹੋਵੇਗੀ।

ਗਡੀ ਦਾ ਪਹੀਆ ਕਦੀ ਨਹੀਂ ਆਖਦਾ ਕਿ ਮੈਂ ਥੱਕ ਗਿਆ ਹਾਂ। ਸਾਡਾ ਸਰੀਰ ਵੀ ਏਸੇ ਤਰ੍ਹਾਂ ਕਦੀ ਨਹੀਂ ਆਖ ਸਕਦਾ ਕਿ ਮੈਂ ਥਕ ਗਿਆ ਹਾਂ। ਥਕਾਵਟ ਕੇਵਲ ਸਾਡਾ ਅਗਿਆਨ ਮਨ ਮਹਿਸੂਸ ਕਰਦਾ ਹੈ। ਆਪਣੀ ਅਸਲੀਅਤ ਦਾ ਗਿਆਨ ਹੋ ਜਾਣ ਉਤੇ ਮਨ ਥਕਾਵਟ ਦੀਆਂ ਸ਼ਕਾਇਤਾਂ ਕਰਨੀਆਂ ਛਡ ਦੇਵੇਗਾ। 72 ਸਾਲ ਦੀ ਉਮਰ ਵਿਚ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਤਿੰਨਾ ਕੋਹਾਂ ਤੋਂ ਦਰਿਆ ਤੋਂ ਪਾਣੀ ਦੀ ਗਾਗਰ ਲਿਆਉਣੀ ਸ਼ੁਰੂ ਕੀਤੀ ਅਤੇ 84 ਸਾਲ ਦੀ ਉਮਰ ਤਕ ਬੇ-ਨਾਗਾ ਰੋਜ਼ਾਨਾ ਇਹ ਸੇਵਾ ਖੁਸ਼ੀ ਨਾਲ ਕਰਦੇ ਰਹੇ। ਇਸ ਦਾ ਕਾਰਨ ਏਹੋ ਸੀ ਕਿ ਸ੍ਰੀ ਗੁਰੂ ਜੀ ਦਾ ਮਨ ਆਪਣੇ ਅੰਦਰਲੀ ਅਮੁਕ ਤੇ ਅਥਕ ਸ਼ਕਤੀ ਦੇ ਸਾਗਰ ਨਾਲ ਜੁੜਿਆ ਰਹਿੰਦਾ ਸੀ ਅਤੇ ਇਸ ਨੂੰ ਪਤਾ ਸੀ ਕਿ ਥਕਾਵਟ ਮਹਿਸੂਸ ਕਰਨ ਵਾਲੀ ਚੀਜ਼ ਸਰੀਰ ਨਹੀਂ ਬਲਿਕ ਮਨ ਦੀ ਅਗਿਆਨਤਾ ਹੈ।

ਜੇਕਰ ਅਸੀਂ ਇਹ ਖਿਆਲ ਕਰਨ ਲਗ ਜਾਈਏ ਕਿ ਸਾਡੇ ਉਤੇ ਬਹੁਤ ਭਾਰੀ ਜ਼ੁਮੇਵਾਰੀਆਂ ਆ ਪਈਆਂ ਹਨ ਜਾਂ ਸਾਨੂੰ ਬਹੁਤ ਜ਼ਿਆਦਾ ਕੰਮ ਕਰਨਾ ਪੈਂਦਾ ਹੈ ਤਾਂ ਅਸੀਂ ਥਕਾਵਟ ਮਹਿਸੂਸ ਕਰਾਂਗੇ। ਜੇਕਰ ਸਾਨੂੰ ਇਹ ਖਿਆਲ ਆਵੇ ਕਿ ਸਾਨੂੰ ਦੂਸਰੇ ਬਹੁਤ





ਤੰਗ ਕਰਦੇ ਹਨ ਜਾਂ ਆਪਣਾ ਹਥਲਾ ਕੰਮ ਬਹੁਤ ਔਖਾ ਤੇ ਭਾਰਾ ਲਗੇ ਤਾਂ ਅਸੀਂ ਆਪਣੀ ਸ਼ਕਤੀ ਘਟਦੀ ਮਹਿਸੂਸ ਕਰਾਂਗੇ। ਜੇਕਰ ਅਸੀਂ ਆਪਣੇ ਆਪ ਉਤੇ ਤਰਸ ਖਾਣ ਲਗ ਪਈਏ ਕਿ ਸਾਡਾ ਜੀਵਨ ਤਾਂ ਬੜਾ ਤਰਸਯੋਗ ਹੈ, ਐਸਾ ਨਹੀਂ ਹੋਣਾ ਚਾਹੀਦਾ ਤਦ ਵੀ ਅਸੀਂ ਆਪਣੇ ਆਪ ਵਿਚ ਆਲਸ ਤੇ ਸੁਸਤੀ ਵਧਦੀ ਦੇਖਾਂਗੇ। ਹਰ ਇਕ ਕੰਮ ਜਿਸ ਨੂੰ ਅਸੀਂ ਵਾਹਿਗੁਰੂ ਜੀ ਦਾ ਕੰਮ ਨਾ ਸਮਝੀਏ ਅਤੇ ਉਸ ਦੇ ਸਹਾਰੇ ਕਰਨ ਦਾ ਸਾਡੇ ਵਿਚ ਉਤਸ਼ਾਹ ਨਾ ਹੋਵੇ, ਉਹ ਕੰਮ ਸਾਨੂੰ ਥਕਾਵੇਗਾ ਅਤੇ ਰੋਜ਼ਾਨਾ ਜੀਵਨ ਇਕ ਬੋਝ ਪਰਤੀਤ ਹੋਵੇਗਾ। ਮਨ ਦਾ ਹਰ ਇਕ ਗਲਤ ਖਿਆਲ ਸਾਡੀਆਂ ਅੰਦਰੂਨੀ ਸ਼ਕਤੀਆਂ ਨੂੰ ਹਦ ਵਿਚ ਲਿਆਂਦਾ, ਕਮਜ਼ੋਰ ਕਰਦਾ ਤੇ ਥਕਾਂਦਾ ਹੈ।

ਇਸ ਦੇ ਉਲਟ ਹਰ ਕੰਮ ਜੋ ਕਿ ਵਾਹਿਗੁਰੂ ਜੀ ਦੀ ਜਾਂ ਉਸ ਖਲਕਤ ਦੀ ਸੇਵਾ ਤੇ ਖਿਆਲ ਨਾਲ ਅਤੇ ਉਸਦੇ ਨਮਿਤ ਕੀਤਾ ਜਾਵੇ, ਸਾਡੀਆਂ ਅੰਦਰਲੀਆਂ ਸ਼ਕਤੀਆਂ ਨੂੰ ਥਕਾਵਟ ਤੋਂ ਦੂਰ ਚੜ੍ਹਦੀਆਂ ਕਲਾਂ ਵਿਚ ਰਖਦਾ ਹੈ। ਅਗਰ ਵਿਚਾਰ ਕਰੀਏ ਤਾਂ ਇਨਸਾਨ ਦਾ ਸਾਰਾ ਕੰਮ ਕਿਸੇ ਨਾ ਕਿਸੇ ਸ਼ਕਲ ਵਿਚ ਦੂਸਰੇ ਇਨਸਾਨ ਦੀ ਸੇਵਾ ਜਾਂ ਭਲੇ ਲਈ ਹੁੰਦਾ ਹੈ। ਦਫਤਰਾਂ ਵਿਚ ਨੌਕਰੀਆਂ, ਬਜ਼ਾਰਾਂ ਵਿਚ ਦੁਕਾਨਦਾਰੀ, ਗਰਵਨਮੈਂਟ ਤੋਂ ਠੇਕੇ ਲੈਣੇ, ਪੁਸਤਕਾਂ ਲਿਖਣੀਆਂ ਜਾਂ ਅਖਬਾਰ ਚਲਾਣੇ, ਡਾਕਟਰੀ, ਵਕਾਲਤ, ਕਵਿਤਾ, ਸੰਗੀਤ, ਚ੍ਰਿਕਾਰੀ ਜਾਂ ਹੋਰ ਹੁਨਰ ਤੇ ਪੇਸ਼ੇ, ਸਭ ਤੇ ਸਭ ਖਲਕਤ ਦੀ ਸੇਵਾ ਲਈ ਹੀ ਹੁੰਦੇ ਹਨ। ਕਬੀਰ ਜੀ ਦੇ ਮਹਾਂਵਾਕ ਅਨੁਸਾਰ ਖਲਕਤ ਅਤੇ ਖ਼ੁਦਾ ਵਿਚ ਕੋਈ ਫਰਕ ਨਹੀਂ ਹੁੰਦਾ। 'ਖਾਲਕ ਖਲਕ, ਖਲਕ ਮਹਿ ਖਾਲਕ, ਪੂਰ ਰਹਿਆ ਸਰਬ ਠਾਈ।' ਜੋ ਇਨਸਾਨ ਆਪਣੇ ਪੇਸ਼ੇ ਜਾਂ ਨੌਕਰੀ ਨੂੰ ਵਾਹਿਗੁਰੂ ਜੀ ਦੀ ਖਲਕਤ ਦੀ ਸੇਵਾ ਲਈ ਕਰਦਾ ਹੈ, ਉਸ ਦੀ ਅੰਦਰਲੀ ਸ਼ਕਤੀ

ਸਦਾ ਤਾਜ਼ੀ ਤੇ ਚੜ੍ਹਦੀ ਕਲਾ ਵਿਚ ਰਹਿੰਦੀ ਹੈ। 'ਆਤਮ ਸਾਇੰਸ' ਦੇ ਕਈ ਵਿਦਿਆਰਥੀ ਸਾਨੂੰ ਦਸਦੇ ਰਹਿੰਦੇ ਹਨ ਕਿ ਜਿਸ ਦਿਨ ਤੋਂ ਉਹਨਾਂ ਨੇ ਆਪਣੇ ਰੋਜ਼ਾਨਾ ਕੰਮ-ਕਾਜ ਨੂੰ ਵਾਹਿਗੁਰੂ ਜੀ ਦੀ ਖਲਕਤ ਦੀ ਸੇਵਾ ਦੇ ਖਿਆਲ ਨਾਲ ਕਰਨਾ ਸ਼ੁਰੂ ਕੀਤਾ ਹੈ, ਉਸ ਦਿਨ ਤੋਂ ਉਹਨਾਂ ਨੂੰ ਥਕਾਵਟ, ਗੁੱਸਾ, ਘਬਰਾਹਟ ਆਉਣੇ ਬੰਦ ਹੋ ਗਏ ਹਨ। ਉਹ ਆਪਣੇ ਪੇਸ਼ੇ ਵਿਚ ਬੜਾ ਉਤਸ਼ਾਹ ਤੇ ਦਿਲਚਸਪੀ ਮਹਿਸੂਸ ਕਰਦੇ ਹਨ।

ਜਦ ਆਦਮੀ ਵਾਹਿਗੁਰੂ ਜੀ ਲਈ ਅਤੇ ਉਸ ਦੀ ਖਲਕਤ ਲਈ ਜੀਉਣ ਲਗ ਪਵੇ ਤਾਂ ਉਹ ਆਪਣਾ ਸਾਰਾ ਕੰਮ-ਕਾਜ ਆਪਣੀਆਂ ਇਨਸਾਨੀ ਕੋਸ਼ਿਸ਼ਾਂ ਤੇ ਤਦਬੀਰਾਂ ਦਾ ਨਤੀਜਾ ਨਹੀਂ ਸਮਝਦਾ, ਬਲਕਿ ਆਪਣਾ ਸਾਰਾ ਕੰਮ-ਕਾਜ ਵਾਹਿਗੁਰੂ ਜੀ ਦੀ ਵਿਉਂਤ ਅਤੇ ਹੁਕਮ ਅਨੁਸਾਰ ਸਮਝਦਾ ਹੈ ਅਤੇ ਕੰਮ-ਕਾਜ ਕਰਨ ਦੀ ਸ਼ਕਤੀ ਆਪਣੇ ਸਰੀਰ ਵਿਚ ਨਹੀਂ ਬਲਕਿ ਆਪਣੇ ਮਨ ਦੇ ਪਿਛੇ, ਸ੍ਰੀ ਵਾਹਿਗੁਰੂ ਜੀ ਦੇ ਅਮੁਕ ਸ਼ਕਤੀ ਸਾਗਰ ਤੋਂ ਆਉਂਦੀ ਮਹਿਸੂਸ ਕਰਦਾ ਹੈ। ਆਦਮੀ ਲਈ ਤਦ ਫਿਰ ਆਪਣਾ ਕੰਮ-ਕਾਜ ਬੜਾ ਦਿਲਚਸਪ ਤੇ ਭਾਰਾ ਸ਼ੁਗਲ ਬਣ ਜਾਂਦਾ ਹੈ।





# ਵਾਹਿਗੁਰੂ ਜੀ ਦੀ ਸਰਬ ਵਿਆਪਕਤਾ

ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪ ਤਜਰਬਾ ਕਰਕੇ ਫੇਰ ਸਾਨੂੰ ਦਸਿਆ ਹੈ -

*ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥*
*ਅੰਗ - 599*

ਅਤੇ ਗੁਰਬਾਣੀ ਵਿਚ ਦੂਸਰੇ ਗੁਰੂ ਸਾਹਿਬਾਨ ਨੇ ਵੀ ਇਸੇ ਸਚਾਈ ਨੂੰ ਕਈ ਤਰ੍ਹਾਂ ਸਾਨੂੰ ਸਮਝਾਇਆ ਹੈ -

*ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥*
*ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥ ਅੰਗ - 296*

*ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ ॥*
*ਨਾਨਕ ਊਨ ਨ ਦੇਖੀਐ ਪੂਰਨ ਤਾਕੇ ਕਾਮ ॥ ਅੰਗ - 299*

*ਚਉਦਹਿ ਚਾਰਿ ਕੁੰਟ ਪ੍ਰਭ ਆਪ ॥*
*ਸਗਲ ਭਵਨ ਪੂਰਨ ਪਰਤਾਪ ॥*
*ਦਸੇ ਦਿਸਾ ਰਵਿਆ ਪ੍ਰਭੁ ਏਕੁ ॥*
*ਧਰਨਿ ਅਕਾਸ ਸਭ ਮਹਿ ਪ੍ਰਭ ਪੇਖੁ ॥*
*ਜਲ ਥਲ ਬਨ ਪਰਬਤ ਪਾਤਾਲ ॥*
*ਪਰਮੇਸੁਰ ਤਹ ਬਸਹਿ ਦਇਆਲ ॥*
*ਸੂਖਮ ਅਸਥੂਲ ਸਗਲ ਭਗਵਾਨ ॥*
*ਨਾਨਕ ਗੁਰਮੁਖਿ ਬ੍ਰਹਮੁ ਪਛਾਨ ॥ ਅੰਗ - 299*

*ਆਦਿ ਮਧਿ ਅੰਤਿ ਨਿਰੰਕਾਰੰ॥* *ਅੰਗ - 250*

ਸ੍ਰੀ ਵਾਹਿਗੁਰੂ ਜੀ ਦਾ ਕਿਸੇ ਨਾ ਕਿਸੇ ਸ਼ਕਲ ਵਿਚ ਹਰ ਥਾਂ ਹੋਣਾ ਇਕ ਐਸੀ ਮਹਾਨ ਸਚਾਈ ਹੈ, ਜਿਸ ਨੂੰ ਆਤਮ ਸਾਇੰਸ ਜਾਂ ਅਸਲ ਧਰਮ ਦੀ ਬੁਨਿਆਦ ਕਿਹਾ ਜਾ ਸਕਦਾ ਹੈ। ਇਸ ਸਚਾਈ ਨੂੰ ਚੰਗੀ ਤਰ੍ਹਾਂ ਸਮਝਣ ਨਾਲ ਗੁਰਮਤਿ ਦੀਆਂ ਬਾਕੀ ਦੀਆਂ ਸਚਾਈਆਂ ਜਾਂ ਸਿਧਾਂਤਾਂ ਦੀ ਠੀਕ ਸਮਝ ਆਵੇਗੀ ਅਤੇ ਚੰਗੀ ਤਰ੍ਹਾਂ ਨਾ ਸਮਝਣ ਨਾਲ ਸਚਾਈ ਦੇ ਮਾਰਗ ਉਤੇ ਥਾਂ-ਥਾਂ ਸ਼ੰਕੇ ਤੇ ਭਰਮ ਪੈਦਾ ਹੋਣਗੇ।

ਵਾਹਿਗੁਰੂ ਜੀ ਦਾ ਦੂਸਰਾ ਨਾਮ ਜੀਵਨ ਹੈ। ਜਿਥੇ ਜੀਵਨ ਹੈ ਉਥੇ ਵਾਹਿਗੁਰੂ ਜੀ ਆਪ ਹਨ। ਕਿਉਂਕਿ ਵਾਹਿਗੁਰ ਜੀ ਸਰਬ ਵਿਆਪਕ ਹਨ ਇਸ ਲਈ ਜੀਵਨ ਸਰਬ-ਵਿਆਪਕ ਹੈ।

ਜੀਵਨ ਦੇ ਸਰਬ ਵਿਆਪਕ ਹੋਣ ਦਾ ਇਕ ਸਬੂਤ ਤਾਂ ਪੈਗੰਬਰਾਂ, ਸੰਤਾਂ, ਗੁਰੂਆਂ ਦੀ ਆਪਣੀ ਗਵਾਹੀ ਹੈ ਜੋ ਉਹਨਾਂ ਨੇ ਅਨੁਭਵ ਦੇ ਨੇਤਰਾਂ ਨਾਲ ਆਪ ਦੇਖੀ ਤੇ ਸਾਨੂੰ ਦਸੀ -

*ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ॥* *ਅੰਗ - 922*

ਜੀਵਨ ਦੀ ਸਰਬ ਵਿਆਪੀ ਹੋਣ ਦਾ ਦੂਸਰਾ ਸਬੂਤ ਅਜ ਕਲ ਦੇ ਸਾਇੰਸਦਾਨ ਦੇ ਰਹੇ ਹਨ।

ਗੁਰੂਆਂ ਪੈਗੰਬਰਾਂ ਦਾ ਸਚਾਈ ਤਕ ਪਹੁੰਚਣ ਦਾ ਤਰੀਕਾ, ਅੰਤਰਮੁਖੀ ਹੋਣਾ, ਆਪਣੇ ਧੁਰ ਅੰਦਰੋਂ ਸਚਾਈ ਦੇ ਦੀਦਾਰ ਕਰਨੇ, ਫੇਰ ਉਸੇ ਸਚਾਈ ਨੂੰ ਹਰ ਇਕ ਦੇ ਅੰਦਰ ਦੇਖਣਾ ਅਤੇ ਫਿਰ ਸਾਰੇ ਸੰਸਾਰ ਨੂੰ ਪੁਕਾਰ ਪੁਕਾਰ ਕੇ ਆਖਣਾ -





*ਘਟਿ ਘਟਿ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥*
*ਅੰਗ - 1427*

ਪਰ ਸਾਇੰਸਦਾਨ ਬਾਹਰਮੁਖੀ ਤਰੀਕਿਆਂ ਨਾਲ ਜਗਤ ਰਚਨਾ ਦੀਆਂ ਚੀਜ਼ਾਂ ਨੂੰ ਤੋੜ ਭੰਨ ਕੇ ਉਹਨਾਂ ਦੇ ਪਿਛੇ ਲੁਕੀ ਸਚਾਈ ਨੂੰ ਦੇਖਣ ਦੀ ਕੋਸ਼ਿਸ਼ ਕਰਦੇ ਹਨ ਅਤੇ ਜੋ ਕੁਝ ਦਿਸੇ ਉਸ ਨੂੰ ਸੰਸਾਰ ਅਗੇ ਬਿਆਨ ਕਰਦੇ ਹਨ।

ਅਜ ਤਕ ਜੋ ਕੁਝ ਵੀ ਸਾਇੰਸਦਾਨਾਂ ਨੇ ਜਗਤ ਰਚਨਾ ਦੀ ਤਹਿ ਵਿਚ, ਆਪਣੇ ਬਾਹਰ ਮੁਖੀ ਤਰੀਕਿਆਂ ਨਾਲ, ਦੇਖਿਆ ਹੈ ਉਹ ਜਦ ਗੁਰੂਆਂ, ਸੰਤਾਂ, ਪੈਗੰਬਰਾਂ ਦੀ ਅੰਤਰਮੁਖੀ ਹੋ ਕੇ ਡਿਠੀਆਂ ਸਚਾਈਆਂ ਦੀ ਪਰੋੜ੍ਹਤਾ ਕਰਦਾ ਦੇਖੀਦੇ ਤਦ ਇਹ ਪਰੋੜ੍ਹਤਾ ਆਤਮ-ਮਾਰਗ ਦੇ ਪਾਂਧੀ - ਸਿਮਰਨ ਅਭਿਆਸੀ ਨੂੰ ਬੜੀ ਖੁਸ਼ੀ ਭਰੀ ਅਸਚਰਜਤਾ ਬਖਸ਼ਦੀ ਹੈ ਅਤੇ ਆਤਮ ਮਾਰਗ ਲਈ ਉਸਦੀ ਹਿੰਮਤ ਤੇ ਹੌਸਲੇ ਨੂੰ ਖੂਬ ਵਧਾਉਂਦੀ ਹੈ।

ਸਾਇੰਸਦਾਨ ਦਸਦੇ ਹਨ ਕਿ ਜਗਤ ਰਚਨਾ ਵਿਚ ਮੋਈ ਹੋਈ ਕੋਈ ਚੀਜ਼ ਨਹੀਂ ਹੈ - ਸਭ ਕੁਝ ਜ਼ਿੰਦਾ ਹੈ। ਸਬਜ਼ੀਆਂ ਵਿਚ, ਲਕੜੀ ਵਿਚ, ਪਥਰਾਂ ਵਿਚ, ਲੋਹੇ ਵਿਚ ਜਾਨ ਜਾਂ ਜੀਵਨ ਮੌਜੂਦ ਹੈ। ਮਿੱਟੀ ਦਾ ਹਰ ਪਰਮਾਣੂ ਜਿਉਂਦਾ ਹੈ। ਇਨਸਾਨ ਵਿਚ ਜੀਵਨ ਬੜੇ ਉਚੇ ਦਰਜੇ ਦਾ ਹੈ। ਪਰ ਜਗਤ ਰਚਨਾ ਦਾ ਕੋਈ ਹਿੱਸਾ ਐਸਾ ਨਹੀਂ ਜਿਹੜਾ ਬੇਜਾਨ ਜਾਂ ਮੁਰਦਾ ਹੋਵੇ। ਇਹ ਸਿਧਾਂਤ ਕਿ ਜਗਤ ਰਚਨਾ ਮਾਦੇ ਤੋਂ ਬਣੀ ਹੋਈ ਹੈ - ਉਕਾ ਹੀ ਗਲਤ ਸਾਬਤ ਹੋ ਚੁਕਾ ਹੈ।

ਬਾਰਬੰਕ ਸਾਇੰਦਾਨ ਕਹਿੰਦਾ ਹੈ, 'ਮੇਰੀ ਖੋਜ ਨੇ ਮੈਨੂੰ ਮਾਦੇ ਤੋਂ ਬਣੀ ਰਚਨਾ ਦੇ ਸਿਧਾਂਤ ਨੂੰ ਤਿਆਗਣ ਲਈ ਮਜਬੂਰ ਕਰ

ਦਿਤਾ ਹੈ। ਮੇਰੀ ਖੋਜ ਅਨੁਸਾਰ ਸਭ ਜਗਤ ਰਚਨਾ ਸ਼ਕਤੀ, ਜੀਵਨ, ਆਤਮਾ ਜਾਂ ਫੁਰਨਿਆਂ ਦਾ ਰਚਿਆ ਹੋਇਆ ਹੈ, ਭਾਵੇਂ ਇਹਨਾਂ ਦਾ ਨਾਮ ਕੁਝ ਵੀ ਰਖ ਲਵੋ।'

Burbank says "All my investigations have led me away from the idea of a dead material universe, to that of a universe which is absolutely all force, life, soul, thought or whatever name we may choose to call it."

ਪ੍ਰੋਫੈਸਰ ਜਗਦੀਸ਼ ਚੰਦਰ ਬਸੁ, ਪੌਦਿਆਂ ਤੇ ਤਜਰਬਾ ਕਰਕੇ ਦਸਦੇ ਹਨ ਕਿ ਸਬਜ਼ੀ ਦਾ ਮਾਦਾ ਜੋਸ਼ ਵਿਚ ਲਿਆਂਦਾ ਜਾ ਸਕਦਾ ਹੈ, ਥਕਾਵਟ ਮਹਿਸੂਸ ਕਰ ਸਕਦਾ ਹੈ, ਚੜ੍ਹਦੀਆਂ ਕਲਾਂ ਵਿਚ ਆ ਸਕਦਾ ਹੈ ਜਾਂ ਨਿਰਾਸਤਾ ਦੀ ਹਾਲਤ ਵਿਚ ਜਾ ਸਕਦਾ ਹੈ।

ਮਿਸਿਜ਼ ਐਨੀ ਬੇਸੰਤ ਕਲਕੱਤੇ ਵਿਚ ਕੁਝ ਐਸੇ ਤਜਰਬਿਆਂ ਵੇਲੇ ਮੌਜੂਦ ਸਨ, ਉਹ ਪੌਦਿਆਂ ਉਤੇ ਕੀਤੇ ਗਏ ਤਜਰਬਿਆਂ ਬਾਬਤ ਲਿਖਦੇ ਹਨ –

"There is something rather pathetic in seeing the way in which the tiny spot of light which records the pulses in the plant, travels in ever weaker and weaker curves, when the plant is under the influence of poison, then falls into a final despairing straight line and stops. One feels as though a murder has been committed as





indeed it has."

ਇਸ ਤੋਂ ਸਾਬਤ ਹੁੰਦਾ ਹੈ ਕਿ ਪੌਦਿਆਂ ਵਿਚ ਸਾਡੇ ਵਾਂਗ ਹੀ ਜੀਵਨ ਹੈ ਅਤੇ ਪੌਦਿਆਂ ਨੂੰ ਜ਼ਹਿਰ ਦੇਣ ਨਾਲ ਉਹ ਸਾਡੇ ਵਾਂਗ ਹੀ ਬੀਮਾਰ ਤੇ ਕਮਜ਼ੋਰ ਹੋ ਜਾਂਦੇ ਹਨ ਅਤੇ ਅਖੀਰ ਵਿਚ ਮਰ ਜਾਂਦੇ ਹਨ। ਹੋਰ ਦਵਾਈਆਂ ਦਾ ਅਸਰ ਵੀ ਪੌਦਿਆਂ ਤੇ ਉਸੇ ਤਰ੍ਹਾਂ ਹੁੰਦਾ ਹੈ, ਜਿਵੇਂ ਜਿਉਂਦੇ ਇਨਸਾਨਾਂ ਉਤੇ। ਪ੍ਰੋਫੈਸਰ ਜਗਦੀਸ਼ ਚੰਦਰ ਬਸੂ ਨੇ ਆਪਣੀ 'Response in the living and Non-living' ਨਾਮੀ ਪੁਸਤਕ ਵਿਚ ਦਸਿਆ ਹੈ ਕਿ ਇਹ ਲੋਹੇ ਦੀ ਸੀਖ ਉਤਨੀ ਹੀ ਸੋਹਲ ਜਾਂ ਨਾਜ਼ਕ ਹੁੰਦੀ ਹੈ, ਜਿਤਨਾ ਕਿ ਇਨਸਾਨ ਦਾ ਸਰੀਰ ਅਤੇ ਇਨਸਾਨ ਵਾਂਗ ਲੋਹੇ ਦੀ ਸੀਖ ਵੀ ਮਹਿਸੂਸ ਕਰਦੀ, ਚੜ੍ਹਦੀਆਂ ਅਤੇ ਢਹਿੰਦੀਆਂ ਕਲਾਂ ਵਿਚ ਆ ਜਾ ਸਕਦੀ ਅਤੇ ਜ਼ਹਿਰ ਦੇਣ ਨਾਲ ਮਰ ਸਕਦੀ ਹੈ। ਉਹ ਲਿਖਦੇ ਹਨ –

'Among such phenomena, how can we draw the line of demarcation and say, 'Here the physical ends and there the physiological begins. No such barrier exists.'

ਜਗਤ ਰਚਨਾ ਵਿਚ ਜੀਵਨ ਹੀ ਜੀਵਨ ਅਨੇਕ ਪ੍ਰਕਾਰ ਦੀਆਂ ਸ਼ਕਲਾਂ ਤੇ ਹਾਲਤਾਂ ਧਾਰ ਧਾਰ ਕੇ ਦਿਸ ਰਿਹਾ ਹੈ। ਇਸ ਰਚਨਾ ਵਿਚ ਕੋਈ ਇਕ ਪ੍ਰਮਾਣੂ ਜਾਂ ਜ਼ੱਰਾ ਐਸਾ ਨਹੀਂ, ਜੋ ਮੁਰਦਾ ਜਾਂ ਜੜ੍ਹ ਹੋਵੇ। ਜ਼ੱਰੇ-ਜ਼ੱਰੇ ਵਿਚ ਜੀਵਨ ਜੋਤ ਪਈ ਲਿਸ਼ਕਦੀ ਤੇ ਕਿਸੇ ਵਿਉਂਤ ਅਨੁਸਾਰ ਕੰਮ ਕਰ ਰਹੀ ਹੈ।

ਪ੍ਰੋਫੈਸਰ ਬਸੂ ਜੀ ਨੇ ਇਥੋਂ ਤਕ ਸਾਬਤ ਕਰ ਦਿਤਾ ਹੈ ਕਿ

ਧਾਤਾਂ ਉਤੇ ਇਕ ਨੀਂਦਰ ਵਰਗੀ ਅਵਸਥਾ ਆਉਂਦੀ ਹੈ, ਉਹ ਸੌਂ ਜਾਂਦੀਆਂ ਹਨ, ਜਾਗ ਉਠਦੀਆਂ ਹਨ, ਸੁਸਤੀ ਤੇ ਚੁਸਤੀ ਜ਼ਾਹਰ ਕਰਦੀਆਂ, ਕਮਜ਼ੋਰੀ ਜਾਂ ਤਾਕਤ ਮਹਿਸੂਸ ਕਰਦੀਆਂ, ਸਖ਼ਤ ਸਰਦੀ ਜਾਂ ਗਰਮੀ ਨਾਲ ਬੀਮਾਰ ਹੋ ਜਾਂਦੀਆਂ ਹਨ, ਦਵਾਈਆਂ ਨਾਲ ਰਾਜ਼ੀ ਹੋ ਜਾਂਦੀਆਂ ਹਨ ਅਤੇ ਇਹਨਾਂ ਨੂੰ ਨਸ਼ਾ ਵੀ ਚੜ੍ਹ ਸਕਦਾ ਹੈ। ਵਖੋ ਵਖ ਧਾਤਾਂ ਉਤੇ ਇਕੋ ਦਵਾਈ ਦਾ ਵਖੋ ਵਖ ਅਸਰ ਹੁੰਦਾ ਹੈ, ਕਿਸੇ ਨੂੰ ਇਕ ਦਵਾਈ ਮੁਆਫਕ ਆਉਂਦੀ ਹੈ ਤੇ ਕਿਸੇ ਨੂੰ ਉਹੋ ਦਵਾਈ ਮੁਆਫਕ ਨਹੀਂ ਆਉਂਦੀ। ਜਿਸ ਤਰ੍ਹਾਂ ਆਦਮੀਆਂ ਤੇ ਜਾਨਵਰਾਂ ਦੇ ਵਖੋ ਵਖਰੇ ਸੁਭਾਅ ਹੁੰਦੇ ਹਨ, ਇਸ ਤਰ੍ਹਾਂ ਧਾਤਾਂ, ਪੱਥਰਾਂ ਤੇ ਲੋਹੇ ਵਿਚ ਵੀ ਖ਼ਾਸ ਆਪੋ ਆਪਣੇ ਸੁਭਾਅ ਹੁੰਦੇ ਹਨ। ਇਹਨਾਂ ਨੂੰ ਦਵਾਈਆਂ ਨਾਲ ਬੀਮਾਰ ਵੀ ਕੀਤਾ ਜਾ ਸਕਦਾ ਹੈ ਅਤੇ ਰਾਜ਼ੀ ਵੀ ਕੀਤਾ ਜਾ ਸਕਦਾ ਹੈ ਅਤੇ ਜ਼ਹਿਰ ਦੇ ਕੇ ਮਾਰਿਆ ਵੀ ਜਾ ਸਕਦਾ ਹੈ।

ਗੁਰੂਆਂ, ਭਗਤਾਂ, ਸੰਤਾਂ, ਵਲੀਆਂ, ਪੈਗੰਬਰਾਂ ਨੇ ਦਸਿਆ ਹੈ ਕਿ ਵਾਹਿਗੁਰੂ ਜੀ ਇਕ ਹਨ, ਵਾਹਿਗੁਰੂ ਜੀ ਜੀਵਨ ਹਨ, ਜਗਤ ਰਚਨਾ ਵਿਚ ਸਿਵਾਏ ਵਾਹਿਗੁਰੂ ਜੀ ਦੇ ਹੋਰ ਕੁਝ ਨਹੀਂ - ਸੂਖਮ - ਅਸਥੂਲ, ਸਰਗੁਨ-ਨਿਰਗੁਨ, ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ਜਗਤ ਵਿਚ ਇਕੋ ਵਾਹਿਗੁਰੂ ਜੀ ਹਨ ਅਤੇ ਸਾਇੰਸਦਾਨ ਵੀ ਆਪਣੇ ਬਾਹਰਮੁਖੀ ਤਰੀਕਿਆਂ ਨਾਲ ਉਥੇ ਹੀ ਪਹੁੰਚੇ ਹਨ ਅਤੇ ਆਖ ਰਹੇ ਹਨ ਕਿ ਜਗਤ ਰਚਨਾ ਮਾਦੀ ਨਹੀਂ, ਖਿਆਲੀ ਹੈ, ਇਸ ਦੇ ਅੰਦਰ ਬਾਹਰ ਬੇਅੰਤ ਸ਼ਕਲਾਂ ਵਿਚ ਇਕੋ ਚੇਤਨ ਸ਼ਕਤੀ ਜਾਂ (Life and Will) ਕੰਮ ਕਰ ਰਹੀ ਹੈ ਅਤੇ ਇਸਦੇ ਸਿਵਾ ਹੋਰ ਕੁਝ ਨਹੀਂ।

*ਤੁਧੁ ਬਿਨੁ ਦੂਜਾ ਨਾਹੀ ਕੋਇ॥*





*ਤੂੰ ਕਰਤਾਰੁ ਕਰਹਿ ਸੋ ਹੋਇ॥* ਅੰਗ - 723

ਇਸ ਜੀਵਨ ਦੇ ਬੇਅੰਤ ਹੋਣ ਕਰਕੇ ਇਸ ਦਾ ਮਰਕਜ਼ (centre) ਜਿਥੇ ਉਂਗਲ ਰਖ ਦੇਵੋ, ਉਹੋ ਹੀ ਹੈ। ਇਸ ਕਰਕੇ ਐ ਸਿਮਰਨ ਅਭਿਆਸੀ! ਆਪਣੇ ਅੰਦਰ ਦੇ ਧੁਰ ਮਰਕਜ਼ ਨਾਲ ਜੁੜ ਤੇ ਰੰਗ ਮਾਣ, ਕਿਉਂਕਿ ਇਹੋ ਤੇਰਾ ਜਿਉਂਦਾ ਜਾਗਦਾ ਵਾਹਿਗੁਰੂ ਹੈ।

*ਜਾ ਕੇ ਸੰਗ ਤੇ ਬੀਛੁਰਾ ਤਾ ਹੀ ਕੇ ਸੰਗਿ ਲਾਗੁ॥* ਅੰਗ - 1371

# ਮਨਮਤ ਜਾਂ ਮਨ ਦੇ ਗ਼ਲਤ ਨਿਸਚੇ ਗੁਰਮਤ ਜਾਂ ਗੁਰੂ ਦੇ ਸਚੇ ਤੇ ਸੁਚੇ ਨਿਸਚੇ

ਮਨ ਦੇ ਗ਼ਲਤ ਨਿਸਚੇ -

ਮੈਂ ਸਰੀਰ ਹਾਂ।

ਗੁਰਮੁਤ ਦੇ ਸਚੇ ਤੇ ਸੁਚੇ ਨਿਸਚੇ -

ਤੂੰ ਸਰੀਰ ਨਹੀਂ, ਜੋਤਿ ਹੈ - ਆਤਮਾ ਹੈਂ।

*ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ॥* *ਅੰਗ - 441*

ਮਨ ਦੇ ਗ਼ਲਤ ਨਿਸਚੇ -

ਮੈਂ ਸਰੀਰਾਂ ਦਾ ਪੁਤ੍ਰ ਹਾਂ, ਮੇਰੇ ਮਾਤਾ-ਪਿਤਾ ਵੀ ਸਰੀਰ ਹਨ।

ਗੁਰਮੁਤ ਦੇ ਸਚੇ ਤੇ ਸੁਚੇ ਨਿਸਚੇ -

ਤੇਰੇ ਮਾਤਾ ਪਿਤਾ ਸ੍ਰੀ ਵਾਹਿਗੁਰੂ ਜੀ ਹਨ।

ਤੂੰ ਸ੍ਰੀ ਵਾਹਿਗੁਰੂ ਜੀ ਦਾ ਪੁਤਰ ਹੈਂ।

*ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ॥* *ਅੰਗ - 1144*





*ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥* *ਅੰਗ - 268*

ਮਨ ਦੇ ਗ਼ਲਤ ਨਿਸਚੇ -

ਇਹ ਸਰੀਰ ਮੇਰਾ ਹੈ। ਇਸ ਵਿਚ ਅਕਲ ਸੋਚ ਵਿਚਾਰ ਮੇਰੀ ਹੈ। ਅਕਲ ਨਾਲ ਜੋ ਦੌਲਤ ਕਮਾਈ ਹੈ, ਉਹ ਮੇਰੀ ਹੈ ਅਤੇ ਦੌਲਤ ਨਾਲ ਜੋ ਜਾਇਦਾਦ ਕੋਠੀਆਂ-ਮੋਟਰਾਂ ਆਦਿ ਬਣਾਈਆਂ ਹਨ, ਉਹ ਸਭ ਮੇਰੀਆਂ ਹਨ। ਪਰਵਾਰ ਮੇਰਾ ਹੈ, ਰਸੂਖ ਮੇਰਾ ਹੈ।

ਗੁਰਮੁਤ ਦੇ ਸਚੇ ਤੇ ਸੁਚੇ ਨਿਸਚੇ -

ਇਹ ਸਰੀਰ, ਅਕਲ ਅਤੇ ਦੌਲਤ ਸਭ ਵਾਹਿਗੁਰੂ ਜੀ ਦੀਆਂ ਦਾਤਾਂ ਹਨ। ਜੋ ਕੁਝ ਸਮੇਂ ਲਈ ਵਰਤਣ ਵਾਸਤੇ ਤੈਨੂੰ ਮਿਲੀਆਂ ਹਨ। ਦੌਲਤ ਨਾਲ ਜੋ ਤੂੰ ਜਾਇਦਾਦ ਪੈਦਾ ਕੀਤੀ ਹੈ, ਮੰਦਰ ਤੇ ਮਾੜੀਆਂ ਉਸਾਰੀਆਂ ਹਨ, ਉਹ ਸਭ ਵਾਹਿਗੁਰੂ ਜੀ ਦੇ ਹਨ ਅਤੇ ਤੈਨੂੰ ਕੁਝ ਸਮੇਂ ਲਈ ਰਹਿਣ ਜਾਂ ਵਰਤਣ ਲਈ ਵਾਹਿਗੁਰੂ ਜੀ ਵਲੋਂ ਮਿਲੀਆਂ ਹਨ।

*ਮਨੁ ਤਨੁ ਤੇਰਾ ਧਨੁ ਭੀ ਤੇਰਾ॥*
*ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ॥*
*ਜੀਉ ਪਿੰਡੁ ਸਭੁ ਰਾਸਿ ਤੁਮਾਰੀ*
*ਤੇਰਾ ਜੋਰੁ ਗੋਪਾਲਾ ਜੀਉ॥* *ਅੰਗ - 106*

*ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾ ਤੇਰੇ॥*
*ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ॥*
*ਅੰਗ - 795*

ਮਨ ਦੇ ਗ਼ਲਤ ਨਿਸਚੇ -

ਆਪਣੇ ਕਾਇਮ ਰਖਣ ਦੀ, ਰੋਜ਼ੀ ਪ੍ਰਾਪਤ ਕਰਨ ਦੀ ਜ਼ਿੰਮੇਵਾਰੀ ਮੇਰੇ ਆਪਣੇ ਸਿਰ ਤੇ ਹੈ। ਜੇ ਮੈਂ ਫਿਕਰ ਚਿੰਤਾ ਨਾ ਕਰਾਂ ਤਾਂ ਮੈਨੂੰ ਰੋਜ਼ੀ ਨਹੀਂ ਮਿਲੇਗੀ ਅਤੇ ਮੈਂ ਤੇ ਮੇਰਾ ਪਰਵਾਰ

ਭੁਖਾ ਮਰ ਜਾਵਾਂਗਾ।

ਗੁਰਮੁਤ ਦੇ ਸਚੇ ਤੇ ਸੁਚੇ ਨਿਸਚੇ -

ਤੇਰੇ ਜਨਮ ਤੋਂ ਪਹਿਲੇ ਤੇਰਾ ਰਿਜਕ ਅਤੇ ਤੇਰੇ ਕਾਇਮ ਰਖਣ ਦੇ ਹੋਰ ਸਾਮਾਨ ਵਾਹਿਗੁਰੂ ਜੀ ਨੇ ਪੂਰੇ ਕੀਤੇ ਹੋਏ ਹਨ। ਤੂੰ ਉਦਮ ਕਰ ਪਰ ਤੈਨੂੰ ਚਿੰਤਾ ਫਿਕਰ ਕਰਨ ਦੀ ਕੋਈ ਲੋੜ ਨਹੀਂ।

*ਪਹਿਲੋ ਦੇ ਤੈਂ ਰਿਜਕੁ ਸਮਾਹਾ॥*
*ਪਿਛੋ ਦੇ ਤੈਂ ਜੰਤੁ ਉਪਾਹਾ॥* **ਅੰਗ - 130**

*ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥*
*ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥*
**ਅੰਗ - 955**

*ਸਾਹਿਬੁ ਮੇਰਾ ਮਿਹਰਵਾਨੁ॥ ਜੀਅ ਸਗਲ ਕਉ ਦੇਇ ਦਾਨੁ॥*
**ਅੰਗ - 724**

*ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ॥*
*ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ॥* **ਅੰਗ - 724**

ਮਨ ਦੇ ਗ਼ਲਤ ਨਿਸਚੇ -

ਸੰਸਾਰਕ ਜੀਵਨ ਸਦਾ ਕਾਇਮ ਰਹੇਗਾ। ਮੈਂ ਸਦਾ ਸੰਸਾਰ ਤੇ ਕਾਇਮ ਰਹਾਂਗਾ।

ਗੁਰਮੁਤ ਦੇ ਸਚੇ ਤੇ ਸੁਚੇ ਨਿਸਚੇ -

ਸੰਸਾਰ ਜੀਵਨ ਇਕ ਸਫਰ ਹੈ ਅਤੇ ਤੂੰ ਮੁਸਾਫਰ ਹੈਂ। ਤੂੰ ਕਿਥੋਂ ਚਲਿਆ ਹੈਂ ਅਤੇ ਕਿਤੇ ਪਹੁੰਚਣਾ ਹੈ ਅਤੇ ਇਹ ਸੰਸਾਰ ਤੇਰੇ ਸਫਰ ਵਿਚਕਾਰ ਇਕ ਪੜਾਅ ਹੈ।

*ਬਾਬਾ ਆਇਆ ਹੈ ਉਠਿ ਚਲਣਾ ਅਧ ਪੰਧੈ ਹੈ ਸੰਸਾਰੋਵਾ॥*
**ਅੰਗ - 581**





*ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥*
**ਅੰਗ - 474**

ਮਨ ਦੇ ਗ਼ਲਤ ਨਿਸਚੇ -

ਕਿਉਂਕਿ ਮੈਂ ਸਰੀਰ ਹਾਂ, ਇਸ ਕਰਕੇ ਮੇਰੇ ਤੇ ਬੁਢੇਪਾ ਤੇ ਮੌਤ ਆਉਣੀ ਜ਼ਰੂਰੀ ਹੈ।

ਗੁਰਮੁਤ ਦੇ ਸਚੇ ਤੇ ਸੁਚੇ ਨਿਸਚੇ -

ਸਰੀਰ ਨੂੰ ਜ਼ਰੂਰ ਮੌਤ ਆਵੇਗੀ, ਪਰ ਤੂੰ ਸਰੀਰ ਨਹੀਂ, ਜੋਤ ਹੈਂ।

ਜੋਤ ਮਰ ਨਹੀਂ ਸਕਦੀ, ਅਮਰ ਹੈ।

*ਮਰਣਹਾਰੁ ਇਹ ਜੀਅਰਾ ਨਾਹੀ॥* **ਅੰਗ - 188**

*ਮੂਈ ਸੁਰਤਿ ਬਾਦੁ ਅਹੰਕਾਰੁ॥*
*ਓਹੁ ਨ ਮੂਆ ਜੋ ਦੇਖਨਹਾਰੁ॥* **ਅੰਗ - 152**

ਮਨ ਦੇ ਗ਼ਲਤ ਨਿਸਚੇ -

ਜਗਤ ਵਿਚ ਦੋ ਸ਼ਕਤੀਆਂ ਹਨ - ਇਕ ਨੇਕੀ ਤੇ ਦੂਜੀ ਬਦੀ। ਇਹ ਦੋਵੇਂ ਮਹਾਨ ਤਾਕਤਾਂ ਹਨ, ਜੋ ਇਕ ਦੂਸਰੀ ਤੇ ਸਦਾ ਜਿੱਤ ਪਾਂਦੀਆਂ ਰਹਿੰਦੀਆਂ ਹਨ। ਕਦੀ ਨੇਕੀ ਨੂੰ ਬਦੀ ਜਿੱਤ ਜਾਂਦੀ ਹੈ, ਕਦੀ ਬਦੀ ਉਤੇ ਨੇਕੀ ਜ਼ੋਰ ਪਾ ਲੈਂਦੀ ਹੈ।

ਗੁਰਮੁਤ ਦੇ ਸਚੇ ਤੇ ਸੁਚੇ ਨਿਸਚੇ -

ਜਗਤ ਵਿਚ ਕੇਵਲ ਇਕੋ ਸ਼ਕਤੀ ਹੈ ਅਤੇ ਉਹ ਵਾਹਿਗੁਰੂ ਜੀ ਹਨ। ਸਿਵਾਏ ਵਾਹਿਗੁਰੂ ਜੀ ਦੇ ਹੋਰ ਕੋਈ ਹੈ ਹੀ ਨਹੀਂ।

*ਦੂਜਾ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥*
**ਅੰਗ - 9**

*ਤੁਧੁ ਬਿਨੁ ਦੂਜਾ ਨਾਹੀ ਕੋਈ॥ ਤੂ ਸਮਰਥੁ ਪੂਰਨ ਪਾਰਬ੍ਰਹਮੁ॥*
*ਅੰਗ - 893*

*ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥*
*ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥*
*ਅੰਗ - 276*

*ਆਪਿ ਭਲਾ ਕਰਤੂਤਿ ਅਤਿ ਨੀਕੀ॥* *ਅੰਗ - 294*

*ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥*
*ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥*
*ਅੰਗ - 784*

ਜਗਤ ਵਿਚ ਕੇਵਲ ਵਾਹਿਗੁਰੂ ਜੀ ਹੀ ਹੋਣ ਕਰਕੇ ਕੇਵਲ ਇਕੋ ਹੀ ਸ਼ਕਤੀ ਹੈ ਅਤੇ ਉਹ ਹੈ ਚੰਗਿਆਈ - ਸਚ ਜਾਂ ਨੇਕੀ।

ਵਾਹਿਗੁਰੂ ਜੀ ਸਰਬ ਸ਼ਕਤੀਮਾਨ ਹਨ, ਸਰਬ ਵਿਆਪਕ ਹਨ, ਇਸ ਕਰਕੇ ਵਾਹਿਗੁਰੂ ਜੀ ਦੀ ਚੰਗਿਆਈ ਜਾਂ ਨੇਕੀ ਵੀ ਸਰਬ ਸ਼ਕਤੀਮਾਨ ਅਤੇ ਸਰਬ ਵਿਆਪਕ ਹੈ।

ਬਦੀ - (ਪਾਪ, ਦੁਖ, ਬੀਮਾਰੀ ਅਤੇ ਮੌਤ) ਅਗਿਆਨੀ ਆਦਮੀ ਦੇ ਮਨ ਵਿਚ ਕੇਵਲ ਉਦੋਂ ਤਕ ਹੀ ਭਾਸਦੀ ਤੇ ਡਰਾਂਦੀ ਹੈ, ਜਦ ਤਕ ਅਗਿਆਨੀ ਦੇ ਮਨ ਵਿਚ, ਵਾਹਿਗੁਰੂ ਜੀ ਦੀ ਸਰਬ ਵਿਆਪਕਤਾ ਅਤੇ ਸਰਬ ਸ਼ਕਤੀਮਾਨਤਾ ਦਾ ਗਿਆਨ ਨਾ ਹੋ ਜਾਵੇ। ਗਿਆਨ ਹੋਣ ਤੇ ਅਗਿਆਨੀ ਦੇ ਮਨ ਵਿਚੋਂ ਅਗਿਆਨਤਾ ਉਸੇ ਤਰ੍ਹਾਂ ਅਲੋਪ ਹੋ ਜਾਂਦੀ ਹੈ, ਜਿਵੇਂ ਚਾਨਣ ਦੇ ਆਉਣ ਉਤੇ ਹਨੇਰਾ ਅਲੋਪ ਹੋ ਜਾਂਦਾ ਹੈ।

*ਜਿਉ ਅੰਧੇਰੈ ਦੀਪਕੁ ਬਾਲੀਐ*
*ਤਿਉ ਗੁਰ ਗਿਆਨਿ ਅਗਿਆਨੁ ਤਜਾਇ॥* *ਅੰਗ - 39*





*ਅੰਧਿਆਰੈ ਦੀਪਕ ਆਨਿ ਜਲਾਏ*
*ਗੁਰ ਗਿਆਨ ਗੁਰੂ ਲਿਵ ਲਾਗੇ॥*
*ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ*
*ਘਰਿ ਵਸਤੁ ਲਹੀ ਮਨ ਜਾਗੇ॥* *ਅੰਗ - 172*

ਮਨ ਦੇ ਗ਼ਲਤ ਨਿਸਚੇ -

ਮੈਂ ਪਾਪੀ ਹਾਂ, ਔਗਣਹਾਰ ਹਾਂ, ਮੈਂ ਵਾਹਿਗੁਰੂ ਜੀ ਨੂੰ ਕਿਸ ਤਰ੍ਹਾਂ ਮਿਲ ਸਕਦਾ ਹਾਂ?

ਗੁਰਮਤ ਦੇ ਸਚੇ ਤੇ ਸੁਚੇ ਨਿਸਚੇ -

ਵਾਹਿਗੁਰੂ ਜੀ ਸਾਡੇ ਔਗਣਾਂ ਵਲ ਨਹੀਂ ਤਕਦੇ।

*ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ॥*
*ਅੰਗ - 784*

ਉਹ ਕੇਵਲ ਇਹ ਦੇਖਦੇ ਹਨ ਕਿ ਅਸੀਂ ਉਹਨਾਂ ਤੋਂ ਦਾਤਾਂ ਲੈਣੀਆਂ ਚਾਹੁੰਦੇ ਹਾਂ ਜਾਂ ਉਹਨਾਂ ਨੂੰ ਮਿਲਣਾ ਚਾਹੁੰਦੇ ਹਾਂ।

ਜੇਕਰ ਅਸੀਂ ਇਹ ਜਾਣ ਕੇ ਕਿ ਜਦ ਵਾਹਿਗੁਰੂ ਜੀ ਮਿਲ ਗਏ ਤਾਂ ਉਹਨਾਂ ਦੀਆਂ ਦਾਤਾਂ ਵੀ ਆਪੇ ਹੀ ਮਿਲ ਜਾਣਗੀਆਂ, ਕੇਵਲ ਵਾਹਿਗੁਰੂ ਜੀ ਦੇ ਮਿਲਣ ਵਾਸਤੇ ਸਚੇ ਦਿਲ ਤੋਂ ਅਰਦਾਸ ਬੇਨਤੀਆਂ ਕਰਨ ਲਗ ਜਾਈਏ ਅਤੇ ਨਾਮ ਕੇਵਲ ਨਾਮ ਦੀ ਪ੍ਰਾਪਤੀ ਵਾਸਤੇ ਜਪੀਏ ਤਾਂ ਵਾਹਿਗੁਰੂ ਜੀ ਸਾਨੂੰ ਪਹਿਲੇ ਆਪਣੇ ਔਗੁਣਾ ਨੂੰ ਠੀਕ ਕਰਨ ਦੇ ਮੌਕੇ ਤੇ ਸ਼ਕਤੀ ਬਖਸ਼ਦੇ ਹਨ ਅਤੇ ਜਦ ਅਸੀਂ ਉਹਨਾਂ ਦੇ ਮਿਲਣ ਦੇ ਯੋਗ ਹੋ ਜਾਈਏ ਤਾਂ ਖੁਦ ਆਪ ਆ ਕੇ ਮਿਲਦੇ ਹਨ।

*ਮਿਲਿਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ॥*
*ਅੰਗ - 594*

ਮਨ ਦੇ ਗ਼ਲਤ ਨਿਸਚੇ -

ਵਾਹਿਗੁਰੂ ਜੀ ਦੀ ਪ੍ਰਾਪਤੀ ਮੁਸ਼ਕਿਲ ਹੈ। ਇਸ ਜਨਮ ਵਿਚ ਵਾਹਿਗੁਰੂ ਜੀ ਨੂੰ ਮਿਲਣਾ ਮੇਰੇ ਲਈ ਅਸੰਭਵ ਹੈ।

ਗੁਰਮਤ ਦੇ ਸਚੇ ਤੇ ਸੁਚੇ ਨਿਸਚੇ -

ਤੂੰ ਜਨਮ ਹੀ ਵਾਹਿਗੁਰੂ ਜੀ ਨੂੰ ਮਿਲਣ ਲਈ ਲੀਤਾ ਹੈ ਤੇ ਏਸੇ ਜਨਮ ਵਿਚ ਵਾਹਿਗੁਰੂ ਜੀ ਨੂੰ ਮਿਲ ਸਕਦਾ ਹੈਂ।